@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 28 May 2025

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 28 ਮਈ 2025, 14 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 197, qpatrika@gmail.com ਫੋਨ : 9971359517 www.qaumipatrika.org

## ਰਜਿਸਟਰੀ ਸਿਸਟਮ ਦੀ ਸ਼ੁਰੂਆਤ ਮੌਕੇ ਅਰਵਿੰਦ ਕੇਜਰੀਵਾਲ ਨੇ ਦਿੱਤਾ ਵੱਡਾ ਬਿਆਨ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਜਲੰਧਰ/ਮੋਹਾਲੀ 28 ਮਈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਮੋਹਾਲੀ ਵਿਖੇ ਪੰਜਾਬ ਵਾਸੀਆਂ ਨੂੰ ਵੱਡਾ ਤੋਹਫ਼ਾ ਦਿੰਦੇ ਹੋਏ ਈਜ਼ੀ ਰਜਿਸਟਰੀ ਸਿਸਟਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਮੀਡੀਆ ਨੂੰ ਸੰਬੋਧਨ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਅੱਜ ਦਾ ਦਿਨ ਬੇਹੱਦ ਇਤਿਹਾਸਕ ਹੈ ਅਤੇ ਅੱਜ ਤੋਂ ਰਜਿਸਟਰੀਆਂ ਕਰਾਉਣੀਆਂ ਸੌਖੀਆਂ ਹੋ ਜਾਣਗੀਆਂ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਲੋਕਾਂ ਨੂੰ ਹੁਣ ਦਫ਼ਤਰਾਂ 'ਚ ਖੱਜਲ-ਖੁਆਰ ਨਹੀਂ ਹੋਣਾ ਪਵੇਗਾ ਅਤੇ ਨਾ ਹੀ ਏਜੰਟਾਂ ਜਾਂ ਵਿਚੋਲਿਆਂ ਨਾਲ ਵਾਹ ਪਵੇਗਾ, ਕਿਉਂਕਿ ਹੁਣ ਸ਼ੁਰੂ ਤੋਂ ਲੈ ਕੇ ਅੰਤ ਤਕ ਹਰ ਜਾਣਕਾਰੀ ਮੋਬਾਇਲ 'ਤੇ ਮਿਲਿਆ ਕਰੇਗੀ ਅਤੇ ਇਹ ਪ੍ਰਣਾਲੀ ਤੇਜ਼ ਅਤੇ ਪਾਰਦਰਸ਼ੀ ਹੋਵੇਗੀ। ਇਸ ਪ੍ਰਾਜੈਕਟ ਦੀ ਸ਼ੁਰੂਆਤ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਲੋਕਾਂ ਨੂੰ ਜ਼ਮੀਨ-ਜਾਇਦਾਦ ਦੀ ਰਜਿਸਟਰੀ ਲਈ ਹੁਣ ਸਥਾਨਕ ਸਬ-ਰਜਿਸਟਰਾਰ ਦਫ਼ਤਰ 'ਚ ਜਾਣ ਦੀ ਲੋੜ ਨਹੀਂ ਸਗੋਂ ਜਿੱਥੇ ਚਾਹੁਣ ਜ਼ਿਲ੍ਹੇ ਦੇ ਕਿਸੇ ਵੀ ਸਬ-ਰਜਿਸਟਰਾਰ ਦਫ਼ਤਰ 'ਚ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਦਸਤਾਵੇਜ਼ ਤਿਆਰ ਕਰਨ ਲਈ ਹੈਲਪਲਾਈਨ ਨੰਬਰ 1076 ਰਾਹੀਂ ਸੇਵਾ ਸਹਾਇਕਾਂ ਨੂੰ ਘਰ ਵੀ ਬੁਲਾਇਆ ਜਾ ਸਕਦਾ ਹੈ। ਇਸ ਨਾਲ ਪੇਂਡੂ ਪਰਿਵਾਰਾਂ, ਸੀਨੀਅਰ ਨਾਗਰਿਕਾਂ, ਕੰਮਕਾਜ ਵਾਲੇ ਪੇਸ਼ੇਵਰਾਂ ਅਤੇ ਬਾਹਰ ਨਾ ਜਾ ਸਕਣ ਵਾਲਿਆਂ ਨੂੰ ਵੱਡੀ ਸਹੂਲਤ ਮਿਲੇਗੀ। ਕੇਜਰੀਵਾਲ ਨੇ ਕਿਹਾ ਕਿ ਪਹਿਲਾਂ ਕੋਈ ਤਹਿਸੀਲਦਾਰ ਦੇ ਦਫ਼ਤਰ ਵਿਚੋਂ ਨਿਕਲਦਾ ਸੀ ਤਾਂ ਪਤਾ ਲੱਗਦਾ ਸੀ ਕਿ ਉਕਤ ਵਿਅਕਤੀ ਨੂੰ ਤਹਿਸੀਲਦਾਰ ਵੱਲੋਂ ਪੂਰੀ ਤਰ੍ਹਾਂ ਨਿਚੋੜਿਆ ਗਿਆ ਹੈ ਅੱਜ ਲੋਕਾਂ ਦੇ ਚਿਹਰੇ ਦੀ ਖ਼ੁਸ਼ੀ ਦੱਸਦੀ ਹੈ ਕਿ ਹੁਣ ਵਿਵਸਥਾ ਬਦਲ ਗਈ ਹੈ। ਈਜ਼ੀ ਰਜਿਸਟਰੀ ਜ਼ਰੀਏ ਹੁਣ ਲੋਕ ਕਿਸੇ ਵੀ ਰਜਿਸਟਰਾਰ ਕੋਲ ਜਾ ਸਕਦੇ ਹਨ। ਇਸ ਨਾਲ ਸਰਕਾਰ ਨੂੰ ਵੀ ਪਤਾ ਲੱਗੇਗਾ ਕਿ ਸਭ ਤੋਂ ਵੱਧ ਭੀੜ ਕਿਹੜੇ ਰਜਿਸਟਰਾਰ ਦੇ ਕੋਲ ਹੈ ਅਤੇ ਕਿੱਥੇ ਵਧੀਆ ਕੰਮ ਹੋ ਰਿਹਾ ਹੈ। ਕੇਜਰੀਵਾਲ ਨੇ ਕਿਹਾ ਕਿ ਹੁਣ ਲੋਕਾਂ ਨੂੰ ਰਜਿਸਟਰੀ ਕਰਵਾਉਣ ਵਿਚ ਨਾ ਤਾਂ ਕੋਈ ਦੇਰੀ ਹੋਵੇਗੀ ਅਤੇ ਨਾ ਹੀ ਭ੍ਰਿਸ਼ਟਾਚਾਰ। 48 ਘੰਟਿਆਂ ਦੇ ਵਿਚ ਦਸਤਾਵੇਜ਼ਾਂ ਦੀ ਆਨਲਾਈਨ ਸ਼ੁਰੂਆਤ ਹੋਵੇਗੀ। ਉਨ੍ਹਾਂ ਕਿਹਾ ਕਿ ਮੋਹਾਲੀ ਵਿਚ ਪਿਛਲੇ 15 ਦਿਨਾਂ ਤੋਂ ਇਹ ਪਾਇਲਟ ਪ੍ਰਾਜੈਕਟ ਚੱਲ ਰਿਹਾ ਸੀ। ਅਸੀਂ ਵੇਖਣਾ ਚਾਹੁੰਦਾ ਸੀ ਕਿ ਆਮ ਆਦਮੀ ਨਾਲ ਕਿਹੋ-ਜਿਹਾ ਵਿਵਹਾਰ ਕੀਤਾ ਜਾ ਰਿਹਾ ਸੀ। ਮੋਹਾਲੀ ਵਿਚ ਸਿਸਟਮ ਵਧੀਆ ਚੱਲ ਰਿਹਾ ਸੀ। ਹੁਣ 15 ਜੁਲਾਈ ਤੱਕ ਪੂਰੇ ਪੰਜਾਬ ਵਿਚ ਇਹ ਸਿਸਟਮ ਚਾਲੂ ਕਰ ਦਿੱਤਾ ਜਾਵੇਗਾ। ਇਕ ਅਗਸਤ ਨੂੰ ਪੰਜਾਬ ਵਿਚ ਟਰਾਇਲ ਚੱਲੇਗਾ ਅਤੇ ਫਿਰ ਤੋਂ ਪੂਰੇ ਪੰਜਾਬ ਵਿਚ ਇਸ ਨੂੰ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਕ ਦਿਨ ਅਜਿਹਾ ਆਵੇਗਾ ਕਿ ਪੂਰੇ ਦੇਸ਼ ਭਰ ਵਿਚ ਇਹ ਤਹਿਸੀਲ ਸਿਸਟਮ ਲਾਗੂ ਹੋਵੇਗਾ। ਇਸ ਨਾਲ ਭ੍ਰਿਸ਼ਟਾਚਾਰ 'ਤੇ ਵੀ ਨਕੇਲ ਕੱਸੀ ਜਾਵੇਗੀ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਨਵੀਂ ਪ੍ਰਣਾਲੀ ਤਹਿਤ ਲੋਕਾਂ ਨੂੰ ਰਜਿਸਟਰੀ ਲਈ ਦਸਤਾਵੇਜ਼ ਜਮ?ਹਾ ਕਰਵਾਉਣ, ਪ੍ਰਵਾਨਗੀ, ਅਦਾਇਗੀ ਅਤੇ ਦਫ਼ਤਰ ਆਉਣ ਦਾ ਸਮਾਂ ਲੈਣ ਜਿਹੀ ਸਾਰੀ ਜਾਣਕਾਰੀ ਵਟਸਐਪ ਰਾਹੀਂ ਮਿਲਿਆ ਕਰੇਗੀ ਤਾਂ ਕਿ ਉਹ ਪਲ-ਪਲ ਦੀ ਸੂਚਨਾ ਬਾਰੇ ਜਾਣੂ ਹੋ ਸਕਣ। ਉਨ੍ਹਾਂ ਕਿਹਾ ਕਿ ਆਨਲਾਈਨ ਦਸਤਾਵੇਜ਼ ਜਮ?ਹਾਂ ਕਰਵਾਉਣ, ਡਿਜੀਟਲ ਵਿਧੀ ਨਾਲ ਅਗਾਊਂ ਪੜਤਾਲ ਕਰਨ ਅਤੇ ਰਜਿਸਟਰੀ ਲਈ ਸਬ-ਰਜਿਸਟਰਾਰ ਦਫ਼ਤਰ ਜਾਣ ਲਈ ਖ਼ੁਦ ਹੀ ਸਮੇਂ ਦੀ ਚੋਣ ਕਰਨ ਵਰਗੀਆਂ ਸਹੂਲਤਾਂ ਹੋਣਗੀਆਂ ਅਤੇ ਕਿਸੇ ਵੀ ਨਾਗਰਿਕ ਨੂੰ ਹੁਣ ਲੰਮੀਆਂ ਲਾਈਨਾਂ 'ਚ ਲੱਗਣ ਅਤੇ ਦਫ਼ਤਰਾਂ ਦੇ ਵਾਰ-ਵਾਰ ਗੇੜੇ ਮਾਰਨ ਦੀ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ 48 ਘੰਟਿਆਂ ਦੇ ਅੰਦਰ ਅਗਾਊਂ ਪੜਤਾਲ ਕਰਨੀ ਹੋਵੇਗੀ ਅਤੇ ਰਜਿਸਟਰੀ ਕਰਵਾਉਣ ਲਈ ਉਡੀਕ ਨਹੀਂ ਕਰਨੀ ਪੇਵਗੀ, ਸਗੋਂ ਰਜਿਸਟਰੀ ਪਹਿਲਾਂ ਤੋਂ ਨਿਰਧਾਰਤ ਸਮੇਂ 'ਤੇ ਹੋਵੇਗੀ ਜਿਸ ਨਾਲ ਲੋਕਾਂ ਦਾ ਸਮਾਂ ਬਚੇਗਾ। ਉਨ੍ਹਾਂ ਕਿਹਾ ਕਿ ਇਸ ਵਿਵਸਥਾ ਨਾਲ ਏਜੰਟ ਕਲਚਰ ਦਾ ਖ਼ਾਤਮਾ ਹੋ ਗਿਆ ਹੈ, ਕਿਉਂਕਿ ਹੁਣ ਨਗਦੀ ਦੀ ਬਜਾਏ ਆਨਲਾਈਨ ਫ਼ੀਸ ਦਾ ਭੁਗਤਾਨ ਹੋਵੇਗਾ ਅਤੇ ਰਿਸ਼ਵਤ ਮੰਗਣ ਬਾਰੇ ਸ਼ਿਕਾਇਤ ਦੇਣ ਲਈ ਵਟਸਐਪ ਨੰਬਰ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੇਲ ਡੀਡ ਦਾ ਖਰੜਾ ਖ਼ੁਦ ਤਿਆਰ ਕਰਨ ਦੀ ਵਿਵਸਥਾ ਕੀਤੀ ਗਈ ਹੈ।




## ਸੀ. ਬੀ. ਆਈ. ਦੀ ਚਾਰਜਸ਼ੀਟ 'ਤੇ ਬੋਲੇ ਸੱਤਿਆਪਾਲ ਮਲਿਕ- 'ਮੈਂ ਕਰਜ਼ੇ 'ਚ ਡੁੱਬਾ ਹੋਇਆ ਹਾਂ'

ਨਵੀਂ ਦਿੱਲੀ 28 ਮਈ। ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਜੋ ਪਿਛਲੇ 2 ਹਫ਼ਤਿਆਂ ਤੋਂ ਦਿੱਲੀ ਦੇ ਰਾਮ ਮਨੋਹਰ ਲੋਹੀਆ ਹਸਪਤਾਲ 'ਚ ਦਾਖਲ ਹਨ, ਨੇ ਸੀ.ਬੀ.ਆਈ. ਵੱਲੋਂ ਚਾਰਜਸ਼ੀਟ ਦਾਇਰ ਕਰਨ ਦੇ ਮਾਮਲੇ 'ਚ ਐਤਵਾਰ ਪ੍ਰਤੀਕ੍ਰਿਆ ਦਿੱਤੀ। ਉਨ੍ਹਾਂ ਸੀ. ਬੀ. ਆਈ. ਅਤੇ ਈ. ਡੀ. ਨੂੰ ਝੂਠੇ ਦੋਸ਼ ਨਾ ਲਾਉਣ ਦੀ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਉਹ ਅਜੇ ਵੀ ਇਕ ਕਮਰੇ ਵਾਲੇ ਘਰ 'ਚ ਰਹਿ ਰਹੇ ਹਨ । ਉਨ੍ਹਾਂ 'ਤੇ ਕਰਜ਼ਾ ਵੀ ਹੈ। ਕਿਰੂ ਪਣਬਿਜਲੀ ਪ੍ਰਾਜੈਕਟ ਨਾਲ ਸਬੰਧਤ ਇਕ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਸੀ. ਬੀ. ਆਈ. ਨੇ ਕੁਝ ਦਿਨ ਪਹਿਲਾਂ ਮਲਿਕ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਸੀ। ਉਸ ਤੋਂ ਬਾਅਦ



ਸਾਬਕਾ ਰਾਜਪਾਲ ਨੇ ਫਿਰ ਇਕ ਫੋਟੋ ਸਾਂਝੀ ਕੀਤੀ ਜਿਸ 'ਚ ਕਿਹਾ ਗਿਆ ਕਿ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮਲਿਕ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਤੇ ਲਿਖਿਆ,''ਮੈਨੂੰ ਲਗਭਗ 2 ਹਫ਼ਤੇ ਪਹਿਲਾਂ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਦੋ ਦਿਨ ਪਹਿਲਾਂ ਮੈਨੂੰ ਮੋਦੀ ਸਰਕਾਰ ਦੀ ਏਜੰਸੀ ਸੀ. ਬੀ. ਆਈ. ਨੇ ਗ੍ਰਿਫ਼ਤਾਰ ਕਰ ਲਿਆ। ਉਸ ਨੇ ਮੇਰੇ ਖਿਲਾਫ ਚਾਰਜਸ਼ੀਟ ਦਾਇਰ ਕੀਤੀ ਹੈ। ਮੈਂ ਦੇਸ਼ ਵਾਸੀਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਕ ਕਿਸਾਨ ਦਾ ਪੁੱਤਰ ਹਾਂ ਤੇ ਕਿਸਾਨਾਂ ਦੇ ਮਸੀਹਾ ਸਵਰਗੀ ਚੌਧਰੀ ਚਰਨ ਸਿੰਘ ਵੱਲੋਂ ਸਥਾਪਿਤ ਸਿਧਾਂਤਾਂ ਦੀ ਪਾਲਣਾ ਕਰ ਕੇ ਆਪਣੇ ਸਿਆਸੀ ਕਰੀਅਰ 'ਚ ਪੂਰੀ ਤਰ੍ਹਾਂ ਇਮਾਨਦਾਰ ਰਿਹਾ ਹਾਂ। ਮੈਂ ਚਾਰਜਸ਼ੀਟ ਤੋਂ ਨਹੀਂ ਡਰਦਾ। ਜਿਸ ਚਾਰਜਸ਼ੀਟ 'ਚ ਮੈਨੂੰ ਫਸਾਇਆ ਜਾ ਰਿਹਾ ਹੈ, ਉਸ ਦੇ ਟੈਂਡਰ ਬਾਰੇ ਮੈਂ ਖ਼ੁਦ ਪ੍ਰਧਾਨ ਮੰਤਰੀ ਮੋਦੀ ਨੂੰ ਦੱਸਿਆ ਸੀ। ਮੈਂ ਉਸ ਨੂੰ ਕੈਂਸਲ ਕਰ ਦਿੱਤਾ ਸੀ। ਮੇਰੇ ਤਬਾਦਲੇ ਤੋਂ ਬਾਅਦ ਇਹ ਟੈਂਡਰ ਫਿਰ ਲਾਇਆ ਗਿਆ।'' ਉਨ੍ਹਾਂ ਕਿਹਾ ਕਿ ਮੋਦੀ ਜੀ ਅਤੇ ਸੀ.ਬੀ.ਆਈ. ਵਾਲੇ ਲੋਕਾਂ ਨੂੰ ਦੱਸਣ ਕਿ ਜਿਸ ਭ੍ਰਿਸ਼ਟਾਚਾਰ ਬਾਰੇ ਮੈਂ ਦੋਵਾਂ ਨੂੰ ਦੱਸਿਆ ਸੀ, ਉਸ ਦੀ ਜਾਂਚ ਕਿੱਥੇ ਤੱਕ ਪਹੁੰਚੀ ਹੈ?

## ਯੂਟਿਊਬਰ ਜੋਤੀ ਮਲਹੋਤਰਾ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜਿਆ

ਨੈਸ਼ਨਲ ਡੈਸਕ 28 ਮਈ। ਹਰਿਆਣਾ ਦੀ ਹਿਸਾਰ ਅਦਾਲਤ ਨੇ ਯੂਟਿਊਬਰ ਜੋਤੀ ਮਲਹੋਤਰਾ ਨੂੰ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਪੁਲਸ ਰਿਮਾਂਡ ਦੀ ਮਿਆਦ ਖਤਮ ਹੋਣ ਤੋਂ ਬਾਅਦ ਉਸਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਉਸਨੂੰ ਜੇਲ੍ਹ ਭੇਜਣ ਦਾ ਹੁਕਮ ਦਿੱਤਾ ਗਿਆ। ਜੋਤੀ ਮਲਹੋਤਰਾ ਤੋਂ ਹੁਣ ਤੱਕ ਦੀ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਉਹ ਚਾਰ ਪੀਆਈਓਜ਼ ਦੇ ਸੰਪਰਕ ਵਿੱਚ ਸੀ। ਪਿਛਲੀ ਵਾਰ ਜਦੋਂ ਪੁਲਸ ਨੇ ਜੋਤੀ ਮਲਹੋਤਰਾ ਨੂੰ ਅਦਾਲਤ ਵਿੱਚ ਪੇਸ਼ ਕੀਤਾ ਸੀ। ਫਿਰ ਅਦਾਲਤ ਨੇ ਜੋਤੀ ਦੇ ਰਿਮਾਂਡ ਵਿੱਚ ਚਾਰ ਦਿਨ ਦਾ ਵਾਧਾ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਅਦਾਲਤ ਨੇ ਜੋਤੀ ਨੂੰ ਪੰਜ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਸੀ। 9 ਦਿਨਾਂ ਦੇ ਕੁੱਲ ਪੁਲਿਸ ਰਿਮਾਂਡ ਤੋਂ ਬਾਅਦ, ਅਦਾਲਤ ਨੇ ਹੁਣ ਜੋਤੀ ਮਲਹੋਤਰਾ ਨੂੰ 14 ਦਿਨਾਂ ਲਈ ਜੇਲ੍ਹ ਭੇਜ ਦਿੱਤਾ ਹੈ।

## ਦੇਸ਼ 'ਚ ਬਣਨਗੇ 5ਵੀਂ ਪੀੜ੍ਹੀ ਦੇ ਸਟੀਲਥ ਫਾਈਟਰ ਜੈੱਟ, ਰਾਜਨਾਥ ਨੇ ਦਿੱਤੀ ਸਵਦੇਸ਼ੀ ਪ੍ਰੋਗਰਾਮ ਨੂੰ ਮਨਜ਼ੂਰੀ

ਨਵੀਂ ਦਿੱਲੀ 27 ਮਈ। ਅਤਿ-ਆਧੁਨਿਕ ਜੰਗੀ ਜਹਾਜ਼ਾਂ ਦੀ ਘਾਟ ਦਾ ਸਾਹਮਣਾ ਕਰ ਰਹੀ ਹਵਾਈ ਫੌਜ ਦੀ ਮਾਰੂ ਸ਼ਕਤੀ ਵਧਾਉਣ ਦੀ ਦਿਸ਼ਾ ਵੱਲ ਵੱਡਾ ਕਦਮ ਚੁੱਕਦੇ ਹੋਏ ਸਰਕਾਰ ਨੇ ਪੰਜਵੀਂ ਪੀੜ੍ਹੀ ਦੇ 'ਮੀਡੀਅਮ ਵੇਟ ਐਡਵਾਂਸਡ ਕੰਬੈਟ ਏਅਰਕ੍ਰਾਫਟ' (ਏ. ਐੱਮ. ਸੀ. ਏ.) ਨੂੰ ਦੇਸ਼ 'ਚ ਹੀ ਬਣਾਉਣ ਦੇ ਪ੍ਰੋਗਰਾਮ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰੱਖਿਆ ਮੰਤਰਾਲਾ ਨੇ ਮੰਗਲਵਾਰ ਨੂੰ ਇੱਥੇ ਦੱਸਿਆ ਕਿ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਆਪ੍ਰੇਸ਼ਨ ਸਿੰਧੂਰ ਤੋਂ ਬਾਅਦ ਰੱਖਿਆ ਖੇਤਰ ਦੇ ਇਸ ਅਭਿਲਾਸ਼ੀ ਪ੍ਰੋਗਰਾਮ ਨੂੰ ਹਰੀ ਝੰਡੀ ਦੇ ਦਿੱਤੀ ਹੈ। ਭਾਰਤ ਆਪਣੀ ਹਵਾਈ ਸ਼ਕਤੀ ਸਮਰੱਥਾ ਨੂੰ ਵਧਾਉਣ ਲਈ ਉੱਨਤ 'ਸਟੀਲਥ' (ਅਜਿਹੇ ਜਹਾਜ਼ ਜਿਨ੍ਹਾਂ ਦੀ ਹਵਾਈ ਖੇਤਰ 'ਚ ਮੌਜੂਦਗੀ ਦਾ ਪਤਾ ਲਾਉਣਾ ਮੁਸ਼ਕਿਲ ਹੁੰਦਾ ਹੈ) ਵਿਸ਼ੇਸ਼ਤਾਵਾਂ ਵਾਲੇ ਅਤੇ ਦੁਸ਼ਮਣ ਦੇ ਖੇਤਰ ਦੇ ਅੰਦਰ ਤੱਕ ਜਾ ਕੇ ਟੀਚੇ ਨੂੰ ਹਾਸਲ ਕਰਨ ਵਾਲੇ ਦਰਮਿਆਨੇ ਭਾਰ ਵਾਲੇ ਜੰਗੀ ਜਹਾਜ਼ ਬਣਾਉਣ ਦੇ ਅਭਿਲਾਸ਼ੀ ਪ੍ਰਾਜੈਕਟ ਏ. ਐੱਮ. ਸੀ. ਏ. 'ਤੇ ਕੰਮ ਕਰ ਰਿਹਾ ਹੈ। ਇਸ ਪ੍ਰਾਜੈਕਟ ਦੀ ਸ਼ੁਰੂਆਤੀ ਵਿਕਾਸ ਲਾਗਤ ਲੱਗਭਗ 15,000 ਕਰੋੜ ਰੁਪਏ ਦੱਸੀ ਗਈ ਹੈ। ਹਲਕੇ ਲੜਾਕੂ ਜਹਾਜ਼ ਵਿਕਸਿਤ ਕਰਨ ਤੋਂ ਬਾਅਦ ਏ. ਐੱਮ. ਸੀ. ਏ. ਵਿਕਸਿਤ ਕਰਨ ਨੂੰ ਲੈ ਕੇ ਭਾਰਤ ਦਾ ਵਿਸ਼ਵਾਸ ਕਾਫ਼ੀ ਵਧ ਗਿਆ ਹੈ।

## 1984 ਦੇ ਸਿੱਖ ਦੰਗਾ ਪੀੜਤਾਂ ਦੇ ਪਰਿਵਾਰਾਂ ਨੂੰ ਦਿੱਲੀ ਸਰਕਾਰ ਨੇ ਵੰਡੇ ਨਿਯੁਕਤੀ ਪੱਤਰ

ਏਜੰਸੀਆਂ

ਨਵੀਂ ਦਿੱਲੀ 27 ਮਈ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਅੱਜ 1984 ਦੇ ਸਿੱਖ ਦੰਗਿਆਂ ਦੇ ਪੀੜਤਾਂ ਦੇ ਪਰਿਵਾਰਾਂ ਨੂੰ ਨਿਯੁਕਤੀ ਪੱਤਰ ਵੰਡੇ। ਇਸ ਦੌਰਾਨ ਮੰਤਰੀ ਮਨਜਿੰਦਰ ਸਿੰਘ ਸਿਰਸਾ ਵੀ ਉਨ੍ਹਾਂ ਨਾਲ ਮੌਜੂਦ ਸਨ। ਮੁੱਖ ਮੰਤਰੀ ਨੇ ਕਿਹਾ ਕਿ ਜਿਸ ਤਰ੍ਹਾਂ 1984 ਵਿੱਚ ਦੇ ਦੰਗਿਆਂ ਵਿੱਚ ਕਤਲੇਆਮ ਹੋਇਆ, ਸਾਰਿਆਂ ਨੇ ਅੱਜ ਤੱਕ ਸਬਰ ਰੱਖਿਆ ਹੈ। ਦੰਗਾ ਪੀੜਤਾਂ ਨੂੰ ਨੌਕਰੀਆਂ ਮਿਲਣ ਵਿਚ ਜੋ ਦੇਰੀ ਹੋਈ ਹੈ, ਉਸ ਲਈ ਮੁੱਖ ਮੰਤਰੀ ਰੇਖਾ ਗੁਪਤਾ ਨੇ ਦਿੱਲੀ ਦੀ ਮੁੱਖ ਮੰਤਰੀ ਹੋਣ ਦੇ ਨਾਤੇ ਸਾਰਿਆਂ ਤੋਂ ਮੁਆਫ਼ੀ ਮੰਗੀ। ਮੁੱਖ ਮੰਤਰੀ ਨੇ ਕਿਹਾ ਕਿ 1984 ਤੋਂ ਲੈ ਕੇ ਹੁਣ ਤੱਕ ਕਿਸੇ ਵੀ ਸਰਕਾਰ ਨੇ ਇਨ੍ਹਾਂ ਪਰਿਵਾਰਾਂ ਦੀ ਕੋਈ ਮਦਦ ਨਹੀਂ ਕੀਤੀ, ਜੋ ਦਿੱਲੀ ਦੇ ਸਾਡੇ ਸਿੱਖ ਭਰਾਵਾਂ ਲਈ ਬਹੁਤ ਦੁਖਦਾਈ ਅਤੇ ਨਿਰਾਸ਼ਾਜਨਕ ਸੀ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਮੈਨੂੰ ਇਹ ਦੇਖ ਕੇ ਬਹੁਤ ਰਾਹਤ ਮਹਿਸੂਸ ਹੋ ਰਹੀ ਹੈ ਕਿ 1984 ਦੇ ਦੰਗਾ ਪੀੜਤਾਂ ਦੇ 125 ਪਰਿਵਾਰਾਂ ਲਈ ਨੌਕਰੀਆਂ ਦੀਆਂ ਨਿਯੁਕਤੀਆਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ 19 ਪਹਿਲਾਂ ਹੀ ਉਨ੍ਹਾਂ ਦੇ ਅਹੁਦਿਆਂ 'ਤੇ ਨਿਯੁਕਤ ਕੀਤੇ ਜਾ ਚੁੱਕੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਨੇ ਉਨ੍ਹਾਂ ਕਸ਼ਮੀਰੀ ਨਾਗਰਿਕਾਂ ਨੂੰ ਵੀ ਛੋਟ ਦੇਣੀ ਸ਼ੁਰੂ ਕਰ ਦਿੱਤੀ, ਜੋ ਆਪਣੇ ਘਰ ਛੱਡ ਕੇ ਭਟਕ ਰਹੇ ਸਨ। ਉਹਨਾਂ ਕਿਹਾ ਕਿ ਦਿੱਲੀ ਸਰਕਾਰ ਐਮਰਜੈਂਸੀ ਦੌਰਾਨ ਜੇਲ੍ਹ ਜਾਣ ਵਾਲਿਆਂ ਅਤੇ ਆਜ਼ਾਦੀ ਘੁਲਾਟੀਆਂ ਨੂੰ ਵੀ ਪੈਨਸ਼ਨ ਵੀ ਦੇਵੇਗੀ। ਇਸ ਮੌਕੇ ਮੰਤਰੀ ਮਨਜਿੰਦਰ ਸਿੰਘ ਸਿਰਸਾ ਨੇ ਬੋਲਦੇ ਹੋਏ ਕਿਹਾ ਲਗਭਗ 600 ਪਰਿਵਾਰ ਅਜਿਹੇ ਹਨ, ਜੋ 1984 ਤੋਂ ਲਗਭਗ 40 ਸਾਲਾਂ ਤੋਂ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ, ਕਾਂਗਰਸ ਨੇ ਉਨ੍ਹਾਂ ਦੇ ਰੁਜ਼ਗਾਰ ਦੇ ਮੌਕੇ ਰੋਕ ਦਿੱਤੇ। ਚਾਲੀ ਸਾਲਾਂ ਤੱਕ ਸੰਘਰਸ਼ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪਰਿਵਾਰਾਂ ਨੂੰ ਨੌਕਰੀਆਂ ਦੇਣ ਦਾ ਫ਼ੈਸਲਾ ਲਿਆ ਗਿਆ।



## ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਡਿਪਟੀ ਕਮਿਸ਼ਨਰਾਂ ਨੂੰ ਮਾਨਸੂਨ ਤੋਂ ਪਹਿਲਾਂ ਡਰੇਨਾਂ ਦੀ ਸਫਾਈ ਨੂੰ ਪ੍ਰਾਥਮਿਕਤਾ ਆਧਾਰ 'ਤੇ ਯਕੀਨੀ ਕਰਨ ਦੇ ਦਿੱਤੇ ਨਿਰਦੇਸ਼

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਚੰਡੀਗੜ੍ਹ, 27 ਮਈ: ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਜਿਲ੍ਹਿਆਂ ਵਿੱਚ ਹੜ੍ਹ ਸੁਰੱਖਿਆ ਯਤਨਾਂ ਦੀ ਨਿਗਰਾਨੀ ਕਰ ਰਹੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣੇ-ਆਪਣੇ ਜਿਲ੍ਹਿਆਂ ਵਿੱਚ ਮਾਨਸੂਨ ਸੀਜਨ ਤੋਂ ਪਹਿਲਾਂ ਡੇ?ਰਨਾਂ ਦੀ ਸਫਾਈ ਨੂੰ ਸਰਵੋਚ ਪ੍ਰਾਥਮਿਕਤਾ ਦੇਣਾ ਯਕੀਨੀ ਕਰਨ। ਉਨ੍ਹਾਂ ਨੇ ਇਸ ਕੰਮ ਲਈ ਉਨ੍ਹਾਂ ਨੂੰ ਤੁਰੰਤ ਇੱਕ ਸ਼ੈਡੀਯੂਲ ਬਨਾਉਣ ਅਤੇ ਕਾਰਜ ਦੀ ਨਿਗਰਾਨੀ ਲਈ ਆਪਣੇ ਸੁਬੋਰਡੀਨੇਟ ਅਧਿਕਾਰੀਆਂ ਨੂੰ ਨਿਯੁਕਤ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਡ?ਰੇਨ ਦੀ ਸਫਾਈ ਦਾ ਕੰਮ ਹਰ ਹਾਲ ਵਿੱਚ 15 ਜੂਨ, 2025 ਤੋਂ ਪਹਿਲਾਂ ਪੂਰਾ ਹੋ ਸਕੇ। ਇਸ ਤੋਂ ਇਲਾਵਾ, ਫੀਲਡ ਵਿੱਚ ਕੰਮ ਕਰ ਰਹੇ ਸਾਰੇ ਸੁਪਰਡੈਂਟ ਇੰਜੀਨੀਅਰਾਂ ਨੂੰ ਇਹ ਯਕੀਨੀ ਕਰਨਾ ਹੋਵੇਗਾ ਕਿ ਉਨ੍ਹਾਂ ਦੇ ਸਬੰਧਿਤ ਖੇਤਰਾਂ ਵਿੱਚ ਡੇ?ਰਨਾਂ ਦੀ ਸਫਾਈ ਸਹੀ ਤਰ੍ਹਾ ਨਾਲ ਕੀਤੀ ਜਾਵੇ। ਮੁੱਖ ਮੰਤਰੀ ਅੱਜ ਇੱਥੇ ਸਿੰਚਾਈ ਅਤੇ ਜਲ੍ਹ ਸੰਸਾਧਨ ਵਿਭਾਗ ਅਤੇ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਘੱਟ ਸਮੇਂ ਲਈ ਹੜ੍ਹ ਸੁਰੱਖਿਆ ਕੰਮਾਂ ਅਤੇ ਡੇ?ਰਨਾਂ ਦੀ ਅੰਦੂਰਣੀ ਸਫਾਈ ਦੀ ਪ੍ਰਗਤੀ ਦੀ ਸਮੀਖਿਆ ਲਈ ਪ੍ਰਬੰਧਿਤ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਡ?ਰੇਨਾਂ ਦੀ ਅੰਦੂਰਣੀ ਸਫਾਈ ਦੀ ਮੌਜੂਦਾ ਗਤੀ 'ਤੇ ਚਿੰਤਾ ਵਿਅਕਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਮਾਨਸੂਨ ਆਉਣ ਵਿੱਚ ਬਹੁਤ ਘੱਟ ਸਮਾਂ ਬਚਿਆ ਹੈ ਅਤੇ ਹੁਣੀ ਇਹ ਕੰਮ ਬਾਕੀ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਪਸ਼ਟ ਸਮੇਂ-ਸੀਮਾ ਨਿਰਧਾਰਿਤ ਕਰਦੇ ਹੋਏ ਇਸ ਸਬੰਧ ਵਿੱਚ ਸਾਰੇ ਪੈਂਡਿੰਗ ਕੰਮਾਂ ਨੂੰ ਬਿਨ੍ਹਾਂ ਦੇਰੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਹੋਰ ਪ੍ਰਸ਼ਾਸ਼ਨਿਕ ਸਕੱਤਰਾਂ ਦੇ ਨਾਲ 10 ਜੂਨ ਨੂੰ ਫਿਰ ਤੋਂ ਇਸ ਕੰਮ ਪ੍ਰਗਤੀ ਦੀ ਸਮੀਖਿਆ ਕਰਣਗੇ। ਜੇਕਰ ਕਿਸੇ ਅਧਿਕਾਰੀ ਵੱਲੋਂ ਕੋਈ ਲਾਪ੍ਰਵਾਹੀ ਪਾਈ ਜਾਂਦੀ ਹੈ ਤਾਂ ਉਸ ਦੇ ਖਿਲਾਫ ਸਖਤ ਅਨੁਸ਼ਾਸ਼ਨਾਤਮਕ ਕਾਰਵਾਹੀ ਅਮਲ ਵਿੱਚ ਲਿਆਈ ਜਾਵੇਗੀ। ਹੜ੍ਹ ਸੁਰੱਖਿਆ ਦੇ ਵਿਆਪਕ ਉਪਾਆਂ ਦੀ ਸਮੀਖਿਆ ਕਰਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅਧਿਕਾਰੀ ਸ਼ਾਟ ਟਰਮ ਉਪਾਆਂ 'ਤੇ ਫੋਕਸ ਕਰਦੇ ਹੋਏ ਹੜ੍ਹ ਕੰਟਰੋਲ ਨਾਲ ਸਬੰਧਿਤ ਚਲ ਰਹੀ ਯੋਜਨਾਵਾਂ ਨੂੰ ਪੂਰਾ ਕਰਨਾ ਯਕੀਨੀ ਕਰਨ। ਉਨ੍ਹਾਂ ਨੇ ਅਧਿਕਾਰੀਆਂ ਨੂੰ ਜਲ੍ਹ ਨਿਕਾਸੀ ਲਈ ਜਰੂਰੀ ਪੰਪਾਂ ਦੀ ਸਥਿਤੀ ਅਤੇ ਉਪਲਬਧਤਾ ਦਾ ਮੁਲਾਂਕਨ ਕਰਨ ਦੇ ਵੀ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ, ਉਨ੍ਹਾਂ ਨੇ ਅਧਿਕਾਰੀਆਂ ਨੂੰ ਵਿਸ਼ੇਸ਼ ਖੇਤਰਾਂ ਵਿੱਚ ਜਲਭਰਾਵ ਦੇ ਕਾਰਣਾਂ ਦੀ ਪਹਿਚਾਣ ਕਰਨ ਅਤੇ ਸਥਾਈ ਹੱਲ ਪ੍ਰਦਾਨ ਕਰਨ ਲਈ ਟਾਰਗੇਟ ਯੋਜਨਾਵਾਂ ਬਨਾਉਣ ਦੇ ਵੀ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੈ ਕਿਹਾ ਕਿ ਜਨਪ੍ਰਤੀਨਿਧੀਆਂ ਅਤੇ ਪੰਚਾਇਤਾਂ ਵੱਲੋਂ ਅਨੁਸਾਸ਼ਿਤ ਹੜ੍ਹ ਸੁਰੱਖਿਆ ਕੰਮਾਂ ਨੂੰ ਪ੍ਰਾਥਮਿਕਤਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਪੂਰਾ ਕੀਤਾ ਜਾਣਾ ਚਾਹੀਦਾ ਹੈ। ਮੀਟਿੰਗ ਵਿੱਚ ਮੁੱਖ ਮੰਤਰੀ ਨੇ ਟਾਂਗਰੀ ਅਤੇ ਮਾਰਕੰਡਾ ਨਦੀਆਂ ਵਿੱਚ ਗਾਦ ਕੱਢਣ ਦੇ ਕੰਮ ਦੀ ਵੀ ਸਮੀਖਿਆ ਕੀਤੀ ਅਤੇ ਸਬੰਧਿਤ ਅਧਿਕਾਰੀਆਂ ਨੂੰ ਜਰੂਰੀ ਨਿਰਦੇਸ਼ ਦਿੱਤੇ। ਮੀਟਿੰਗ ਦੌਰਾਨ ਦਸਿਆ ਗਿਆ ਕਿ ਸਿੰਚਾਈ ਅਤੇ ਜਲ੍ਹ ਸੰਸਾਧਨ ਵਿਭਾਗ ਮਾਨਸੂਨ ਦੌਰਾਨ ਜਲ੍ਹ



## ਪਾਕਿਸਤਾਨ 'ਤੇ ਭਰੋਸਾ ਨਹੀਂ, 'ਆਪਰੇਸ਼ਨ ਸਿੰਦੂਰ' ਜਾਰੀ ਹੈ : ਸ਼ਸ਼ਾਂਕ ਆਨੰਦ

ਏਜੰਸੀਆਂ

ਜੰਮੂ 27 ਮਈ। ਸਰਹੱਦੀ ਸੁਰੱਖਿਆ ਫੋਰਸ (ਬੀ.ਐੱਸ.ਐੱਫ.) ਦੇ 'ਜੰਮੂ ਫਰੰਟੀਅਰ' ਦੇ ਇੰਸਪੈਕਟਰ ਜਨਰਲ (ਆਈ.ਜੀ.) ਸ਼ਸ਼ਾਂਕ ਆਨੰਦ ਨੇ ਮੰਗਲਵਾਰ ਨੂੰ ਕਿਹਾ ਕਿ ਪਾਕਿਸਤਾਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ, ਇਸ ਲਈ 'ਆਪਰੇਸ਼ਨ ਸਿੰਦੂਰ' ਜਾਰੀ ਹੈ ਅਤੇ ਸਰਹੱਦੀ ਫੋਰਸ ਨੇ ਅੰਤਰਰਾਸ਼ਟਰੀ ਸਰਹੱਦ 'ਤੇ ਆਪਣੀ ਚੌਕਸੀ 'ਚ ਕੋਈ ਕਮੀ ਨਹੀਂ ਆਉਣ ਦਿੱਤੀ ਹੈ। ਸਰਹੱਦ ਪਾਰ ਤੋਂ ਘੁਸਪੈਠ ਦੀਆਂ ਕੋਸ਼ਿਸ਼ਾਂ ਦਾ ਖਦਸ਼ਾ ਪ੍ਰਗਟ ਕਰਦੇ ਹੋਏ, ਉਨ੍ਹਾਂ ਕਿਹਾ ਕਿ ਬੀਐੱਸਐੱਫ 'ਹਾਈ ਅਲਰਟ' 'ਤੇ ਹੈ। ਆਨੰਦ ਨੇ ਕਿਹਾ,ਅਸੀਂ ਆਪਣੀ ਚੌਕਸੀ 'ਚ ਕੋਈ ਕਮੀ ਨਹੀਂ ਆਉਣ ਦੇ ਸਕਦੇ। ਅਸੀਂ ਸਰਹੱਦ 'ਤੇ ਸਭ ਤੋਂ ਵੱਧ ਸੰਭਵ ਚੌਕਸੀ ਬਣਾਏ ਹੋਏ ਹਾਂ।'' ਉਨ੍ਹਾਂ ਨੇ ਪਾਕਿਸਤਾਨੀ ਗੋਲਾਬਾਰੀ ਦੀ ਆੜ 'ਚ ਅੰਤਰਰਾਸ਼ਟਰੀ ਸਰਹੱਦ ਪਾਰ ਅੱਤਵਾਦੀਆਂ ਦੀ ਘੁਸਪੈਠ ਦੀ ਸੰਭਾਵਨਾ ਅਤੇ ਆਪਰੇਸ਼ਨ ਸਿੰਦੂਰ ਤੋਂ ਬਾਅਦ ਚੁੱਕੇ ਗਏ ਸੁਰੱਖਿਆ ਉਪਾਵਾਂ ਬਾਰੇ ਇਕ ਸਵਾਲ ਦਾ ਜਵਾਬ ਦਿੰਦੇ ਹੋਏ ਇਹ ਟਿੱਪਣੀਆਂ ਕੀਤੀਆਂ। ਆਈਜੀ ਨੇ ਕਿਹਾ ਕਿ ਪਾਕਿਸਤਾਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ,''ਸਾਡਾ ਮੰਨਣਾ ਹੈ ਕਿ ਉਸ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।'' 'ਆਪਰੇਸ਼ਨ ਸਿੰਦੂਰ' ਜਾਰੀ ਹੈ।'' ਬੀਐੱਸਐੱਫ ਅੰਤਰਰਾਸ਼ਟਰੀ ਸਰਹੱਦ 'ਤੇ ਤਿਆਰ ਅਤੇ ਸੁਚੇਤ ਹੈ।




## ਉਮਰ ਅਬਦੁੱਲਾ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਕੀਤੀ ਵਿਸ਼ੇਸ਼ ਕੈਬਨਿਟ ਮੀਟਿੰਗ


ਪਹਿਲਗਾਮ, 27 ਮਈ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਮੰਗਲਵਾਰ ਨੂੰ ਪਹਿਲਗਾਮ ਵਿੱਚ ਇੱਕ ਵਿਸ਼ੇਸ਼ ਕੈਬਨਿਟ ਮੀਟਿੰਗ ਕੀਤੀ। ਇਸ ਦੌਰਾਨ ਪਿਛਲੇ ਮਹੀਨੇ ਇੱਕ ਘਾਤਕ ਅੱਤਵਾਦੀ ਹਮਲਾ ਹੋਇਆ ਸੀ, ਜਿਸ ਵਿੱਚ ਇਹ ਸੁਨੇਹਾ ਦਿੱਤਾ ਗਿਆ ਸੀ ਕਿ ਸਰਕਾਰ ਅੱਤਵਾਦ ਦੀਆਂ ਕਾਇਰਤਾਪੂਰਨ ਕਾਰਵਾਈਆਂ ਤੋਂ ਡਰੇਗੀ ਨਹੀਂ। ਇਸ ਮੀਟਿੰਗ ਤੋਂ ਬਾਅਦ ਮੁੱਖ ਮੰਤਰੀ ਦਫ਼ਤਰ ਨੇ ਪਹਿਲਗਾਮ ਕਲੱਬ ਵਿਖੇ ਹੋਈ ਮੀਟਿੰਗ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਪੋਸਟ ਕੀਤੀਆਂ। ਮੁੱਖ ਮੰਤਰੀ ਦਫ਼ਤਰ ਨੇ 'ਐਕਸ' 'ਤੇ ਲਿਖਿਆ, ਅੱਜ (ਮੁੱਖ ਮੰਤਰੀ) ਨੇ ਪਹਿਲਗਾਮ ਵਿਖੇ ਕੈਬਨਿਟ ਮੀਟਿੰਗ ਦੀ ਪ੍ਰਧਾਨਗੀ ਕੀਤੀ ਉਨ੍ਹਾਂ ਕਿਹਾ ਇਹ ਸਿਰਫ਼ ਇੱਕ ਆਮ ਪ੍ਰਸ਼ਾਸਕੀ ਅਭਿਆਸ ਨਹੀਂ ਸੀ ਸਗੋਂ ਇੱਕ ਸਪਸ਼ਟ ਸੰਦੇਸ਼ ਸੀ - ਅਸੀਂ ਅੱਤਵਾਦੀਆਂ ਦੇ ਕਾਇਰਤਾਪੂਰਨ ਕੰਮਾਂ ਤੋਂ ਡਰਦੇ ਨਹੀਂ ਹਾਂ। ਸ਼ਾਂਤੀ ਦੇ ਦੁਸ਼ਮਣ ਕਦੇ ਵੀ ਸਾਡੇ ਇਰਾਦੇ ਨੂੰ ਨਹੀਂ ਤੋੜਨਗੇ,। ਜੰਮੂ-ਕਸ਼ਮੀਰ ਮਜ਼ਬੂਤ, ਸ਼ਕਤੀਸ਼ਾਲੀ ਅਤੇ ਨਿਡਰ ਹੈ। ਇਸ ਸਰਕਾਰ ਦੇ ਕਾਰਜਕਾਲ ਵਿੱਚ ਇਹ ਪਹਿਲੀ ਵਾਰ ਹੈ ਕਿ ਕੈਬਨਿਟ ਮੀਟਿੰਗ ਆਮ ਗਰਮੀਆਂ ਦੀ ਰਾਜਧਾਨੀ ਸ੍ਰੀਨਗਰ ਜਾਂ ਸਰਦੀਆਂ ਦੀ ਰਾਜਧਾਨੀ ਜੰਮੂ ਤੋਂ ਬਾਹਰ ਹੋਈ ਹੈ। ਸੈਲਾਨੀ ਸ਼ਹਿਰ ਦੇ ਵਸਨੀਕਾਂ ਨਾਲ ਏਕਤਾ ਦਿਖਾਉਣ ਲਈ ਪਹਿਲਗਾਮ ਨੂੰ ਚੁਣਿਆ ਗਿਆ ਹੈ, ਜਿੱਥੇ 22 ਅਪ੍ਰੈਲ ਨੂੰ ਹੋਏ ਭਿਆਨਕ ਅੱਤਵਾਦੀ ਹਮਲੇ ਤੋਂ ਬਾਅਦ ਸੈਲਾਨੀਆਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਈ ਹੈ। ਇਸ ਹਮਲੇ ਵਿੱਚ 26 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸੈਲਾਨੀ ਸਨ। ਅਧਿਕਾਰੀਆਂ ਨੇ ਕਿਹਾ ਕਿ ਕੈਬਨਿਟ ਮੀਟਿੰਗ ਦੇਸ਼-ਵਿਰੋਧੀ ਅਤੇ ਸਮਾਜ-ਵਿਰੋਧੀ ਤੱਤਾਂ ਨੂੰ ਸਪੱਸ਼ਟ ਸੰਦੇਸ਼ ਦੇਣ ਲਈ ਵਧੇਰੇ ਮਹੱਤਵਪੂਰਨ ਹੈ ਕਿ ਜੰਮੂ-ਕਸ਼ਮੀਰ ਵਿੱਚ ਹਿੰਸਾ ਲਈ ਕੋਈ ਥਾਂ ਨਹੀਂ ਹੈ। ਅਬਦੁੱਲਾ ਨੇ 2009-14 ਦੌਰਾਨ ਜੰਮੂ-ਕਸ਼ਮੀਰ ਰਾਜ ਦੇ ਮੁੱਖ ਮੰਤਰੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਉੱਤਰੀ ਕਸ਼ਮੀਰ ਦੇ ਗੁਰੇਜ਼, ਮਾਛਿਲ, ਤੰਗਧਾਰ ਖੇਤਰਾਂ ਅਤੇ ਜੰਮੂ ਖੇਤਰ ਦੇ ਰਾਜੌਰੀ ਅਤੇ ਪੁੰਛ ਖੇਤਰਾਂ ਵਰਗੇ ਦੂਰ-ਦੁਰਾਡੇ ਇਲਾਕਿਆਂ ਵਿੱਚ ਕੈਬਨਿਟ ਮੀਟਿੰਗਾਂ ਕੀਤੀਆਂ ਸਨ। ਅੱਜ ਦੀ ਵਿਸ਼ੇਸ਼ ਕੈਬਨਿਟ ਮੀਟਿੰਗ ਤੋਂ ਤਿੰਨ ਦਿਨ ਪਹਿਲਾਂ, ਅਬਦੁੱਲਾ ਨੇ ਸ਼ਨੀਵਾਰ ਨੂੰ ਪਹਿਲਗਾਮ ਅੱਤਵਾਦੀ ਹਮਲੇ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਜੰਮੂ-ਕਸ਼ਮੀਰ ਦੇ ਸੈਰ-ਸਪਾਟਾ ਖੇਤਰ ਨੂੰ ਮੁੜ ਸੁਰਜੀਤ ਕਰਨ ਲਈ ਦੋ-ਪੱਖੀ ਪਹੁੰਚ ਦਾ ਪ੍ਰਸਤਾਵ ਰੱਖਿਆ।



## 1947 'ਚ ਕੀਤਾ ਜਾ ਸਕਦਾ ਸੀ ਅੱਤਵਾਦ ਦਾ ਹੱਲ : ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਗਾਂਧੀਨਗਰ 27 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕਿਹਾ ਕਿ ਪਾਕਿਸਤਾਨ ਨਾਲ ਸਿੰਧੂ ਜਲ ਸੰਧੀ 'ਤੇ ਗਲਤ ਗੱਲਬਾਤ ਕੀਤੀ ਗਈ ਸੀ ਅਤੇ ਇਸ ਦੇ ਤਹਿਤ ਭਾਰਤ ਨੂੰ ਕਸ਼ਮੀਰ ਦੇ ਡੈਮਾਂ ਤੋਂ ਗਾਰ ਤੱਕ ਕੱਢਣ ਦੀ ਵੀ ਇਜਾਜ਼ਤ ਨਹੀਂ ਸੀ। ਪੀ.ਐੱਮ. ਮੋਦੀ ਰੋਡ ਸ਼ੋਅ ਤੋਂ ਬਾਅਦ ਇੱਥੇ ਇਕ ਜਨਤਕ ਮੀਟਿੰਗ ਨੂੰ ਸੰਬੋਧਨ ਕੀਤਾ। ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਵਲੋਂ ਮੁਅੱਤਲ ਕੀਤੇ ਗਏ ਸਿੰਧੂ ਜਲ ਸਮਝੌਤੇ ਦਾ ਹਵਾਲਾ ਦਿੰਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ,ਸਿੰਧੂ ਜਲ ਸਮਝੌਤੇ 'ਤੇ ਬਹੁਤ ਮਾੜੀ ਗੱਲਬਾਤ ਕੀਤੀ ਗਈ ਸੀ, ਇਸ 'ਚ ਕਸ਼ਮੀਰ 'ਚ ਡੈਮਾਂ 'ਚੋਂ ਗਾਰ ਕੱਢਣ ਦੀ ਵੀ ਆਗਿਆ ਨਹੀਂ ਸੀ। ਉਨ੍ਹਾਂ ਨੇ ਪਾਕਿਸਤਾਨ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ,ਅਸੀਂ ਸਿੰਧੂ ਜਲ ਸਮਝੌਤੇ ਨੂੰ ਮੁਅੱਤਲ ਕਰ ਦਿੱਤਾ ਹੈ, ਆਪਣੇ ਪਾਸੇ ਡੈਮਾਂ ਦੀ ਸਮਰੱਥਾ ਵਧਾਉਣੀ ਸ਼ੁਰੂ ਕਰ ਦਿੱਤੀ ਹੈ ਅਤੇ ਉਹ (ਪਾਕਿਸਤਾਨ) ਬੇਚੈਨੀ ਮਹਿਸੂਸ ਕਰ ਰਿਹਾ ਹੈ। ਪੀ.ਐੱਮ. ਮੋਦੀ ਨੇ ਕਸ਼ਮੀਰ 'ਚ ਅੱਤਵਾਦ ਦੀ ਸਮੱਸਿਆ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਸ ਦਾ ਹੱਲ 1947 'ਚ ਕੀਤਾ ਜਾ ਸਕਦਾ ਸੀ। ਉਨ੍ਹਾਂ ਕਿਹਾ,''ਜੇਕਰ 1947 'ਚ ਅਸੀਂ ਕਸ਼ਮੀਰ 'ਚ ਦਾਖ਼ਲ ਹੋਣ ਵਾਲੇ ਮੁਜਾਹੀਦੀਨਾਂ ਨੂੰ ਮਾਰ ਦਿੱਤਾ ਹੁੰਦਾ ਤਾਂ ਅੱਜ ਸਾਨੂੰ ਅਜਿਹੀ ਸਥਿਤੀ (ਅੱਤਵਾਦ) ਦਾ ਸਾਹਮਣਾ ਨਾ ਕਰਨਾ ਪੈਂਦਾ।'' ਪ੍ਰਧਾਨ ਮੰਤਰੀ ਨੇ ਕਿਹਾ,''ਅੱਤਵਾਦ ਅਸਿੱਧਾ ਯੁੱਧ ਨਹੀਂ ਹੈ, ਇਹ ਤੁਹਾਡੀ (ਪਾਕਿਸਤਾਨ) ਯੁੱਧ ਰਣਨੀਤੀ ਹੈ। ਤੁਸੀਂ ਸਾਡੇ ਖ਼?ਲਾਫ਼ ਜੰਗ ਛੇੜ ਰਹੇ ਹੋ।'' ਉਨ੍ਹਾਂ ਕਿਹਾ ਕਿ ਸਰਦਾਰ ਵੱਲਭਭਾਈ ਪਟੇਲ 1947 'ਚ ਚਾਹੁੰਦੇ ਸਨ ਕਿ ਫ਼ੌਜ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਨੂੰ ਵਾਪਸ ਲੈ ਲਵੋ ਪਰ ਉਨ੍ਹਾਂ ਦੀ ਗੱਲ ਨਹੀਂ ਸੁਣੀ ਗਈ। ਭਾਰਦ ਦੇ ਵਿਸ਼ਵ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ 'ਤੇ ਪੀ.ਐੱਮ. ਮੋਦੀ ਨੇ ਕਿਹਾ,''ਜਦੋਂ ਮੈਂ 2014 'ਚ ਅਹੁਦਾ ਸੰਭਾਲਿਆ ਸੀ, ਉਦੋਂ ਭਾਰਤ 11ਵੀਂ ਸਭ ਤੋਂ ਵੱਡੀ ਅਰਥਵਿਵਸਥਾ ਸੀ ਪਰ ਅੱਜ ਉਹ ਚੌਥੇ ਸਥਾਨ 'ਤੇ ਹੈ।'' ਉਨ੍ਹਾਂ ਕਿਹਾ,''ਜਦੋਂ ਭਾਰਤ ਨੇ ਬ੍ਰਿਟੇਨ ਨੂੰ ਪਿੱਛੇ ਛੱਡਿਆ ਤਾਂ ਉਦੋਂ ਅਸੀਂ ਖ਼ੁਸ਼ ਹੋਏ ਸੀ, ਕਿਉਂਕਿ ਬ੍ਰਿਟੇਨ ਨੇ ਸਾਡੇ 'ਤੇ ਸ਼ਾਸਨ ਕੀਤਾ ਸੀ ਪਰ ਹੁਣ ਦਬਾਅ ਹੈ ਕਿ ਅਸੀਂ ਤੀਜੇ ਨੰਬਰ ਦੀ ਅਰਥਵਿਵਸਥਾ ਕਦੋਂ ਬਣਾਂਗੇ।'' ਪ੍ਰਧਾਨ ਮੰਤਰੀ ਨੇ ਇਸ ਤੋਂ ਪਹਿਲੇ ਅੱਜ ਸਵੇਰੇ ਇੱਥੇ ਇਕ ਰੋਡ ਸ਼ੋਅ ਕੀਤਾ ਅਤੇ ਇਸ ਦੌਰਾਨ ਉਨ੍ਹਾਂ ਦਾ ਸਵਾਗਤ ਕਰਨ ਲਈ ਭਾਰੀ ਗਿਣਤੀ 'ਚ ਲੋਕ ਇਕੱਠੇ ਹੋਏ। ਗੁਜਰਾਤ ਦੀ 2 ਦਿਨਾ ਯਾਤਰਾ ਦੌਰਾਨ ਪ੍ਰਧਾਨ ਮੰਤਰੀ ਦਾ ਇਕ ਚੌਥਾ ਰੋਡ ਸ਼ੋਅ ਸੀ। ਪਹਿਲਗਾਮ 'ਚ 22 ਅਪ੍ਰੈਲ ਨੂੰ ਹੋਏ ਅੱਤਵਾਦੀ ਹਮਲੇ ਦੇ ਜਵਾਬ 'ਚ ਭਾਰਤ ਦੀ ਫ਼ੌਜ ਕਾਰਵਾਈ ਦੇ ਅਧੀਨ ਸ਼ੁਰੂ ਕੀਤੇ ਗਏ 'ਆਪਰੇਸ਼ਨ ਸਿੰਦੂਰ' ਤੋਂ ਬਾਅਦ ਇਹ ਨਰਿੰਦਰ ਮੋਦੀ ਦੀ ਆਪਣੇ ਗ੍ਰਹਿ ਰਾਜ ਦੀ ਪਹਿਲੀ ਯਾਤਰਾ ਹੈ। ਰੋਡ ਸ਼ੋਅ ਦਾ ਆਯੋਜਨ ਗਾਂਧੀਨਗਰ ਸਥਿਤ ਰਾਜਭਵਨ ਤੋਂ ਮਹਾਤਮਾ ਮੰਦਰ ਤੱਕ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਸੋਮਵਾਰ ਨੂੰ ਵਡੋਦਰਾ, ਭੁਜ ਅਤੇ ਅਹਿਮਦਾਬਾਦ 'ਚ ਰੋਡ ਸ਼ੋਅ ਕੀਤੇ ਸਨ।



# ਜਲੰਧਰ ਪੁਲਸ ਦੀ ਵੱਡੀ ਸ.ਫਲਤਾ, ਕਰੋੜਾਂ ਦੀ ਹੈਰੋਇਨ ਤੇ ਡਰੱਗ ਮਨੀ ਸਮੇਤ ਮੁਲਜ਼ਮ ਗ੍ਰਿ.ਫਤਾਰ

ਜਲੰਧਰ 27 ਮਈ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਮਿਸ਼ਨਰੇਟ ਪੁਲਸ ਜਲੰਧਰ ਨੇ ਸਰਹੱਦ ਪਾਰ ਨਸ਼ਾ ਤਸਕਰੀ ਰੈਕੇਟ ਦਾ ਪਰਦਾਫਾਸ਼ ਕਰਦੇ ਹੋਏ 5 ਕਿਲੋ ਹੈਰੋਇਨ ਅਤੇ 22,000 ਰੁਪਏ ਦੀ ਡਰੱਗ ਮਨੀ ਸਮੇਤ ਇਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਸ਼ਿਵਮ ਸੋਢੀ ਉਰਫ਼ ਸ਼ਿਵਾ ਵਜੋਂ ਹੋਈ ਹੈ। ਵੇਰਵਾ ਸਾਝਾਂ ਕਰਦੇ ਹੋਏ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਸੀ. ਆਈ. ਏ. ਸਟਾਫ਼ ਦੀ ਇਕ ਟੀਮ ਨੇ ਸ਼ਿਵਮ ਸੋਢੀ ਉਰਫ਼ ਸ਼ਿਵਾ ਪੁੱਤਰ ਵਰਿੰਦਰ ਸੋਢੀ ਵਾਸੀ ਸਿਮਰਨ ਐਨਕਲੇਵ ਨੇੜੇ ਲੰਬਾ ਪਿੰਡ ਚੌਂਕ, ਪੀ. ਐੱਸ. ਰਾਮਾਮੰਡੀ, ਜਲੰਧਰ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਸ ਤੋਂ 5 ਕਿਲੋ ਹੈਰੋਇਨ ਅਤੇ 22,000 ਡਰੱਗ ਮਨੀ ਬਰਾਮਦ ਕੀਤੀ। ਦੋਸ਼ੀ ਖ਼?ਲਾਫ਼ ਕਾਰਵਾਈ ਕਰਦੇ ਹੋਏ ਮੁਕੱਦਮਾ ਨੰਬਰ 122 ਮਿਤੀ 20 ਮਈ ਅਧੀਨ ਧਾਰਾ 213-271-61-85 ਐੱਨ. ਡੀ. ਪੀ. ਐੱਸ. ਐਕਟ ਪੁਲਸ ਸਟੇਸ਼ਨ ਡਿਵੀਜ਼ਨ ਨੰਬਰ 8 ਜਲੰਧਰ ਵਿਖੇ ਦਰਜ ਕੀਤਾ ਗਿਆ ਹੈ। ਸੀ. ਪੀ. ਨੇ ਕਿਹਾ ਕਿ ਦੋਸ਼ੀ ਖ਼?ਲਾਫ਼ ਪਹਿਲਾਂ ਹੀ ਤਿੰਨ ਐੱਫ਼. ਆਈ. ਆਰ. ਦਰਜ ਹਨ। * ਐੱਫ਼. ਆਈ. ਆਰ. ਨੰਬਰ 96 ਮਿਤੀ 11 ਮਈ ਅਧੀਨ ਧਾਰਾ 109, 191(3), 190, ਅਤੇ 3 ਬੀ. ਐੱਨ. ਐੱਸ. ਐੱਸ, 25-54-59 ਅਸਲਾ ਐਕਟ ਦੇ ਤਹਿਤ ਥਾਣਾ ਬਸਤੀ ਬਾਵਾ ਖੇਲ, ਜਲੰਧਰ ਵਿਖੇ ਦਰਜ ਕੀਤੀ ਗਈ ਹੈ। (ਦੋਸ਼ੀ ਇਸ ਮਾਮਲੇ ਵਿੱਚ ਲੋੜੀਂਦਾ ਹੈ) ਐੱਫ਼. ਆਈ. ਆਰ. ਨੰਬਰ 30 ਮਿਤੀ 7 ਅਪ੍ਰੈਲ 2020 ਅਧੀਨ ਧਾਰਾ 25-54-59 ਅਸਲਾ ਐਕਟ, 188, 212, 216 ਆਈ. ਪੀ. ਸੀ, ਅਤੇ ਧਾਰਾ 22-61-85 ਐੱਨ. ਡੀ. ਪੀ. ਐੱਸ. ਐਕਟ ਦੇ ਤਹਿਤ ਥਾਣਾ ਡਿਵੀਜ਼ਨ ਨੰਬਰ 4, ਜਲੰਧਰ ਵਿਖੇ ਦਰਜ ਕੀਤੀ ਗਈ ਹੈ। ਐੱਫ਼. ਆਈ.




ਆਰ. ਨੰਬਰ 127 ਮਿਤੀ ਇਕ ਜੁਲਾਈ 2020 ਅਧੀਨ ਧਾਰਾ 61-1-14 ਆਬਕਾਰੀ ਐਕਟ, ਧਾਰਾ 21, 22 ਐੱਨ. ਡੀ. ਪੀ. ਐੱਸ. ਐਕਟ ਧਾਰਾ 3792,382,482,465,468,471,120-2 ਅਤੇ 216 ਆਈ. ਪੀ. ਸੀ. ਅਤੇ ਧਾਰਾ 25 ਅਸਲਾ ਐਕਟ ਦੇ ਤਹਿਤ ਥਾਣਾ ਭਾਰਗੋਂ ਕੈਂਪ, ਜਲੰਧਰ ਵਿਖੇ ਦਰਜ ਕੀਤੀ ਗਈ। ਧਨਪ੍ਰੀਤ ਕੌਰ ਨੇ ਕਿਹਾ ਕਿ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਖ਼ਤਮ ਕਰਨ ਲਈ ਦੋਸ਼ੀ ਦੇ ਅਗਲੇ-ਪਿਛਲੇ ਸੰਬੰਧਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। 1. ਸੀ. ਆਈ. ਏ. ਸਟਾਫ਼ ਨੇ ਇਕ ਦੋਸ਼ੀ ਲਵਪ੍ਰੀਤ ਸਿੰਘ ਉਰਫ਼ ਲਵ, ਪੁੱਤਰ ਜਗਤਾਰ ਸਿੰਘ, ਵਾਸੀ ਪਿੰਡ ਬਾਠ, ਥਾਣਾ ਝੰਡੇਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਨੂੰ ਸਫ਼ਲਤਾਪੂਰਵਕ ਗ੍ਰਿਫ਼ਤਾਰ ਕੀਤਾ ਅਤੇ 403 ਗ੍ਰਾਮ ਹੈਰੋਇਨ ਬਰਾਮਦ ਕੀਤੀ। ਜਿਸ 'ਤੇ ਮੁਕੱਦਮਾ ਨੰਬਰ 80 ਮਿਤੀ 18 ਮਈ 2025 ਅਧੀਨ ਧਾਰਾ 21-61-85 ਐੱਨ. ਡੀ. ਪੀ. ਐੱਸ. ਐਕਟ ਥਾਣਾ ਡਿਵੀਜ਼ਨ ਨੰਬਰ 1 ਜਲੰਧਰ ਵਿਖੇ ਦਰਜ ਕੀਤਾ ਗਿਆ। 2. ਇਕ ਹੋਰ ਮਹੱਤਵਪੂਰਨ ਸਫ਼ਲਤਾ ਵਿੱਚ, ਕਮਿਸ਼ਨਰੇਟ ਪੁਲਸ ਜਲੰਧਰ ਨੇ ਦੋ ਦੋਸ਼ੀ ਆਕਾਸ਼ਦੀਪ ਉਰਫ਼ ਆਕਾਸ਼ ਅਤੇ ਗੌਰਵ ਕਪਿਲਾ ਨੂੰ ਗ੍ਰਿਫ਼ਤਾਰ ਕੀਤਾ, ਜੋਕਿ ਮੁਕੱਦਮਾ ਨੰਬਰ 96 ਮਿਤੀ 11 ਮਈ 2024 ਅਧੀਨ ਧਾਰਾ 109, 190, 191(3), 61(2), ਅਤੇ 103(1) ਬੀ. ਐੱਨ. ਐੱਸ. ਦੇ ਨਾਲ-ਨਾਲ 25-54-59 ਆਰਮਜ਼ ਐਕਟ ਪੁਲਸ ਸਟੇਸ਼ਨ ਬਸਤੀ ਬਾਵਾ ਖੇਲ ਜਲੰਧਰ ਦੇ ਵਿੱਚ ਲੋੜੀਂਦੇ ਸਨ। ਦੋਸ਼ੀਆਂ ਨੂੰ ਮੈਟਰੋ ਟਾਊਨ ਸੋਸਾਇਟੀ, ਪੁਲਸ ਸਟੇਸ਼ਨ ਢਕੋਲੀ, ਜ਼ਿਲ੍ਹਾ ਮੋਹਾਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਦੀ ਗ੍ਰਿਫ਼ਤਾਰੀ 'ਤੇ ਮੁਕੱਦਮਾ ਨੰਬਰ 54 ਮਿਤੀ 20 ਮਈ 2025 ਅਧੀਨ ਧਾਰਾ 109, 132, 221, ਅਤੇ 324(2) ਬੀ. ਐੱਨ. ਐੱਸ. ਅਤੇ ਧਾਰਾ 25 ਆਰਮਜ਼ ਐਕਟ ਦੇ ਤਹਿਤ ਥਾਣਾ ਢਕੋਲੀ ਵਿਖੇ ਦਰਜ ਕੀਤਾ ਗਿਆ। ਦੋਸ਼ੀਆਂ ਕੋਲੋਂ 2 ਪਿਸਤੌਲ, 3 ਜ਼ਿੰਦਾ ਕਾਰਤੂਸ ਅਤੇ 6 ਵਰਤੇ ਹੋਏ ਕਾਰਤੂਸ ਬਰਾਮਦ ਕੀਤੇ ।

## ਪੰਜਾਬ ਦੇ ਲੋਕਾਂ ਲਈ ਵੱਡੀ ਚਿੰਤਾ ਵਾਲੀ ਗੱਲ !

ਚੰਡੀਗੜ੍ਹ 27 ਮਈ। ਪੰਜਾਬ ਪਾਣੀ ਦੇ ਸੰਕਟ ਦੇ ਕੰਢੇ 'ਤੇ ਹੈ। ਕਿਸਾਨਾਂ ਵਲੋਂ ਖੇਤੀਬਾੜੀ ਲਈ ਧਰਤੀ ਹੇਠਲੇ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਪੰਜਾਬ ਦੇ ਧਰਤੀ ਹੇਠਲੇ ਪਾਣੀ ਨੂੰ ਸੁਕਾ ਰਹੀ ਹੈ। ਇਸ ਲਈ ਜੇਕਰ ਅਸੀਂ ਅਜੇ ਵੀ ਨਾ ਸੰਭਲੇ ਤਾਂ ਭਵਿੱਖ 'ਚ ਮੁਸ਼ਕਲਾਂ ਵੱਧਣ ਦੇ ਨਾਲ-ਨਾਲ ਪਾਣੀ ਦਾ ਵੱਡਾ ਸੰਕਟ ਖੜ੍ਹਾ ਹੋ ਜਾਵੇਗਾ। ਸ਼ਹਿਰੀਕਰਨ, ਉਦਯੋਗ ਅਤੇ ਵੱਧਦੀ ਆਬਾਦੀ ਵੀ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਦਾ ਕਾਰਨ ਬਣ ਰਹੀ ਹੈ। ਹਾਲਾਤ ਇਹ ਹਨ ਕਿ ਪੰਜਾਬ ਦੇ 115 ਜ਼ਿਆਦਾ ਪਾਣੀ ਦੀ ਵਰਤੋਂ ਵਾਲੇ ਬਲਾਕਾਂ ਦੇ 45.96 ਫ਼ੀਸਦੀ ਖੇਤਰ 'ਚ ਜ਼ਮੀਨ ਹੇਠਲਾ ਪਾਣੀ ਹੁਣ 15 ਮੀਟਰ ਤੋਂ ਹੇਠਾਂ ਪਹੁੰਚ ਗਿਆ ਹੈ। ਮੌਜੂਦਾ ਜ਼ਮੀਨ ਹੇਠਲੇ ਪਾਣੀ ਸਬੰਧੀ ਮੁਲਾਂਕਣ ਅਧਿਐਨ ਰਿਪੋਰਟ ਅਨੁਸਾਰ ਪੰਜਾਬ ਦੇ 75.16 ਫ਼ੀਸਦੀ ਖੇਤਰ ਦਾ ਬਹੁਤ ਜ਼ਿਆਦਾ ਘਾਣ ਹੋ ਗਿਆ ਹੈ ਤੇ 156.87 ਫ਼ੀਸਦੀ ਪਾਣੀ ਜ਼ਮੀਨ 'ਚੋਂ ਕੱਢਿਆ ਜਾ ਰਿਹਾ ਹੈ। ਪੰਜਾਬ ਦੇ ਲੁਧਿਆਣਾ ਦੇ 14, ਜਲੰਧਰ ਦੇ 12, ਅੰਮ੍ਰਿਤਸਰ ਦੇ 10, ਪਟਿਆਲਾ ਦੇ 9, ਸੰਗਰੂਰ ਦੇ 8, ਤਰਨਤਾਰਨ ਦੇ 8, ਗੁਰਦਾਸਪੁਰ ਦੇ 8, ਹੁਸ਼ਿਆਰਪੁਰ ਦੇ 6,



ਕਪੂਰਥਲਾ ਦੇ 5, ਬਠਿੰਡਾ ਦੇ 5, ਮੋਗਾ ਦੇ 5, ਫਤਿਹਗੜ੍ਹ ਸਾਹਿਬ ਦੇ 5, ਫ਼?ਰੋਜ਼ਪੁਰ ਦੇ 3, ਐੱਸ. ਬੀ. ਐੱਸ. ਨਗਰ ਦੇ 3, ਫ਼ਰੀਦਕੋਟ ਦੇ 3, ਬਰਨਾਲਾ ਦੇ 3, ਮਲੇਰਕੋਟਲਾ ਦੇ 2, ਮਾਨਸਾ ਦੇ 2, ਰੂਪਨਗਰ ਦੇ 2, ਫ਼ਾਜ਼ਿਲਕਾ ਦੇ 1 ਅਤੇ ਮੋਹਾਲੀ ਦੇ 1 ਬਲਾਕ 'ਚ ਖੇਤੀਬਾੜੀ ਲਈ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਕੀਤੀ ਜਾ ਰਹੀ ਹੈ। ਸੂਬੇ 'ਚ ਪਾਣੀ ਦੀ ਸਥਿਤੀ ਅਜਿਹੀ ਹੈ ਕਿ ਕੁੱਝ ਇਲਾਕਿਆਂ 'ਚ ਲੋੜ ਤੋਂ ਵੱਧ ਪਾਣੀ ਹੈ ਅਤੇ ਕੁੱਝ ਇਲਾਕਿਆਂ 'ਚ ਘੱਟ ਪਾਣੀ ਹੈ। 14.50 ਲੱਖ ਤੋਂ ਵੱਧ ਟਿਊਬਵੈੱਲ ਜ਼ਮੀਨ ਹੇਠੋਂ ਪਾਣੀ ਕੱਢਣ ਲਈ ਕੰਮ ਕਰ ਰਹੇ ਹਨ। ਅੰਕੜੇ ਦੱਸਦੇ ਹਨ ਕਿ ਸਾਲ 1984 ਵਿਚ ਪੰਜਾਬ 'ਚ ਜ਼ਿਆਦਾ ਪਾਣੀ ਦੀ ਵਰਤੋਂ ਵਾਲੇ ਬਲਾਕਾਂ ਦੀ ਗਿਣਤੀ ਸਿਰਫ਼ 53 ਸੀ, ਜੋ ਸਾਲ 1999 'ਚ ਵੱਧ ਕੇ 73 ਹੋ ਗਈ। ਉਸ ਤੋਂ ਬਾਅਦ ਸਾਲ 2009 'ਚ ਇਨ੍ਹਾਂ ਬਲਾਕਾਂ ਦੀ ਗਿਣਤੀ 110, ਸਾਲ 2020 'ਚ 117 ਅਤੇ ਹੁਣ ਇਨ੍ਹਾਂ ਦੀ ਗਿਣਤੀ 115 ਤੱਕ ਪਹੁੰਚ ਗਈ ਹੈ। 80 ਦੇ ਦਹਾਕੇ 'ਚ ਪੰਜਾਬ ਵਿਚ ਰਾਖਵੇਂ ਬਲਾਕਾਂ ਦੀ ਗਿਣਤੀ 36 ਸੀ। 90 ਦੇ ਦਹਾਕੇ 'ਚ ਇਹ 38 ਹੋ ਗਈ। ਸਾਲ 2009 'ਚ ਇਨ੍ਹਾਂ ਦੀ ਗਿਣਤੀ 23 ਹੋ ਗਈ। ਸਾਲ 2020 'ਚ ਇਨ੍ਹਾਂ ਦੀ ਗਿਣਤੀ 17 ਸੀ, ਜਦੋਂ ਕਿ 2024 'ਚ ਰਾਖਵੇਂ ਬਲਾਕਾਂ ਦੀ ਸ਼?ਰੇਣੀ ਵਿਚ 22 ਬਲਾਕ ਬਚੇ ਹਨ।

## ਡਾਕਟਰ ਦੀ ਘਰਵਾਲੀ ਲੈ ਭੱਜਿਆ 60 ਸਾਲਾ ਵਕੀਲ, ਕਹਿੰਦਾ-'ਮੇਰਾ ਬਚਪਨ ਦਾ ਪਿਆਰ'

ਵੈੱਬ ਡੈਸਕ 27 ਮਈ। ਸੱਚਾ ਪਿਆਰ ਕਦੇ ਖਤਮ ਨਹੀਂ ਹੁੰਦਾ, ਇਹ ਸਮੇਂ ਦੇ ਨਾਲ ਡੂੰਘਾ ਹੁੰਦਾ ਜਾਂਦਾ ਹੈ। ਇਸ ਵਾਕ ਨੂੰ ਬਿਹਾਰ ਦੇ ਇੱਕ ਵਕੀਲ ਨੇ ਸੱਚ ਸਾਬਤ ਕੀਤਾ ਹੈ, ਜੋ 60 ਸਾਲ ਦੀ ਉਮਰ ਵਿੱਚ ਆਪਣੇ ਬਚਪਨ ਦੇ ਪਿਆਰ, ਇੱਕ ਮਹਿਲਾ ਡਾਕਟਰ ਨਾਲ ਭੱਜ ਗਿਆ। ਕਿਹਾ ਜਾ ਰਿਹਾ ਹੈ ਕਿ ਦੋਵੇਂ ਸਕੂਲ ਸਮੇਂ ਤੋਂ ਹੀ ਦੋਸਤ ਸਨ। ਪਰ ਪਰਿਵਾਰ ਨੇ ਔਰਤ ਦਾ ਵਿਆਹ ਇੱਕ ਡਾਕਟਰ ਨਾਲ ਕਰਵਾ ਦਿੱਤਾ ਸੀ। ਦਰਅਸਲ, ਇਹ ਸਾਰਾ ਮਾਮਲਾ ਪੂਰਨੀਆ ਜ਼ਿਲ੍ਹੇ ਦੇ ਕੇ. ਹਾਟ ਥਾਣਾ ਖੇਤਰ ਦੇ ਪ੍ਰਭਾਤ ਕਲੋਨੀ ਵਿੱਚ ਸਥਿਤ ਡੋਨਰ ਚੌਕ ਇਲਾਕੇ ਦਾ ਹੈ। ਦੱਸਿਆ ਜਾ ਰਿਹਾ ਹੈ ਕਿ 60 ਸਾਲਾ ਵਕੀਲ 11 ਮਈ ਦੀ ਦੁਪਹਿਰ ਨੂੰ 50 ਸਾਲਾ ਮਹਿਲਾ ਡਾਕਟਰ ਨਾਲ ਭੱਜ ਗਿਆ। ਜਦੋਂ ਮਹਿਲਾ ਡਾਕਟਰ ਰਾਤ ਤੱਕ ਘਰ ਨਹੀਂ ਪਹੁੰਚੀ ਤਾਂ ਉਸਦੇ ਪਤੀ ਨੇ ਉਸਦੀ ਬਹੁਤ ਭਾਲ ਕੀਤੀ, ਪਰ ਉਹ ਨਹੀਂ ਮਿਲੀ। ਇਸ ਤੋਂ ਬਾਅਦ ਪਤੀ ਨੇ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ। ਕਾਫ਼ੀ ਭਾਲ ਤੋਂ ਬਾਅਦ, ਪੁਲਸ ਨੇ 5ਵੇਂ ਦਿਨ ਯਾਨੀ ਸ਼ੁੱਕਰਵਾਰ ਨੂੰ ਸਹਰਸਾ ਤੋਂ ਵਕੀਲ ਨਾਲ ਔਰਤ ਨੂੰ ਬਰਾਮਦ ਕਰ ਲਿਆ। ਵਕੀਲ ਦੀ ਪਛਾਣ ਸੰਜੀਵ ਕੁਮਾਰ ਵਜੋਂ ਹੋਈ ਹੈ। ਉਹ ਸਹਰਸਾ ਦੇ ਪ੍ਰੋਫੈਸਰ ਕਲੋਨੀ ਦਾ ਵਸਨੀਕ ਹੈ। ਜਦੋਂ ਫੜਿਆ ਗਿਆ, ਤਾਂ ਵਕੀਲ ਨੇ ਕਿਹਾ ਕਿ ਇਹ ਉਸਦਾ ਬਚਪਨ ਦਾ ਪਿਆਰ ਸੀ। ਪਰ ਦੋਵਾਂ ਦੇ ਪਰਿਵਾਰ ਵਿਆਹ ਲਈ ਰਾਜ਼ੀ ਨਹੀਂ ਸਨ। ਆਪਣੀ ਪ੍ਰੇਮਿਕਾ ਦੀ ਉਡੀਕ ਕਰਦੇ ਹੋਏ ਉਸ ਨੇ ਅਜੇ ਵਿਆਹ ਵੀ ਨਹੀਂ ਕਰਵਾਇਆ ਡੋਨਰ ਚੌਕ ਇਲਾਕੇ ਦਾ ਹੈ। ਦੱਸਿਆ ਜਾ ਰਿਹਾ ਹੈ ਕਿ 60 ਸਾਲਾ ਵਕੀਲ 11 ਮਈ ਦੀ ਦੁਪਹਿਰ ਨੂੰ 50 ਸਾਲਾ ਮਹਿਲਾ ਡਾਕਟਰ ਨਾਲ ਭੱਜ ਗਿਆ। ਜਦੋਂ ਮਹਿਲਾ ਡਾਕਟਰ ਰਾਤ ਤੱਕ ਘਰ ਨਹੀਂ ਪਹੁੰਚੀ ਤਾਂ ਉਸਦੇ ਪਤੀ ਨੇ ਉਸਦੀ ਬਹੁਤ ਭਾਲ ਕੀਤੀ, ਪਰ ਉਹ ਨਹੀਂ ਮਿਲੀ। ਇਸ ਤੋਂ ਬਾਅਦ ਪਤੀ ਨੇ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ। ਕਾਫ਼ੀ ਭਾਲ ਤੋਂ ਬਾਅਦ, ਪੁਲਸ ਨੇ 5ਵੇਂ ਦਿਨ ਯਾਨੀ ਸ਼ੁੱਕਰਵਾਰ ਨੂੰ ਸਹਰਸਾ ਸੀ। ਵਕੀਲ ਨੇ ਕਿਹਾ ਕਿ ਹੁਣ 2024 'ਚ 30 ਸਾਲਾਂ ਬਾਅਦ ਦੋਵੇਂ ਦੁਬਾਰਾ ਮਿਲੇ, ਜਿਸ ਤੋਂ ਬਾਅਦ ਦੋਵੇਂ ਫਿਰ ਇੱਕ ਦੂਜੇ ਦੇ ਨੇੜੇ ਆ ਗਏ। ਐਡਵੋਕੇਟ ਸੰਜੀਵ ਦਾ ਕਹਿਣਾ ਹੈ ਕਿ ਮਈ ਦੇ ਪਹਿਲੇ ਹਫ਼ਤੇ ਦੋਵਾਂ ਨੇ ਆਪਣੀ ਬਾਕੀ ਦੀ ਜ਼ਿੰਦਗੀ ਇਕੱਠੇ ਬਿਤਾਉਣ ਦਾ ਫੈਸਲਾ ਕੀਤਾ ਅਤੇ ਫਿਰ 11 ਮਈ ਨੂੰ ਦੋਵੇਂ ਸਹਰਸਾ ਆ ਗਏ। ਔਰਤ ਦੀ ਬਰਾਮਦਗੀ ਤੋਂ ਬਾਅਦ ਉਸ ਦੇ ਪਤੀ ਨੇ ਆਪਣੀ ਪਤਨੀ ਨੂੰ ਆਪਣੇ ਨਾਲ ਰੱਖਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਪੁਲਸ ਨੇ ਮਹਿਲਾ ਡਾਕਟਰ ਨੂੰ ਵਕੀਲ ਦੇ ਘਰ ਭੇਜ ਦਿੱਤਾ ਅਤੇ ਵਕੀਲ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ।

## ਮਨੁੱਖਤਾ ਨੂੰ ਸ਼ਰਮਸਾਰ ਕਰਦੀ ਘਟਨਾ, ਪਤੀ ਦੀ ਲਾਸ਼ ਲੈਣ ਲਈ ਪਤਨੀ 3 ਦਿਨਾਂ ਤੋਂ ਖਾ ਰਹੀ ਦਰ-ਦਰ ਠੋਕਰਾਂ

ਜਲੰਧਰ 27 ਮਈ। ਜਲੰਧਰ ਦੇ ਭਾਰਗੋਂ ਕੈਂਪ ਦੇ ਅਧੀਨ ਆਉਣ ਵਾਲੇ ਨਿਊ ਦਸਮੇਸ਼ ਨਗਰ ਵਿੱਚ ਹਮਲਾਵਰਾਂ ਨੇ ਇਕ ਵਿਅਕਤੀ ਨੂੰ ਗੋਲ?ੀਆਂ ਮਾਰ ਦਿੱਤੀਆਂ। ਜਾਣਕਾਰੀ ਅਨੁਸਾਰ ਇਸ ਘਟਨਾ ਵਿੱਚ ਨੌਜਵਾਨ ਨੂੰ ਤਿੰਨ ਗੋਲ?ੀਆਂ ਲੱਗੀਆਂ ਹਨ। ਘਟਨਾ ਵਾਲੀ ਥਾਂ ਤੋਂ ਇਕ ਗੋਲ?ੀ ਦਾ ਖੋਲ ਵੀ ਬਰਾਮਦ ਹੋਇਆ ਹੈ। ਜ਼ਖ਼ਮੀ ਨੌਜਵਾਨ ਦੀ ਪਛਾਣ ਪਵਨ ਕੁਮਾਰ ਉਰਫ਼ ਸੋਨੂੰ ਉਰਫ਼ ਚੰਟਾ ਵਜੋਂ ਹੋਈ ਹੈ। ਉਸ ਨੂੰ ਜ਼ਖ਼ਮੀ ਹਾਲਤ ਵਿੱਚ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਜਿੱਥੇ ਡਾਕਟਰਾਂ ਵੱਲੋਂ ਉਸ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਮੌਕੇ 'ਤੇ ਮੌਜੂਦ ਚਸ਼ਮਦੀਦ ਗਵਾਹ ਰਾਜਿੰਦਰ ਕੁਮਾਰ ਨੇ ਦੱਸਿਆ ਕਿ ਉਹ ਡਿਊਟੀ ਤੋਂ ਘਰ ਪਰਤਿਆ ਸੀ। ਉਸ ਵਿਅਕਤੀ ਨੇ ਕਿਹਾ ਕਿ ਉਸ ਨੂੰ ਸਵੇਰੇ ਚੰਟੇ ਦਾ ਫ਼ੋਨ ਆਇਆ ਕਿ ਉਸ ਦਾ ਕਿਸੇ ਨਾਲ ਝਗੜਾ ਹੋਇਆ ਹੈ। ਉਹ ਦੇਰ ਰਾਤ ਇਸ ਘਟਨਾ ਬਾਰੇ ਉਸ ਨਾਲ ਗੱਲ ਕਰ ਰਿਹਾ ਸੀ ਜਦੋਂ



ਹਮਲਾਵਰਾਂ ਨੇ ਚੰਟੇ 'ਤੇ ਗੋਲ?ੀਆਂ ਚਲਾਈਆਂ ਗਈਆਂ ਹਨ। ਇਕ ਗੋਲ?ੀ ਨੌਜਵਾਨ ਦੇ ਆਰ-ਪਾਰ ਹੋ ਗਈ। ਇਕ ਚਸ਼ਮਦੀਦ ਗਵਾਹ ਨੂੰ ਘਟਨਾ ਵਾਲੀ ਥਾਂ ਤੋਂ ਇਕ ਖੋਲ ਮਿਲਿਆ। ਉਸ ਵਿਅਕਤੀ ਨੇ ਜ਼ਖ਼ਮੀ ਨੌਜਵਾਨ ਦੇ ਪਰਿਵਾਰ ਨੂੰ ਘਟਨਾ ਬਾਰੇ ਸੂਚਿਤ ਕਰ ਦਿੱਤਾ ਹੈ। ਮੌਕੇ 'ਤੇ ਪਹੁੰਚੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਵਿਅਕਤੀ ਦੀ ਹਾਲਤ ਗੰਭੀਰ ਸੀ। ਡਾਕਟਰ ਵੱਲੋਂ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਉਸ ਨੂੰ ਇਲਾਜ ਲਈ ਦੂਜੇ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਜ਼ਖ਼ਮੀ ਪਵਨ ਨੇ ਦੱਸਿਆ ਕਿ ਬੀਤੇ ਦਿਨ ਇਕ ਵਿਅਕਤੀ ਵੱਲੋਂ ਬਿਨਾਂ ਕਿਸੇ ਕਾਰਨ ਉਸ ਦੇ ਪੁੱਤਰ ਨੂੰ ਥੱਪੜ ਮਾਰ ਦਿੱਤਾ ਗਿਆ ਸੀ। ਗੁੱਸੇ ਵਿੱਚ ਆਏ ਪੁੱਤਰ ਨੇ ਨੌਜਵਾਨਾਂ ਨੂੰ ਬੁਲਾ ਲਿਆ ਅਤੇ ਉਸ ਨਾਲ ਗੱਲ ਕਰਨ ਗਿਆ। ਦੇਰ ਰਾਤ ਦੋਵਾਂ ਧਿਰਾਂ ਵਿਚਕਾਰ ਮਾਮਲਾ ਸੁਲਝ ਗਿਆ। ਜ਼ਖ਼ਮੀ ਪਵਨ ਨੇ ਦੋਸ਼ ਲਗਾਇਆ ਕਿ ਅੱਜ ਪਰਮਜੀਤ, ਰਿੰਕੂ, ਪਰਮਜੀਤ ਦੀ ਪਤਨੀ, ਆਸ਼ੂ, ਵਿਸ਼ਾਲ, ਮੈਡੀ ਅਤੇ ਉਸ ਦੀ ਮਾਂ, ਚਾਰਲੀ ਅਤੇ ਮੌਲੀ ਨੇ ਮਿਲ ਕੇ ਉਸ 'ਤੇ ਹਮਲਾ ਕੀਤਾ। ਇਸ ਦੌਰਾਨ ਹਮਲਾਵਰਾਂ ਨੇ ਉਸ 'ਤੇ ਗੋਲ?ੀਆਂ ਚਲਾ ਦਿੱਤੀਆਂ। ਪੁਲਸ ਵੱਲੋਂ ਘਟਨਾ ਦੀ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਘਰ ਦੇ ਰਹਿ ਗਏ ਸੁੱਤੇ, 11 ਤੋਲੇ ਸੋਨਾ ਲੈ ਕੇ ਫਰਾਰ ਹੋਏ ਚੋਰ

ਦੀਨਾਨਗਰ, 27 ਮਈ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਦੇ ਪਿੰਡ ਮੱਦੋਵਾਲ ਵਿਖੇ ਚੋਰਾਂ ਵੱਲੋਂ ਇੱਕ ਘਰ ਦੀ ਖਿੜਕੀ ਦੀ ਗਰਿਲ ਤੋੜ ਕੇ ਕਮਰਿਆ ਅੰਦਰ ਵੜ ਕੇ ਅਲਮਾਰੀਆਂ ਦੇ ਤਾਲੇ ਤੋੜ ਕੇ ਕਰੀਬ 10 ਤੋਂ 11 ਤੋਲੇ ਸੋਨੇ ਦੇ ਗਹਿਣੇ ਅਤੇ 20 ਹਜਾਰ ਰੁਪਏ ਦੇ ਕਰੀਬ ਨਗਦੀ ਚੋਰੀ ਕਰਨ ਦੀ ਖਬਰ ਸਾਹਮਣੇ ਆਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਘਰ ਦੇ ਮਾਲਕ ਸਾਹਿਬ ਸਿੰਘ ਅਤੇ ਮੌਜੂਦਾ ਸਰਪੰਚ ਕੁਲਵਿੰਦਰ ਸਿੰਘ ਵਾਸੀ ਮੱਦੋਵਾਲ ਨੇ ਦੱਸਿਆ ਕਿ ਪਰਿਵਾਰਿਕ ਮੈਂਬਰ ਰੋਜਾਨਾ ਦੀ ਤਰ੍ਹਾਂ ਆਪਣੇ ਵਿਹੜੇ ਵਿੱਚ ਕੂਲਰ ਲਾ ਕੇ ਸੁੱਤੇ ਹੋਏ ਸੀ ਅਤੇ ਚੋਰਾਂ ਨੇ ਪਿਛਲੇ ਪਾਸਿਓਂ ਖਿੜਕੀ ਦੀ ਗਰਿਲ ਤੋੜ ਕੇ ਅੰਦਰ ਪਈਆਂ ਅਲਮਾਰੀਆਂ ਦੇ ਤਾਲੇ ਤੋੜ ਕੇ ਸੋਨੇ ਦੇ ਗਹਿਣੇ ਸਮੇਤ ਨਗਦੀ ਚੋਰੀ ਕਰ ਲਈ ਗਈ ਹੈ ਇਸ ਸਬੰਧੀ ਦੀਨਾਨਗਰ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਪੁਲਸ ਵੱਲੋਂ ਮੌਕੇ ਦੇ ਪਹੁੰਚ ਕੇ ਸਾਰੀ ਘਟਨਾ ਦੀ ਜਾਂਚ ਕੀਤੀ ਜਾ ਰਹੀ ਪਰ ਪਰਿਵਾਰਿਕ ਮੈਂਬਰਾਂ ਵਿੱਚ ਕਾਫੀ ਨਿਰਾਸ਼ਾ ਵਾਲੀ ਭਾਵਨਾ ਪਾਈ ਜਾ ਰਹੀ ਹੈ ਕਿਉਂਕਿ ਉਨ੍ਹਾਂ ਦਾ ਕਰੀਬ 10 ਲੱਖ ਤੋ ਵੱਧ ਦਾ ਨੁਕਸਾਨ ਹੋ ਗਿਆ ਹੈ ਪਰਿਵਾਰਿਕ ਮੈਂਬਰਾਂ ਨੇ ਪੁਲਸ ਪ੍ਰਸ਼ਾਸਨ ਕੋਲੋਂ ਗੁਹਾਰ ਲਗਾਈ ਹੈ ਕਿ ਜਲਦ ਚੋਰਾਂ ਨੂੰ ਫੜ ਕੇ ਸਾਡਾ ਸਮਾਨ ਬਰਾਮਦ ਕੀਤਾ ਜਾਵੇ ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਦੀਨਾਨਗਰ ਹਲਕੇ ਅੰਦਰ ਨਿੱਤ ਦਿਨ ਚੋਰੀ ਦੀਆਂ ਘਟਨਾ ਵੱਧਣ ਕਾਰਨ ਲੋਕਾਂ ਅੰਦਰ ਚੋਰਾਂ ਦੇ ਡਰ ਦੀ ਭਾਵਨਾ ਪਾਈ ਜਾ ਰਹੀ ਹੈ ਉਨ੍ਹਾਂ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਕੋਲੋਂ ਇਲਾਕੇ ਅੰਦਰ ਗਸਤ ਵਧਾਉਣ ਦੀ ਮੰਗ ਕੀਤੀ ਹੈ।

## ਹਸਪਤਾਲ 'ਚ ਗਰਭਵਤੀ ਔਰਤ ਨੂੰ ਡਾਕਟਰਾਂ ਨੇ ਚੜ੍ਹਾਇਆ ਖ਼ੂਨ

ਜੈਪੁਰ 27 ਮਈ। ਜੈਪੁਰ ਦੇ ਸਵਾਈ ਮਾਨਸਿੰਘ (ਐੱਸਐੱਮਐੱਸ) ਹਸਪਤਾਲ 'ਚ ਇਕ ਗਰਭਵਤੀ ਔਰਤ ਦੀ ਮੌਤ ਹੋ ਗਈ। ਪਰਿਵਾਰ ਵਾਲਿਆਂ ਦਾ ਦੋਸ਼ ਹੈ ਕਿ ਗਲਤ (ਬੇਮੇਲ) ਖ਼ੂਨ ਚੜ੍ਹਾਏ ਜਾਣ ਕਾਰਨ ਅਜਿਹਾ ਹੋਇਆ। ਹਾਲਾਂਕਿ ਡਾਕਟਰਾਂ ਨੇ ਕਿਸੇ ਵੀ ਲਾਪਰਵਾਹੀ ਤੋਂ ਇਨਕਾਰ ਕੀਤਾ ਹੈ। ਅਧਿਕਾਰੀਆਂ ਨੇ ਕਿਹਾ ਕਿ ਟੋਂਕ ਜ਼ਿਲ੍ਹੇ ਦੀ 23 ਸਾਲਾ ਚੈਨਾ ਨੂੰ 12 ਮਈ ਨੂੰ ਗੰਭੀਰ ਰੂਪ ਨਾਲ ਘੱਟ ਹੀਮੋਗਲੋਬਿਨ ਪੱਧਰ, ਟੀਬੀ ਅਤੇ ਹੋਰ ਸਿਹਤ ਸਮੱਸਿਆਵਾਂ ਨਾਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਸੀ। ਬੁੱਧਵਾਰ ਨੂੰ ਉਸ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ 19 ਮਈ ਨੂੰ ਇਕ ਜਾਂਚ ਦੇ ਆਧਾਰ 'ਤੇ ਹਸਪਤਾਲ ਦੇ ਬਲੱਡ ਬੈਂਕ ਤੋਂ ਖ਼ੂਨ ਮੰਗਵਾਇਆ ਗਿਆ, ਜਿਸ 'ਚ ਕਥਿਤ ਤੌਰ 'ਤੇ ਉਸ ਦਾ ਬਲੱਡ ਗਰੁੱਪ 'ਏ' ਪਾਜ਼ੇਟਿਵ ਸੀ। ਸੂਤਰਾਂ ਨੇ ਕਿਹਾ ਕਿ ਉਸ ਨੂੰ ਅਗਲੇ ਦਿਨ ਖ਼ੂਨ ਚੜ੍ਹਾਇਆ ਗਿਆ ਸੀ। ਸੂਤਰਾਂ ਅਨੁਸਾਰ ਬਾਅਦ 'ਚ ਇਕ ਜਾਂਚ 'ਚ ਸੰਕੇਤ ਮਿਲਿਆ ਕਿ ਕੁੜੀ ਦਾ ਬਲੱਡ ਗਰੁੱਪ 'ਬੀ' ਪਾਜ਼ੇਟਿਵ ਸੀ, ਜਿਸ ਨਾਲ ਗਲਤ ਖ਼ੂਨ ਚੜ੍ਹਾਉਣ ਦਾ ਸ਼ੱਕ ਹੋਇਆ। ਖ਼ੂਨ ਚੜ੍ਹਾਏ ਜਾਣ ਤੋਂ ਬਾਅਦ ਬੁਖਾਰ, ਠੰਡ ਲੱਗਣ ਵਰਗੇ ਲੱਛਣਾਂ ਦਾ ਜ਼ਿਕਰ ਕੀਤਾ ਗਿਆ ਹੈ। ਇਲਾਜ ਕਰਨ ਵਾਲੀ ਡਾਕਟਰ ਸਵਾਤੀ ਸ਼?ਰੀਵਾਸਤਵ ਨੇ ਖ਼ੂਨ ਚੜ੍ਹਾਉਣ (ਟ?ਰਾਂਸਫਿਊਜ਼ਨ) ਦੀ ਪ੍ਰਕਿਰਿਆ 'ਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ,''ਮੈਂ ਉਸ ਸਮੇਂ ਛੁੱਟੀ 'ਤੇ ਸੀ। ਪੁੱਛ-ਗਿੱਛ ਕਰਨ 'ਤੇ ਮੈਨੂੰ ਦੱਸਿਆ ਗਿਆ ਕਿ ਮਰੀਜ਼ 'ਚ ਟ?ਰਾਂਸਫਿਊਜ਼ਨ ਦੌਰਾਨ 'ਰਿਐਕਸ਼ਨ' ਹੋਇਆ। ਉਹ ਪਹਿਲਾਂ ਤੋਂ ਹੀ ਟੀਬੀ ਕਾਰਨ ਗੰਭੀਰ ਰੂਪ ਬੀਮਾਰ ਸੀ ਅਤੇ ਗਰਭ ਦੇ ਅੰਦਰ ਭਰੂਣ ਦੀ ਮੌਤ ਸੰਬੰਧੀ ਸਮੱਸਿਆਵਾਂ ਵੀ ਸਨ।''

## ਘਰ 'ਚ ਅੱਗ ਲੱਗਣ ਕਾਰਨ ਲੱਖਾਂ ਦਾ ਸਾਮਾਨ ਸੜ ਕੇ ਸੁਆਹ, ਵਾਲ-ਵਾਲ ਬਚਿਆ ਪਰਿਵਾਰ

ਭਵਾਨੀਗੜ੍ਹ, 27 ਮਈ। ਸਥਾਨਕ ਸ਼ਹਿਰ 'ਚ ਲੰਘਦੇ ਬਠਿੰਡਾ ਜ਼ੀਰਕਪੁਰ ਨੈਸ਼ਨਲ ਹਾਈਵੇ ਦੀ ਸਰਵਿਸ ਰੋਡ ਉਪਰ ਪੁਰਾਣੇ ਬੱਸ ਅੱਡੇ ਨੇੜੇ ਸਥਿਤ ਇਕ ਘਰ 'ਚ ਦੇਰ ਰਾਤ ਅਚਾਨਕ ਅੱਗ ਲੱਗ ਜਾਣ ਕਾਰਨ ਫਰਨੀਚਰ, ਏ. ਸੀ., ਬਿਜਲੀ ਦੇ ਪੱਖੇ ਅਤੇ ਹੋਰ ਉਪਕਰਨ ਸੜ ਕੇ ਸੁਆਹ ਹੋ ਜਾਣ ਕਾਰਨ ਪਰਿਵਾਰ ਦਾ 5 ਲੱਖ ਰੁਪਏ ਦੇ ਕਰੀਬ ਦਾ ਨੁਕਸਾਨ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ। ਅੱਗ ਲੱਗਣ ਦਾ ਪਤਾ ਚੱਲਣ 'ਤੇ ਕਮਰੇ ਅੰਦਰ ਸੁੱਤੇ ਪਏ ਪਰਿਵਾਰ ਦੇ ਮੈਂਬਰਾਂ ਸਮਾਂ ਰਹਿੰਦਿਆਂ ਹੀ ਘਰੋਂ ਬਾਹਰ ਨਿਕਲ ਜਾਣ ਕਾਰਨ ਜਾਨੀ ਨੁਕਸਾਨ ਹੋਣ ਤੋਂ ਵੱਡਾ ਬਚਾਅ ਰਿਹਾ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਘਰ ਦੇ ਮਾਲਕ ਆਸ਼ੂ ਗੋਇਲ ਪੁੱਤਰ ਜੀਵਨ ਗੋਇਲ ਨੇ ਦੱਸਿਆ ਕਿ ਬੀਤੀ ਰਾਤ ਜਦੋਂ ਉਹ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਘਰ 'ਚ ਸੁੱਤਾ ਪਿਆ ਸੀ ਤਾਂ ਅੱਧੀ ਰਾਤ ਦੇ ਕਰੀਬ ਉਨ੍ਹਾਂ ਦੇ ਘਰ 'ਚ ਅਚਾਨਕ ਇਕ ਵੱਡੇ ਪਟਾਕੇ ਦੀ ਆਵਾਜ਼ ਸੁਣਾਈ ਦਿੱਤੀ, ਤਾਂ ਜਦੋਂ ਉਸ ਨੇ ਉੱਠ ਕੇ ਆਪਣੇ ਕਮਰੇ ਤੋਂ



ਬਾਹਰ ਆ ਕੇ ਘਰ ਦੀ ਲੋਬੀ 'ਚ ਦੇਖਿਆ ਤਾਂ ਲੋਬੀ ਤੇ ਪੂਜਾ ਰੂਮ 'ਚ ਅੱਗ ਲੱਗੀ ਹੋਈ ਸੀ ਤੇ ਪੂਰੇ ਘਰ 'ਚ ਧੂੰਆਂ ਹੋਇਆ ਪਿਆ ਸੀ। ਉਸ ਵੱਲੋਂ ਬਚਾਅ ਲਈ ਰੌਲਾ ਪਾਉਣ ਦੇ ਨਾਲ-ਨਾਲ ਪਹਿਲਾਂ ਬਹੁਤ ਹੀ ਮੁਸ਼ਕਿਲ ਦੇ ਨਾਲ ਆਪਣੇ ਦੋਵੇਂ ਬੱਚਿਆਂ ਅਤੇ ਪਤਨੀ ਨੂੰ ਸੁਰੱਖਿਅਤ ਘਰੋਂ ਬਾਹਰ ਕੱਢਿਆ ਅਤੇ ਘਰ ਅੰਦਰ ਅੱਗ ਲੱਗਣ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ। ਮੌਕੇ 'ਤੇ ਪਹੁੰਚੀ ਫਾਇਰ ਬ੍ਰਿਗੇਡ ਦੀ ਗੱਡੀ ਨੇ ਕਾਫੀ ਦੇਰ ਜਦੋ-ਜਹਿਦ ਕਰ ਕੇ ਇਸ ਅੱਗ ਉਪਰ ਕਾਬੂ ਪਾਇਆ। ਉਨ੍ਹਾਂ ਦੱਸਿਆ ਕਿ ਅੱਗ ਦੀ ਇਸ ਘਟਨਾ 'ਚ ਪੂਜਾ ਵਾਲਾ ਕਮਰਾ, ਘਰ 'ਚ ਲੱਗੇ 2 ਏਅਰ ਕੰਡੀਸ਼ਨਰ, 3 ਪੱਖੇ, ਵੱਡੀ ਮਾਤਰਾ 'ਚ ਫਰਨੀਚਰ ਤੇ ਗੇਟ ਬਾਰੀਆਂ, ਘਰ ਦੀ ਸਾਰੀ ਛੱਤ ਅਤੇ ਹੋਰ ਸਾਮਾਨ ਸੜ ਕੇ ਸੁਆਹ ਹੋ ਜਾਣ ਕਾਰਨ ਉਨ੍ਹਾਂ ਦਾ 5 ਲੱਖ ਰੁਪਏ ਦੇ ਕਰੀਬ ਦਾ ਨੁਕਸਾਨ ਹੋ ਗਿਆ ਹੈ। ਜੇਕਰ ਸਮਾਂ ਰਹਿੰਦਿਆਂ ਇਸ ਅੱਗ ਦਾ ਪਤਾ ਨਾ ਚੱਲਦਾ ਤਾਂ ਉਨ੍ਹਾਂ ਦੇ ਪਰਿਵਾਰ ਦਾ ਘਰ 'ਚੋਂ ਸੁਰੱਖਿਅਤ ਨਿਕਲਣਾ ਮੁਸ਼ਕਿਲ ਸੀ।

## ਪਤਨੀ ਦੇ ਮਕਾਨ ਮਾਲਕ ਨਾਲ ਸੀ ਨਾਜਾਇਜ਼ ਸਬੰਧ

ਲੁਧਿਆਣਾ 27 ਮਈ। ਪਤਨੀ ਦੇ ਨਾਜਾਇਜ਼ ਸਬੰਧਾਂ ਤੋਂ ਤੰਗ ਆ ਕੇ ਇਕ ਪਤੀ ਨੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਸ ਮਾਮਲੇ ਵਿਚ ਡਿਵੀਜ਼ਨ ਨੰਬਰ 6 ਪੁਲਸ ਨੇ ਮ੍ਰਿਤਕ ਦੀ ਪਤਨੀ, ਮਕਾਨ ਮਾਲਕ ਅਤੇ ਹੋਰਾਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ। ਚੌਕੀ ਇੰਚਾਰਜ ਏ.ਐੱਸ.ਆਈ. ਪ੍ਰੀਤਪਾਲ ਸਿੰਘ ਅਨੁਸਾਰ ਮੁਲਜ਼ਮਾਂ ਦੀ ਪਛਾਣ ਪਤਨੀ ਗੁਲਸਫ਼ਾ, ਮਕਾਨ ਮਾਲਕ ਸੋਨੂੰ ਵਜੋਂ ਹੋਈ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ, ਟਿੱਬਾ ਰੋਡ ਸਥਿਤ ਗੁਲਾਬੀ ਬਾਗ ਦੇ ਵਸਨੀਕ ਮੇਹਰਬਾਨ ਨੇ ਕਿਹਾ ਕਿ 12 ਮਾਰਚ ਦੀ ਦੁਪਹਿਰ ਨੂੰ, ਉਸ ਦੀ ਭਰਜਾਈ ਗੁਲਸਫ਼ਾ ਨੇ ਉਸ ਨੂੰ ਫ਼ੋਨ ਕਰਕੇ ਦੱਸਿਆ ਕਿ ਉਸ ਦੇ ਭਰਾ ਇਰਫਾਨ (26) ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਸ ਤੋਂ ਬਾਅਦ ਉਹ ਆਪਣੇ ਪਿਤਾ ਮੁਹੰਮਦ ਸਲੀਮ, ਮਕਾਨ ਮਾਲਕ ਅਤੇ ਲੱਡੂ ਨਾਲ ਮਿਲ ਕੇ ਉਸ ਨੂੰ ਹਸਪਤਾਲ ਲੈ ਗਿਆ। ਇਕ ਦਿਨ ਬਾਅਦ, ਉਸ ਦੇ ਭਰਾ ਦੀ ਪੀ.ਜੀ.ਆਈ. ਵਿਚ ਮੌਤ ਹੋ ਗਈ। ਉਸ ਨੂੰ ਸ਼ੱਕ ਹੈ ਕਿ ਉਸ ਦੀ ਭਰਜਾਈ ਦੇ ਆਪਣੇ ਮਕਾਨ ਮਾਲਕ ਨਾਲ ਨਾਜਾਇਜ਼ ਸਬੰਧ ਸਨ। ਇਸ ਤੋਂ ਤੰਗ ਆ ਕੇ ਉਸ ਦੇ ਭਰਾ ਨੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ।

## ਨਸ਼ਾ ਸਪਲਾਈ ਕਰਨ ਜਾ ਰਹੇ 2 ਸਮੱਗਲਰ 1.710 ਕਿਲੋ ਹੈਰੋਇਨ ਸਮੇਤ ਕਾਬੂ

ਲੁਧਿਆਣਾ 27 ਮਈ। ਨਸ਼ਾ ਸਪਲਾਈ ਕਰਨ ਜਾ ਰਹੇ 2 ਨਸ਼ਾ ਸਮੱਗਲਰਾਂ ਨੂੰ ਸੀ. ਆਈ. ਏ. ਸਟਾਫ ਦੀ ਪੁਲਸ ਨੇ ਕਾਬੂ ਕਰ ਲਿਆ। ਟੀਮ ਨੇ ਮੁਲਜ਼ਮਾਂ ਦੀ ਭਾਲ ਦੌਰਾਨ ਉਨ੍ਹਾਂ ਤੋਂ 1 ਕਿਲੋ 710 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ ਪੁਲਸ ਨੇ ਮੁਲਜ਼ਮਾਂ ਤੋਂ 2 ਲੱਖ 90 ਹਜ਼ਾਰ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ। ਮੁਲਜ਼ਮਾਂ ਖਿਲਾਫ ਪੁਲਸ ਨੇ ਥਾਣਾ ਸਦਰ 'ਚ ਨਸ਼ਾ ਸਮੱਗਲਿਗ ਕਰਨ ਦੇ ਦੋਸ਼ 'ਚ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਐੱਸ. ਬੀ. ਐੱਸ. ਨਗਰ, ਧਾਂਦਰਾ ਰੋਡ ਦੇ ਰਹਿਣ ਵਾਲੇ ਦੇਵ ਕੁਮਾਰ ਉਰਫ ਨੋਨਾ ਅਤੇ ਮੁਹੱਲਾ ਸ਼ਹੀਦ ਭਗਤ ਸਿੰਘ ਨਗਰ ਦੇ ਰਹਿਣ ਵਾਲੇ ਅੰਕਿਤ ਭੂਰੀ ਵਜੋਂ ਕੀਤੀ ਹੈ। ਪੁਲਸ ਨੇ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕਰ ਕੇ 2 ਦਿਨ ਦੇ ਪੁਲਸ ਰਿਮਾਂਡ 'ਤੇ ਲਿਆ ਹੈ। ਸੀ. ਆਈ. ਏ. ਇੰਚਾਰਜ ਇੰਸ. ਕੁਲਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਨੇ ਨਸ਼ਾ ਸਮੱਗਲਰਾਂ ਦੀ ਭਾਲ 'ਚ ਗਸ਼ਤ ਦੌਰਾਨ ਚੈਕਿੰਗ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਸਮੱਗਲਿੰਗ ਕਰਨ ਦੀ ਤਿਆਰੀ 'ਚ ਸਨ। ਪੁਲਸ ਨੇ ਮੁਲਜ਼ਮਾਂ ਤੋਂ 2 ਲੱਖ 90 ਹਜ਼ਾਰ ਰੁਪਏ ਦੀ ਡਰੱਗ ਮਨੀ



ਉਕਤ ਮੁਲਜ਼ਮ ਹੈਰੋਇਨ ਸਪਲਾਈ ਕਰਨ ਦਾ ਧੰਦਾ ਕਰਦੇ ਹਨ। ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਉਨ੍ਹਾਂ ਦੀ ਟੀਮ ਨੇ ਮੁਲਜ਼ਮਾਂ ਨੂੰ ਇਲਾਕੇ 'ਚੋਂ ਉਸ ਸਮੇਂ ਕਾਬੂ ਕਰ ਲਿਆ, ਜਦੋਂ ਉਹ ਹੈਰੋਇਨ ਵੀ ਬਰਾਮਦ ਕੀਤੀ ਹੈ। ਜਾਂਚ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮਾਂ ਤੋਂ ਪੁੱਛਗਿੱਛ ਕਰ ਕੇ ਪਤਾ ਲਗਾਇਆ ਜਾ ਰਿਹਾ ਹੈ ਕਿ ਮੁਲਜ਼ਮ ਨਸ਼ਾ ਕਿਥੋਂ ਲੈ ਕੇ ਆਉਂਦੇ ਸਨ ਅਤੇ ਕਿਨ੍ਹਾਂ ਇਲਾਕਿਆਂ 'ਚ ਸਪਲਾਈ ਕਰਦੇ ਸਨ। ਮੁਲਜ਼ਮਾਂ ਤੋਂ ਬਰਾਮਦ ਮੋਬਾਈਲ ਫੋਨ ਨੂੰ ਚੈੱਕ ਕਰ ਕੇ ਉਨ੍ਹਾਂ ਦੇ ਸੰਪਰਕਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ

## ਪੰਜਾਬੀ ਬਾਗ 'ਚ ਪੁਲਸ ਦੀ ਵੱਡੀ ਕਾਰਵਾਈ, ਫੜਿਆ ਗਿਆ ਬਦਨਾਮ ਗਊ ਤਸਕਰ

ਵੈੱਬ ਡੈਸਕ 27 ਮਈ। ਜਲੰਧਰ 'ਚ ਪੁਲਸ ਨੇ ਇੱਕ ਗਊ ਤਸਕਰ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਰਿਪੋਰਟਾਂ ਅਨੁਸਾਰ, ਪੁਲਸ ਨੇ ਜਲੰਧਰ ਪਠਾਨਕੋਟ ਹਾਈਵੇਅ 'ਤੇ ਪੰਜਾਬੀ ਬਾਗ ਨੇੜੇ ਕਾਰਵਾਈ ਕੀਤੀ ਅਤੇ ਗਾਵਾਂ ਲਿਜਾ ਰਹੇ ਤਸਕਰਾਂ ਨੂੰ ਕਾਬੂ ਕਰ ਲਿਆ। ਤਸਕਰ ਨੂੰ ਟਰੱਕ 'ਚ 12 ਗਾਵਾਂ ਮੁਕੇਰੀਆਂ ਲੈ ਕੇ ਜਾਣਾ ਸੀ। ਦੱਸਿਆ ਜਾ ਰਿਹਾ ਹੈ ਕਿ ਗਊ ਰੱਖਿਅਕਾਂ ਨੇ ਪੁਲਸ ਨੂੰ ਸੂਚਿਤ ਕੀਤਾ ਕਿ ਇੱਕ ਗਊ ਤਸਕਰ ਸੰਗਰੂਰ ਵਾਲੇ ਪਾਸਿਓਂ ਪਸ਼ੂ ਲਿਆ ਰਿਹਾ ਹੈ ਅਤੇ ਉਨ੍ਹਾਂ ਨੂੰ ਮੁਕੇਰੀਆਂ ਲੈ ਜਾਵੇਗਾ। ਸੂਚਨਾ ਮਿਲਦੇ ਹੀ ਪੁਲਸ ਚੌਕਸ ਹੋ ਗਈ। ਪੁਲਸ ਨੇ ਗਊ ਰੱਖਿਅਕਾਂ ਨੂੰ ਜਾਲ ਵਿਛਾਉਣ ਲਈ ਕਿਹਾ। ਜਿਵੇਂ ਹੀ ਉਹ ਜਲੰਧਰ ਪਠਾਨਕੋਟ ਚੌਕ ਪਹੁੰਚਿਆ ਪੁਲਸ ਨੇ ਉਸ ਨੂੰ ਰੋਕ ਲਿਆ ਪਰ ਮੁਲਜ਼ਮਾਂ ਨੇ ਟਰੱਕ ਲੈ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਤਸਕਰ ਪੁਲਸ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਸੀ। ਤਸਕਰ ਦਾ ਪਿੱਛਾ ਕੀਤਾ ਗਿਆ। ਜਦੋਂ ਪਿੱਛਾ ਕੀਤਾ ਜਾ ਰਿਹਾ ਸੀ ਤਾਂ ਟਰੱਕ ਦੇ ਸਾਹਮਣੇ ਇੱਕ ਫਾਰਚੂਨਰ ਕਾਰ ਸੀ, ਜੋ ਪੁਲਸ ਨੂੰ ਦੇਖ ਕੇ ਉੱਥੋਂ ਭੱਜ ਗਈ। ਤਸਕਰ ਨੇ ਟਰੱਕ ਭਜਾ ਕੇ ਪੰਜਾਬੀ ਬਾਗ ਵੱਲ ਮੋੜ ਲਿਆ। ਅੱਗੇ ਸੜਕ ਬੰਦ ਹੋਣ ਕਾਰਨ, ਤਸਕਰ ਨੂੰ ਪੁਲਸ ਨੇ ਫੜ ਲਿਆ। ਫਿਲਹਾਲ ਇਸ ਮਾਮਲੇ ਦੀ ਜਾਣਕਾਰੀ ਮਕਸੂਦਨ ਪੁਲਸ ਸਟੇਸ਼ਨ ਨੂੰ ਦੇ ਦਿੱਤੀ ਗਈ ਹੈ। ਪੁਲਸ ਨੇ ਟਰੱਕ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਗਊ ਰੱਖਿਅਕਾਂ ਨੇ ਦੋਸ਼ ਲਗਾਇਆ ਕਿ ਉਕਤ ਤਸਕਰ ਨੂੰ ਕੁਝ ਦਿਨ ਪਹਿਲਾਂ ਫੜਿਆ ਗਿਆ ਸੀ ਪਰ ਉਹ ਜ਼ਮਾਨਤ 'ਤੇ ਬਾਹਰ ਆ ਗਿਆ, ਜਿਸ ਤੋਂ ਬਾਅਦ ਉਸਨੇ ਦੁਬਾਰਾ ਗਊ ਤਸਕਰੀ ਸ਼ੁਰੂ ਕਰ ਦਿੱਤੀ।

## ਪੰਜਾਬ: ਅੱਧੀ ਰਾਤ ਲਿਆਇਆ ਪ੍ਰੇਮਿਕਾ, ਸਵੇਰੇ ਛੱਡਣ ਗਏ ਨੂੰ ਕਰ 'ਤਾ ਕਤਲ

ਨਕੋਦਰ 27 ਮਈ। ਥਾਣਾ ਸਦਰ ਦੇ ਅਧੀਨ ਆਉਂਦੇ ਪਿੰਡ ਥਾਬਲਕੇ ਵਿਖੇ ਬੀਤੇ ਦਿਨ ਸਵੇਰੇ ਇਕ 50 ਸਾਲਾ ਵਿਅਕਤੀ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਹੋਣ ਦੀ ਸੂਚਨਾ ਮਿਲਦੇ ਹੀ ਤੁਰੰਤ ਡੀ. ਐੱਸ. ਪੀ. ਨਕੋਦਰ ਸੁਖਪਾਲ ਸਿੰਘ, ਸਦਰ ਥਾਣਾ ਮੁਖੀ ਬਲਜਿੰਦਰ ਸਿੰਘ ਅਤੇ ਸ਼ੰਕਰ ਚੌਕੀ ਇੰਚਾਰਜ ਏ. ਐੱਸ. ਆਈ. ਜਗਤਾਰ ਸਿੰਘ ਨੇ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਜਾਂਚ ਸ਼ੁਰੂ ਕਰ ਦਿੱਤੀ। ਮ੍ਰਿਤਕ ਦੀ ਪਛਾਣ ਬਿੰਦਰ ਸਿੰਘ (50) ਪੁੱਤਰ ਅਜੀਤ ਸਿੰਘ ਵਾਸੀ ਸੁੰਨੜ ਕਲਾਂ ਕਾਲੋਨੀ ਪਿੰਡ ਸਿੱਧਮ ਹਰੀ ਸਿੰਘ ਨੂਰਮਹਿਲ ਵਜੋਂ ਹੋਈ ਹੈ, ਜਿਸ ਦੇ ਨੇੜਲੇ ਇਕ ਪਿੰਡ ਦੀ ਲੜਕੀ ਨਾਲ ਪ੍ਰੇਮ ਸੰਬੰਧ ਸਨ, ਜਿਸ ਦੇ ਚਲਦਿਆਂ ਲੜਕੀ ਦੇ ਇਕ ਹੋਰ ਜਾਣਕਾਰ ਨੌਜਵਾਨ ਨੇ ਉਕਤ ਵਿਅਕਤੀ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਸਦਰ ਪੁਲਸ ਨੂੰ ਦਿੱਤੇ ਬਿਆਨ 'ਚ ਮ੍ਰਿਤਕ ਦੇ ਪੁੱਤਰ ਸਤਨਾਮ ਸਿੰਘ ਵਾਸੀ ਸੁੰਨੜ ਕਲਾ ਕਾਲੋਨੀ ਪਿੰਡ ਸਿੱਧਮ ਹਰੀ ਸਿੰਘ ਨੂਰਮਹਿਲ ਨੇ ਦੱਸਿਆ ਕਿ ਉਹ ਕਾਫੀ ਸਮੇਂ ਤੋਂ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਨੂਰਮਹਿਲ ਵਿਖੇ ਸੇਵਾ ਕਰਦਾ ਹੈ, ਤੇ ਆਪਣੀ ਭੈਣ ਸਮੇਤ ਆਸ਼ਰਮ ਵਿਖੇ ਹੀ ਰਹਿੰਦੇ ਹਨ। ਉਸ ਦਾ ਮਾਤਾ-ਪਿਤਾ ਬਿੰਦਰ ਸਿੰਘ (50) ਕਾਲੋਨੀ ਸੁਨੜ ਕਲਾਂ ਵਿਖੇ ਇਕੱਲੇ ਹੀ ਰਹਿੰਦੇ ਹਨ।ਪਿਤਾ ਬਰਗਰ ਦੀ ਰੇਹੜੀ ਲਾਉਂਦਾ ਸੀ। ਬੀਤੇ ਕੱਲ ਮਾਤਾ ਨੂਰਮਹਿਲ ਆਸ਼ਰਮ ਵਿਖੇ ਆਈ ਸੀ ਤੇ ਰਾਤ ਸਾਡੇ ਕੋਲ ਰੁਕ ਗਈ ਸੀ। ਅੱਜ ਕਰੀਬ 8 ਵਜੇ ਸਵੇਰ ਉਸ ਦੀ ਮਾਤਾ ਘਰ ਗਈ ਤਾਂ ਘਰ ਦੇ ਬਾਹਰਲੇ ਗੇਟ ਨੂੰ ਤਾਲਾ ਲੱਗਾ ਹੋਇਆ ਸੀ। ਗੁਆਂਢੀ ਦੀ ਮਦਦ ਨਾਲ ਗੇਟ ਖੁਲ੍ਹਵਾ ਕੇ ਅੰਦਰ ਗਏ ਤਾਂ ਉਸ ਦੇ ਪਿਤਾ ਘਰ ਵਿਚ ਨਹੀਂ ਸਨ। ਉਸ ਦੇ ਪਿਤਾ ਦਾ ਫੋਨ ਰੇਂਜ 'ਤੇ ਬਾਹਰ ਆ ਰਿਹਾ ਸੀ। ਸਾਡੇ ਗੁਆਂਢੀ ਗੁਰਪ੍ਰੀਤ ਉਰਫ ਗੋਪੀ ਨੇ ਦੱਸਿਆ ਕਿ ਉਸ ਦੇ ਪਿਤਾ ਅਤੇ ਮੋਟਰਸਾਈਕਲ ਪਲੈਟੀਨਾ ਮੇਨ ਜੀ. ਟੀ. ਰੋਡ ਜੰਡਿਆਲਾ/ਜਲੰਧਰ 'ਤੇ ਪਿੰਡ ਬਾਬਲਕੇ ਨੂੰ ਜਾਂਦੀ ਸੜਕ ਨੇੜੇ ਪਿਆ ਹੈ। ਜਿੱਥੇ ਰਾਹਗੀਰਾਂ ਵੱਲੋਂ ਉਸ ਦੇ ਪਿਤਾ ਨੂੰ 108 ਐਂਬੁਲੈਂਸ



ਰਾਹੀਂ ਇਲਾਜ ਲਈ ਸਿਵਲ ਹਸਪਤਾਲ ਨੂਰਮਹਿਲ ਦਾਖਲ ਕਰਵਾਇਆ ਪਰ ਪਿਤਾ ਦੀ ਮੌਤ ਹੋ ਚੁੱਕੀ ਹੈ।ਇਸ ਦੀ ਲਾਸ਼ ਸਿਵਲ ਹਸਪਤਾਲ ਨਕੋਦਰ ਵਿਖੇ ਜਮ?ਹਾ ਕਰਵਾਈ ਗਈ ਹੈ। ਲਾਸ਼ ਨੂੰ ਚੰਗੀ ਤਰ੍ਹਾਂ ਦੇਖਣ 'ਤੇ ਖੱਬੇ ਕੰਨ, ਕੰਨ ਦੇ ਥੱਲੇ ਤੇ ਮੱਥੇ ਉੱਪਰ ਤੇਜ਼ਧਾਰ ਹਥਿਆਰਾਂ ਨਾਲ ਸੱਟਾਂ ਮਾਰਨ ਦੇ ਨਿਸ਼ਾਨ ਸਨ। ਉਸ ਨੂੰ ਪਤਾ ਲੱਗਾ ਕਿ ਉਸ ਦੇ ਪਿਤਾ ਦੇ ਨੇੜਲੇ ਪਿੰਡ ਦੀ ਇਕ ਕੁੜੀ ਨਾਲ ਪ੍ਰੇਮ ਸੰਬੰਧ ਸਨ ਅਤੇ ਇਕ ਹੋਰ ਮੁੰਡੇ ਰਵੀ ਕੁਮਾਰ ਪੁੱਤਰ ਮੁਲਖ ਰਾਜ ਵਾਸੀ ਪਿੰਡ ਥਾਬਲਕੇ ਦੀ ਵੀ ਉਸ ਕੁੜੀ ਨਾਲ ਗੱਲਬਾਤ ਸੀ। ਰਵੀ ਕੁਮਾਰ, ਇਸ ਗੱਲ ਨੂੰ ਲੈ ਕੇ ਮੇਰੇ ਪਿਤਾ ਨਾਲ ਰੰਜਿਸ਼ ਰੱਖਦਾ ਸੀ। ਘਟਨਾ ਤੋਂ ਇਕ ਦਿਨ ਪਹਿਲੇ ਉਸ ਦਾ ਪਿਤਾ ਉਕਤ ਕੁੜੀ ਨੂੰ ਘਰ ਲੈ ਕੇ ਆਇਆ ਸੀ। ਜਦੋਂ ਬੀਤੀ ਸਵੇਰੇ ਕੁੜੀ ਨੂੰ ਉਸ ਦੇ ਪਿੰਡ ਛੱਡ ਕੇ ਵਾਪਸ ਆ ਰਿਹਾ ਸੀ ਤਾਂ ਪਿੰਡ ਬਾਬਲਕੇ ਡੇਰੇ ਨੇੜੇ ਉਸ ਦੇ ਪਿਤਾ ਦਾ ਸੱਟਾਂ ਮਾਰ ਕੇ ਕਤਲ ਕਰ ਦਿੱਤਾ। ਉਸ ਨੇ ਦੱਸਿਆ ਕਿ ਮੈਨੂੰ ਪੂਰਾ ਯਕੀਨ ਹੈ ਕਿ ਉਸ ਦੇ ਪਿਤਾ ਦਾ ਕਤਲ ਰਵੀ ਕੁਮਾਰ ਪੁੱਤਰ ਮੁਲਖ ਰਾਜ ਵਾਸੀ ਪਿੰਡ ਥਾਬਲਕੇ ਨੇ ਹੀ ਕੀਤਾ ਹੈ ਕਿਉਂਕਿ ਉਕਤ ਕੁੜੀ ਨੂੰ ਲੈ ਕੇ ਉਸ ਨੂੰ ਰਸਤੇ ਵਿਚੋਂ ਹਟਾਉਣਾ ਚਾਹੁੰਦਾ ਸੀ। ਉਧਰ ਇਸ ਸਬੰਧੀ ਸਦਰ ਥਾਣਾ ਮੁਖੀ ਬਲਜਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਪੁੱਤਰ ਸਤਨਾਮ ਸਿੰਘ ਵਾਸੀ ਸੁੰਨੜ ਕਲਾਂ ਕਾਲੋਨੀ ਨੂੰ ਪਿੰਡ ਸਿੱਧਮ ਹਰੀ ਸਿੰਘ ਨੂਰਮਹਿਲ ਦੇ ਬਿਆਨ 'ਤੇ ਰਵੀ ਕੁਮਾਰ ਪੁੱਤਰ ਮੁਲਖ ਰਾਜ ਵਾਸੀ ਪਿੰਡ ਥਾਬਲਕੇ ਦੇ ਖਿਲ਼ਾਫ ਥਾਣਾ ਸਦਰ ਵਿਚ ਕਤਲ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਮ੍ਰਿਤਕ ਦਾ ਪੋਸਟਮਾਰਟਮ ਕਰਵਾਉਣ ਲਈ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਸਿਵਲ ਹਸਪਤਾਲ ਨਕੋਦਰ ਵਿਖੇ ਜਮ?ਹਾ ਕਰਵਾ ਦਿੱਤੀ ਹੈ। ਉਨ੍ਹਾਂ ਦਾਅਵਾ ਕੀਤੀ ਕਿ ਉਕਤ ਮੁਲਜ਼ਮ ਨੂੰ ਕਾਬੂ ਕਰ ਲਈ ਛਾਪਾਮਾਰੀ ਕੀਤੀ ਜਾ ਰਹੀ ਹੈ, ਜਿਸ ਨੂੰ ਜਲਦ ਹੀ ਕਾਬੂ ਕਰ ਲਿਆ ਜਾਵੇਗਾ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਬਾਕਸਿੰਗ 'ਚ ਜਰਮਨ ਦੀ ਗੋਲਡ ਬੁੱਕ 'ਚ ਨਾਮ ਦਰਜ ਕਰਵਾ ਕੇ ਪੰਜਾਬੀ ਬੱਚਿਆਂ ਨੇ ਚਮਕਾਇਆ ਨਾਂ

ਸੁਲਤਾਨਪੁਰ ਲੋਧੀ 27 ਮਈ। ਜ਼ਿਲ੍ਹਾ ਕਪੂਰਥਲਾ ਦੇ ਪਿੰਡ ਫੁਲੇਵਾਲ ਦੇ ਨਿਵਾਸੀ ਸਵ. ਸਰਦਾਰ ਦਲੀਪ ਸਿੰਘ ਦੇ ਪੋਤੇ ਗੁਰਦਾਨ ਸਿੰਘ ਬਾਜਵਾ ਉਮਰ 11 ਸਾਲ ਤੇ ਜੈਸਿਕਾ ਬਾਜਵਾ ਉਮਰ 16 ਸਾਲ ਨੇ ਜਰਮਨ ਵਿਚ ਵਰਲਡ ਲੈਵਲ 'ਤੇ ਕਿੱਕ ਬਾਕਸਿੰਗ ਮੁਕਾਬਲੇ ਵਿਚ ਦੋ ਵਾਰ ਗੋਲਡ ਮੈਡਲ ਜਿੱਤ ਕੇ ਪੰਜਾਬ ਤੇ ਜ਼ਿਲ੍ਹਾ ਕਪੂਰਥਲਾ ਦਾ ਨਾਮ ਹੋਰ ਰੋਸ਼ਨ ਕੀਤਾ ਹੈ। ਜਰਮਨ ਦੇ ਸ਼ਹਿਰ ਰੋਸੇਨਹੀਮ ਦੇ ਰਹਿਣ ਵਾਲੇ ਇਨ੍ਹਾਂ ਪੰਜਾਬੀ ਬੱਚਿਆਂ ਨੇ ਆਪਣੀ ਮਿਹਨਤ ਸਦਕਾ ਆਪਣਾ ਨਾਮ ਜਰਮਨ ਦੀ ਗੋਲਡ ਬੁੱਕ 'ਚ ਦਰਜ ਕਰਵਾ ਕੇ ਵੱਡੀ ਉਪਲਬਧੀ ਪ੍ਰਾਪਤ ਕੀਤੀ ਹੈ। ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਦੇ ਰਿਟਾ. ਮੈਨੇਜਰ ਭਾਈ ਗੁਰਬਖਸ਼ ਸਿੰਘ ਨੇ ਦੋਹਾਂ ਬੱਚਿਆਂ ਨੂੰ ਵਧਾਈ ਦਿੰਦੇ ਕਿਹਾ ਕਿ ਇਹ ਵੱਡੇ ਮਾਣ ਵਾਲੀ ਗੱਲ ਹੈ। ਜਰਮਨ ਸਰਕਾਰ ਨੇ ਦੋਨੋਂ ਬੱਚਿਆਂ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਦੱਸਣਯੋਗ ਹੈ ਕਿ ਜੈਸਿਕਾ ਬਾਜਵਾ ਪਹਿਲੀ ਐਸੀ ਭਾਰਤੀ ਲੜਕੀ ਹੈ, ਜਿਸਨੇ ਆਪਣੀ ਮਿਹਨਤ ਨਾਲ ਆਪਣਾ ਨਾਮ ਜਰਮਨ ਦੀ ਗੋਲਡ ਬੁੱਕ ਵਿੱਚ ਦਰਜ ਕਰਵਾਇਆ ਹੈ। ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਹਲਕਾ ਸੁਲਤਾਨਪੁਰ ਲੋਧੀ ਦੇ ਇੰਚਾਰਜ ਤੇ ਅਰਜੁਨਾ ਐਵਾਰਡੀ ਅੰਤਰਰਾਸ਼ਟਰੀ ਪੱਧਰ ਦੇ ਬਾਸਕਿਟਬਾਲ ਖਿਡਾਰੀ ਚੇਅਰਮੈਨ ਸੱਜਣ ਸਿੰਘ ਚੀਮਾ ਨੇ ਪੰਜਾਬ ਦੇ ਇਹਨਾਂ ਹੋਣਹਾਰ ਬੱਚਿਆਂ ਨੂੰ ਵਧਾਈ ਦਿੰਦੇ ਕਿਹਾ ਕਿ ਖੇਡਾਂ ਰਾਹੀਂ ਖਿਡਾਰੀ ਵੱਡੇ ਰੁਤਬੇ ਪ੍ਰਾਪਤ ਕਰ ਰਹੇ ਹਨ ਤੇ ਸਾਨੂੰ ਇਸ ਤੇ ਮਾਣ ਹੈ। ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਵੀ ਖਿਡਾਰੀ ਮਿਹਨਤ ਕਰਕੇ ਆਪਣਾ ਅਤੇ ਆਪਣੇ ਪਰਿਵਾਰ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨਗੇ।

# ਪੰਜਾਬ ਸਿੱਖਿਆ ਵਿਭਾਗ ਦਾ ਸਖ਼ਤ ਰੁਖ਼ ! ਸਕੂਲਾਂ ਨੂੰ ਮਿਲ ਗਈ 2 ਦਿਨ ਦੀ ਡੈੱਡਲਾਈਨ

ਲੁਧਿਆਣਾ 27 ਮਈ। ਜ਼ਿਲ੍ਹੇ 'ਚ ਸਿੱਖਿਆ ਦੇ ਨਾਮ 'ਤੇ ਖੋਲ੍ਹੀਆਂ ਗਈਆਂ ਦੁਕਾਨਾਂ ਦੀ ਮਨਮਾਨੀ 'ਤੇ ਰੋਕ ਲੱਗਣੀ ਸ਼ੁਰੂ ਹੋ ਗਈ ਹੈ। ਬੀਤੇ ਦਿਨਾਂ ਤੋਂ ਹੀ ਅਜਿਹੇ ਸਕੂਲਾਂ 'ਤੇ ਸ਼ਿਕੰਜਾ ਕੱਸ ਰਹੀ ਜ਼ਿਲ੍ਹਾ ਸਿੱਖਿਆ ਅਧਿਕਾਰੀ (ਐਲੀਮੈਂਟਰੀ) ਰਵਿੰਦਰ ਕੌਰ ਨੇ ਆਰ. ਟੀ. ਈ. (ਰਾਈਟ ਟੂ ਐਜੂਕੇਸ਼ਨ) ਦੀ ਮਾਨਤਾ ਤੋਂ ਬਿਨਾਂ ਚੱਲ ਰਹੇ 9 ਹੋਰ ਸਕੂਲਾਂ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤੇ ਹਨ। ਇਹ ਕਾਰਵਾਈ ਪਿਛਲੇ ਇਕ ਮਹੀਨੇ ਤੋਂ ਲਗਾਤਾਰ ਜਾਰੀ ਹੈ, ਜਿਸ ਤਹਿਤ ਹੁਣ ਤੱਕ 2 ਸਕੂਲਾਂ ਬੰਦ ਵੀ ਕਰਵਾਇਆ ਜਾ ਚੁਕਾ ਹੈ। ਨਵੀਨਤਮ ਸੂਚੀ 'ਚ 9 ਨਵੇਂ ਸਕੂਲ ਸ਼ਾਮਲ ਹਨ, ਜਿਨ੍ਹਾਂ 'ਚ ਹਾਲ ਹੀ 'ਚ ਜਾਂਚ ਕਮੇਟੀ ਦੁਆਰਾ ਕੀਤੀ ਗਈ, ਜਾਂਚ 'ਚ ਬਿਨਾਂ ਆਰ. ਟੀ. ਈ. ਦੀ ਮਾਨਤਾ ਦੇ ਸਿੱਖਿਆ ਪ੍ਰਦਾਨ ਕਰਨ ਦੇ ਮਾਮਲੇ ਸਾਹਮਣੇ ਆਏ ਹਨ। ਜਿਨ੍ਹਾਂ ਸਕੂਲਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ, ਉਨ੍ਹਾਂ ਸਕੂਲਾਂ 'ਚ ਕੁੱਲ 909 ਵਿਦਿਆਰਥੀ ਪੜ੍ਹਦੇ ਪਾਏ ਗਏ। ਇਨ੍ਹਾਂ 'ਚ ਸਭ ਤੋਂ ਵੱਧ ਵਿਦਿਆਰਥੀ ਇਸਲਾਮੀਆ ਅਰਬੀਆ ਮਾਹਦੁਲ ਅਮੀਨ, ਗੁਲਾਬੀ ਬਾਗ, ਟਿੱਬਾ ਰੋਡ 'ਚ ਪਾਏ ਗਏ, ਜਿਥੇ ਪਹਿਲੀ ਤੋਂ 8ਵੀਂ ਜਮਾਤ ਤੱਕ 355 ਬੱਚੇ ਪੜ੍ਹ ਰਹੇ ਹਨ। ਇਸ ਤੋਂ ਬਾਅਦ ਮਦਰੱਸਾ ਇਸਲਾਮੀਆ ਅਰਬੀਆ ਤਰਤੀਲ-ਉਲ-ਕੁਰਾਨ, ਮੁਹੱਲਾ ਮਾਈਪੁਰੀ, ਏਕ ਮਿਨਾਰਾ ਮਸਜਿਦ ਨੇੜੇ ਨਰਸਰੀ ਤੋਂ 5ਵੀਂ ਤੱਕ 157 ਵਿਦਿਆਰਥੀ ਪੜ੍ਹ ਰਹੇ ਹਨ। ਸਰਸਵਤੀ ਵਿਦਿਆ ਮੰਦਰ ਕਾਨਵੈਂਟ ਸਕੂਲ, ਪਿੰਡ



ਸੇਲਕਿਆਣਾ 'ਚ ਨਰਸਰੀ ਤੋਂ ਤੀਜੀ ਜਮਾਤ ਤੱਕ 15 ਬੱਚੇ, ਜਦਕਿ ਮਹਾਰਾਜਾ ਇੰਗਲਿਸ਼ ਮਾਡਲ ਸਕੂਲ, ਪਿੰਡ ਰਾਮਗੜ੍ਹ 'ਚ ਨਰਸਰੀ ਤੋਂ 7ਵੀਂ ਜਮਾਤ ਤੱਕ 29 ਵਿਦਿਆਰਥੀ ਪੜ੍ਹਦੇ ਪਾਏ ਗਏ। ਉੱਥੇ ਬੀ. ਵੀ. ਐੱਮ. ਗ੍ਰਾਮਰ ਸਕੂਲ, ਮੱਕੜ ਕਾਲੋਨੀ ਢੰਡਾਰੀ ਕਲਾਂ 'ਚ ਨਰਸਰੀ ਤੋਂ 7ਵੀਂ ਜਮਾਤ ਤੱਕ ਦੇ 120 ਵਿਦਿਆਰਥੀ ਅਤੇ ਓਰੀਜਨ ਪਬਲਿਕ ਸਕੂਲ, ਪਿੰਡ ਰੰਗੀਆਂ 'ਚ ਨਰਸਰੀ ਤੋਂ 7ਵੀਂ ਜਮਾਤ ਤੱਕ ਦੇ 49 ਬੱਚੇ ਪੜ੍ਹ ਰਹੇ ਸਨ। ਜਨਤਾ ਮਾਡਲ ਸਕੂਲ, ਹਰਗੋਬਿੰਦ ਨਗਰ, ਗਿਆਸਪੁਰਾ 'ਚ 46 ਵਿਦਿਆਰਥੀ, ਬੀ. ਬੀ. ਐੱਸ. ਗ੍ਰਾਮਰ ਸਕੂਲ, ਹਰਨਾਮਪੁਰਾ 'ਚ 102 ਵਿਦਿਆਰਥੀ ਅਤੇ ਅਰਸ਼ ਪਬਲਿਕ ਸਕੂਲ, ਪਿੰਡ ਭੁੱਟਾ 'ਚ 36 ਵਿਦਿਆਰਥੀ ਪੜ੍ਹਦੇ ਪਾਏ ਗਏ। ਡੀ. ਈ. ਓ. ਅਨੁਸਾਰ ਆਰ. ਟੀ. ਈ. ਐਕਟ ਤਹਿਤ ਬਿਨਾਂ ਵੈਧ ਮਾਨਤਾ ਦੇ ਕੋਈ ਵੀ ਵਿਅਕਤੀ ਸਕੂਲ ਨਹੀਂ ਚਲਾ ਸਕਦਾ। ਇਸ ਕਾਨੂੰਨ ਦੀ ਉਲੰਘਣਾ ਕਰਨ 'ਚ ਸਬੰਧਤ ਸੰਸਥਾ ਜਾਂ ਮੈਨੇਜਰ ਖਿਲਾਫ 1 ਲੱਖ ਰੁਪਏ ਤੱਕ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਇਨ੍ਹਾਂ ਸਾਰੇ ਸਕੂਲਾਂ ਨੂੰ ਨੋਟਿਸ 'ਚ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ 2 ਦਿਨਾਂ ਅੰਦਰ ਨਿੱਜੀ ਤੌਰ 'ਤੇ ਪੇਸ਼ ਹੋ ਕੇ ਲਿਖਤੀ ਰੂਪ 'ਚ ਆਪਣਾ ਸਪੱਸ਼ਟੀਕਰਨ ਦੇਣ, ਨਹੀਂ ਤਾਂ ਵਿਭਾਗੀ ਕਾਰਵਾਈ ਅੱਗੇ ਵਧਾਈ ਜਾਵੇਗੀ।

## ਡਰੱਗ ਤਸਕਰਾਂ ਦੀ ਤਸਕਰੀ ਨਾਲ ਕਮਾਈ ਜਾਇਦਾਦ ਜ਼ਬਤ ਕਰਕੇ ਫ੍ਰੀਜ਼ ਦੇ ਹੁਕਮ

ਚੰਡੀਗੜ੍ਹ 27 ਮਈ। ਮੁੱਖ ਸਕੱਤਰ ਰਾਜੀਵ ਵਰਮਾ ਨੇ ਐੱਨ. ਡੀ. ਪੀ. ਐੱਸ. ਐਕਟ ਦੇ ਤਹਿਤ ਡਰੱਗ ਤਸਕਰਾਂ ਵੱਲੋਂ ਡਰੱਗ ਤਸਕਰੀ ਤੋਂ ਕਮਾਈ ਜਾਇਦਾਦ ਨੂੰ ਜ਼ਬਤ ਕਰਨ ਅਤੇ ਫ੍ਰੀਜ਼ ਕਰਨ ਦੇ ਨਿਰਦੇਸ਼ ਦਿੱਤੇ। ਰਾਜੀਵ ਵਰਮਾ ਨੇ ਇਹ ਨਿਰਦੇਸ਼ ਨਸ਼ੇ ਦੇ ਖ਼ਿਲਾਫ਼ ਮੁਹਿੰਮ ਨੂੰ ਹੋਰ ਮਜ਼ਬੂਤ ਕਰਨ ਲਈ ਯੂ. ਟੀ. ਸਕੱਤਰੇਤ 'ਚ ਹੋਈ 8ਵੀਂ ਰਾਜ ਪੱਧਰੀ ਐੱਨ. ਸੀ. ਓ. ਆਰ. ਡੀ. ਮੀਟਿੰਗ 'ਚ ਦਿੱਤੇ। ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਸਭ ਤੋਂ ਪਹਿਲਾਂ ਪਿਛਲੀ ਰਾਜ ਪੱਧਰੀ ਮੀਟਿੰਗ ਦੀ ਕਾਰਵਾਈ ਰਿਪੋਰਟ ਦੀ ਸਮੀਖਿਆ ਕੀਤੀ ਗਈ। ਉਨ੍ਹਾਂ ਇਹ ਨਿਰਦੇਸ਼ ਦਿੱਤੇ ਕਿ ਨਸ਼ਾ ਤਸਕਰਾਂ ਦੇ ਪੂਰੇ ਨੈੱਟਵਰਕ ਨੂੰ ਖ਼ਤਮ ਕੀਤਾ ਜਾਵੇ ਅਤੇ ਨੈੱਟਵਰਕ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਚਾਰਜਸ਼ੀਟ ਦਾਇਰ ਹੋਣ ਤੋਂ ਬਾਅਦ ਵੀ ਜਾਂਚ ਜਾਰੀ ਰੱਖੀ ਜਾਵੇ। ਪਿਛਲੇ ਤਿੰਨ ਸਾਲਾਂ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ, ਜ਼ਬਤ ਕੀਤੇ ਗਏ ਨਸ਼ੇ ਅਤੇ ਨਸ਼ੀਲੀ ਦਵਾਈਆਂ ਦੇ ਨਿਪਟਾਰੇ ਦਾ ਬਿਓਰਾ ਵੀ ਰੱਖਿਆ ਗਿਆ। ਮੁੱਖ ਸਕੱਤਰ ਨੇ ਕੋਰੀਅਰ ਕੰਪਨੀਆਂ, ਓਲਾ, ਉਬੇਰ, ਰੈਪਿਡੋ ਵਰਗੀਆਂ ਐਗਰੀਗੇਟਰ ਐਪਸ ਦੇ ਕਰਮਚਾਰੀਆਂ ਨੂੰ ਸੰਵੇਦਨਸ਼ੀਲ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨਿਰਦੇਸ਼ ਦਿੱਤਾ ਕਿ ਇਨ੍ਹਾਂ ਸੇਵਾ ਪ੍ਰਦਾਤਾਵਾਂ ਲਈ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਰੋਕਥਾਮ ਲਈ ਹੋਰ ਵਿਸ਼ੇਸ਼ ਅਤੇ ਜਾਗਰੂਕਤਾ ਸੈਸ਼ਨ ਆਯੋਜਿਤ ਕੀਤੇ ਜਾਣ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.



## ਉੱਤਰ ਰੇਲਵੇ

**ਭਾਰਤ ਸਰਕਾਰ, ਰੇਲ ਮੰਤਰਾਲਾ**
**ਰੇਲ ਭਰਤੀ ਸੈਲ, ਉਤਰ ਰੇਲਵੇ**
**ਰੋਜ਼ਗਾਰ ਸੂਚਨਾ ਨੰ. ਆਰਆਰਸੀ/ਐਨਆਰ 02/2025/ ਐਸ ਐਂਡ ਜੀ**
**ਆਰਆਰਸੀ ਵੈਬਸਾਈਟ: www.rrcnr.org**
**(ਸੰਕੇਤਿਕ ਸੂਚਨਾ)**
**ਸਾਲ 2025-26 ਦੇ ਲਈ ਸਕਾਊਟ ਐਂਡ ਗਾਈਡ ਕੋਟੇ ਵਿਚ ਭਰਤੀ**

ਉਤਰ ਰੇਲਵੇ ਵਿਚ ਸਾਲ 2025-26 ਲਈ ਸਕਾਊਟ ਐਂਡ ਗਾਈਡ ਕੋਟੇ ਵਿਚ 7ਵੇਂ ਸੀਪੀਸੀ ਦੇ ਪੇ ਮੈਟ੍ਰਿਕਸ ਲੇਵਲ 1 ਵਿਚ 18 ਅਸਾਮੀਆਂ ਅਤੇ ਲੇਵਲ 2 ਵਿਚ 05 ਅਸਾਮੀਆਂ ਦੇ ਲਈ ਯੋਗ ਭਾਰਤੀਯ ਨਾਗਰਿਕਾਂ ਤੋਂ ਆਨਲਾਈਨ ਦਰਖਾਸਤ ਦੀ ਮੰਗ ਕੀਤੀ ਜਾਂਦੀ ਹੈ। ਜੇਕਰ ਯੋਗ ਹੈ ਤਾਂ, ਹਰੇਕ ਪੱਧਰ ਦੇ ਲਈ ਇਮਤਿਹਾਰ ਫੀਸ ਸਮੇਤ ਵਖ-ਵਖ ਦਰਖਾਸਤ ਭਰਨਾ ਹੋਵੇਗਾ।

| ਮਹੱਤਵਪੂਰਨ ਮਿਤੀਆਂ | |
|---|---|
| ਆਰਆਰਸੀ ਵੈਬਸਾਈਟ 'ਤੇ ਵਿਸਤ੍ਰਿਤ ਅਧਿਸੂਚਨਾ ਪ੍ਰਕਾਸ਼ਨ ਦੀ ਮਿਤੀ | 21.05.2025 |
| ਆਰਆਰਸੀ ਦਰਖਾਸਤ ਕਰਨ ਦੀ ਸ਼ੁਰੂਆਤੀ ਮਿਤੀ ਅਤੇ ਸਮਾਂ | 22.05.2025 ਨੂੰ 12:00 ਵਜੇ |
| ਆਰਆਰਸੀ ਦਰਖਾਸਤ ਦੀ ਅੰਤਿਮ ਮਿਤੀ ਅਤੇ ਸਮਾਂ | 22.06.2025 ਨੂੰ 12:00 ਵਜੇ |
| ਆਨਲਾਈਨ ਲਿਖਿਤ ਪ੍ਰੀਖਿਆ ਦੀ ਸੰਭਾਵਿਤ ਮਿਤੀ | 22.07.2025 |

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1550/2025


## ਗਰਮੀ ਦੀਆਂ ਵਿਸ਼ੇਸ਼ ਰੇਲਗੱਡੀਆਂ-2025

ਰੇਲਯਾਤਰੀਆਂ ਦੀ ਸੁਵਿਧਾ ਦੇ ਲਈ ਰੇਲਵੇ ਦੁਵਾਰਾ ਹੇਠਾ ਲਿਖੀ ਗਰਮੀ ਦੀਆਂ ਸਪੈਸ਼ਲ ਐਕਸਪ੍ਰੈਸ ਰੇਲਗੱਡੀਆਂ ਦਾ ਸੰਚਾਲਨ ਕੀਤਾ ਜਾਵੇਗਾ, ਜਿਨ੍ਹਾਂ ਦੀ ਪੂਰਾ ਵੇਰਵਾ ਹੇਠਾ ਅਨੁਸਾਰ ਹੈ :-

| ਗੱਡੀ ਨੰਬਰ | ਸਟੇਸ਼ਨ ਤੋਂ | ਜਾਣ ਦਾ ਸਮਾਂ | ਸਟੇਸ਼ਨ ਤਕ | ਆਉਣ ਦਾ ਸਮਾਂ | ਆਵਿਰਤੀ | ਚਲਨ ਦੇ ਦਿਨ | ਚਲਨ ਦੀ ਮਿਤੀ |
|---|---|---|---|---|---|---|---|
| 04088 | ਨਵੀਂ ਦਿੱਲੀ | 15:50 | ਪਟਨਾ ਜੰਕਸ਼ਨ | 08:40 | ਹਰਰੋਜ਼ | | 10.07.2025 ਤਕ |
| 04087 | ਪਟਨਾ ਜੰਕਸ਼ਨ | 12:00 | ਨਵੀਂ ਦਿੱਲੀ | 04:40 | | | 11.07.2025 ਤਕ |
| 04064 | ਨਵੀਂ ਦਿੱਲੀ | 09:30 | ਸ਼ੇਖਪੁਰਾ | 05:00 | ਦ੍ਵਿ-ਸਪਤਾਹਿਕ | ਸੋਮ, ਵੀਰ | 10.07.2025 ਤਕ |
| 04063 | ਸ਼ੇਖਪੁਰਾ | 07:00 | ਨਵੀਂ ਦਿੱਲੀ | 23:35 | | ਮੰਗਲ, ਸ਼ੁੱਕਰ | 11.07.2025 ਤਕ |
| 04066 | ਨਵੀਂ ਦਿੱਲੀ | 21:35 | ਸਹਰਸਾ ਜੰਕਸ਼ਨ | 22:00 | ਦ੍ਵਿ-ਸਪਤਾਹਿਕ | ਸੋਮ, ਵੀਰ | 10.07.2025 ਤਕ |
| 04065 | ਸਹਰਸਾ ਜੰਕਸ਼ਨ | 23:55 | ਨਵੀਂ ਦਿੱਲੀ | 23:30 | | ਮੰਗਲ, ਸ਼ੁੱਕਰ | 11.07.2025 ਤਕ |
| 04022 | ਨਵੀਂ ਦਿੱਲੀ | 14:00 | ਗੋਰਖਪੁਰ | 05:00 | ਸਪਤਾਹਿਕ | ਸ਼ੁੱਕਰਵਾਰ | 11.07.2025 ਤਕ |
| 04021 | ਗੋਰਖਪੁਰ | 07:00 | ਨਵੀਂ ਦਿੱਲੀ | 23:10 | | ਸ਼ਨੀਵਾਰ | 12.07.2025 ਤਕ |
| 04081 | ਨਵੀਂ ਦਿੱਲੀ | 23:45 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 11:40 | ਤ੍ਰਿ-ਸਪਤਾਹਿਕ | ਸੋਮਵਾਰ, ਬੁੱਧ, ਸ਼ਨੀ | 12.07.2025 ਤਕ |
| 04082 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 21:20 | ਨਵੀਂ ਦਿੱਲੀ | 09:30 | | ਮੰਗਲ, ਵੀਰ, ਐਤਵਾਰ | 13.07.2025 ਤਕ |
| 04012 | ਦਿੱਲੀ ਜੰਕਸ਼ਨ | 19:30 | ਦਰਭੰਗਾ ਜੰਕਸ਼ਨ | 20:30 | ਦ੍ਵਿ-ਸਪਤਾਹਿਕ | ਮੰਗਲ, ਸ਼ੁੱਕਰ | 11.07.2025 ਤਕ |
| 04011 | ਦਰਭੰਗਾ ਜੰਕਸ਼ਨ | 22:00 | ਦਿੱਲੀ ਜੰਕਸ਼ਨ | 22:40 | | ਬੁੱਧ, ਸ਼ਨੀ | 12.07.2025 ਤਕ |
| 04024 | ਦਿੱਲੀ ਜੰਕਸ਼ਨ | 19:30 | ਵਾਰਾਣਸੀ ਜੰਕਸ਼ਨ | 09:45 | ਤ੍ਰਿ-ਸਪਤਾਹਿਕ | ਸੋਮ, ਵੀਰ, ਸ਼ਨੀ | 10.07.2025 ਤਕ |
| 04023 | ਵਾਰਾਣਸੀ ਜੰਕਸ਼ਨ | 18:35 | ਦਿੱਲੀ ਜੰਕਸ਼ਨ | 08:50 | | ਮੰਗਲ,ਸ਼ੁੱਕਰ,ਐਤ | 11.07.2025 ਤਕ |
| 04026 | ਦਿੱਲੀ ਜੰਕਸ਼ਨ | 23:05 | ਰਕਸੋਲ ਜੰਕਸ਼ਨ | 19:00 | ਸਪਤਾਹਿਕ | ਵੀਰਵਾਰ | 10.07.2025 ਤਕ |
| 04025 | ਰਕਸੋਲ ਜੰਕਸ਼ਨ | 22:00 | ਆਨੰਦ ਵਿਹਾਰ (ਟ) | 17:45 | | ਸ਼ੁੱਕਰਵਾਰ | 11.07.2025 ਤਕ |
| 04018 | ਆਨੰਦ ਵਿਹਾਰ (ਟ) | 09:00 | ਮੁਜੱਫਰਪੁਰ ਜੰਕਸ਼ਨ | 06:00 | ਸਪਤਾਹਿਕ | ਵੀਰਵਾਰ | 10.07.2025 ਤਕ |
| 04017 | ਮੁਜੱਫਰਪੁਰ ਜੰ: | 07:30 | ਆਨੰਦ ਵਿਹਾਰ (ਟ) | 06:00 | | ਸ਼ੁੱਕਰਵਾਰ | 11.07.2025 ਤਕ |
| 04020 | ਆਨੰਦ ਵਿਹਾਰ (ਟ) | 19:30 | ਬਰੋਨੀ ਜੰਕਸ਼ਨ | 18:00 | ਸਪਤਾਹਿਕ | ਐਤਵਾਰ | 06.07.2025 ਤਕ |
| 04019 | ਬਰੋਨੀ ਜੰਕਸ਼ਨ | 20:00 | ਆਨੰਦ ਵਿਹਾਰ (ਟ) | 19:00 | | ਸੋਮਵਾਰ | 07.07.2025 ਤਕ |
| 04070 | ਆਨੰਦ ਵਿਹਾਰ (ਟ) | 00:20 | ਰਾਜਗੀਰ | 19:50 | ਦ੍ਵਿ-ਸਪਤਾਹਿਕ | ਮੰਗਲ, ਸ਼ੁੱਕਰ | 11.07.2025 ਤਕ |
| 04069 | ਰਾਜਗੀਰ | 23:30 | ਆਨੰਦ ਵਿਹਾਰ (ਟ) | 19:00 | | ਮੰਗਲ, ਸ਼ੁੱਕਰ | 11.07.2025 ਤਕ |
| 04096 | ਆਨੰਦ ਵਿਹਾਰ (ਟ) | 05:00 | ਜੈਨਗਰ | 12:00 | ਦ੍ਵਿ-ਸਪਤਾਹਿਕ | ਸੋਮ, ਵੀਰ | 10.07.2025 ਤਕ |
| 04095 | ਜੈਨਗਰ | 17:00 | ਆਨੰਦ ਵਿਹਾਰ (ਟ) | 19:55 | | ਮੰਗਲ, ਸ਼ੁੱਕਰ | 11.07.2025 ਤਕ |
| 04098 | ਆਨੰਦ ਵਿਹਾਰ (ਟ) | 05:00 | ਸੀਤਾਮਢੀ | 02:30 | ਦ੍ਵਿ-ਸਪਤਾਹਿਕ | ਮੰਗਲ, ਸ਼ੁੱਕਰ | 11.07.2025 ਤਕ |
| 04097 | ਸੀਤਾਮਢੀ | 03:45 | ਆਨੰਦ ਵਿਹਾਰ (ਟ) | 01:30 | | ਬੁੱਧ, ਸ਼ਨੀ | 12.07.2025 ਤਕ |
| 04094 | ਆਨੰਦ ਵਿਹਾਰ (ਟ) | 23:55 | ਜੋਗਬਨੀ | 07:30 | ਸਪਤਾਹਿਕ | ਵੀਰਵਾਰ | 10.07.2025 ਤਕ |
| 04093 | ਜੋਗਬਨੀ | 09:30 | ਆਨੰਦ ਵਿਹਾਰ (ਟ) | 16:00 | | ਸ਼ਨੀਵਾਰ | 12.07.2025 ਤਕ |
| 04207 | ਲਖਨਊ ਜੰਕਸ਼ਨ | 08:05 | ਨਵੀਂ ਦਿੱਲੀ | 17:50 | ਸਪਤਾਹਿਕ | ਸੋਮਵਾਰ | 07.07.2025 ਤਕ |
| 04208 | ਨਵੀਂ ਦਿੱਲੀ | 20:20 | ਲਖਨਊ ਜੰਕਸ਼ਨ | 06:00 | | ਸੋਮਵਾਰ | 07.07.2025 ਤਕ |
| 04213 | ਅਯੋਧਿਆ ਕੈਂਟ | 18:20 | ਆਨੰਦ ਵਿਹਾਰ (ਟ) | 06:00 | ਤ੍ਰਿ-ਸਪਤਾਹਿਕ | ਐਤ,ਮੰਗਲ,ਵੀਰ | 10.07.2025 ਤਕ |
| 04214 | ਆਨੰਦ ਵਿਹਾਰ (ਟ) | 09:00 | ਅਯੋਧਿਆ ਕੈਂਟ | 22:00 | | ਸੋਮ,ਬੁੱਧ,ਸ਼ੁੱਕਰ | 11.07.2025 ਤਕ |
| 04687 | ਬਨਿਹਾਲ | 18:40 | ਬਡਗਾਮ | 20:20 | ਸਪਤਾਹ ਵਿਚ 06 ਦਿਨ | ਸ਼ੁੱਕਰਵਾਰ ਨੂੰ ਛੱਡਕੇ | 03.06.2025 ਤਕ |
| 04688 | ਬਡਗਾਮ | 08:35 | ਬਨਿਹਾਲ | 10:40 | | | 03.06.2025 ਤਕ |
| 04217 | ਵਾਰਾਣਸੀ ਜੰਕਸ਼ਨ | 06:25 | ਲਖਨਊ ਜੰਕਸ਼ਨ | 11:45 | ਹਰਰੋਜ਼ | | 30.06.2025 ਤਕ |
| 04218 | ਬਡਗਾਮ | 16:30 | ਵਾਰਾਣਸੀ ਜੰਕਸ਼ਨ | 21:50 | | | 30.06.2025 ਤਕ |
| 04219 | ਵਾਰਾਣਸੀ ਜੰਕਸ਼ਨ | 22:35 | ਅਯੋਧਿਆ ਧਾਮ ਜੰਕਸ਼ਨ | 01:40 | ਹਰਰੋਜ਼ | | 10.07.2025 ਤਕ |
| 04220 | ਅਯੋਧਿਆ ਧਾਮ ਜੰਕਸ਼ਨ | 02:10 | ਸ਼ਾਹਗੰਜ ਜੰਕਸ਼ਨ | 04:40 | | | 10.07.2025 ਤਕ |
| 02270 | ਲਖਨਊ ਜੰਕਸ਼ਨ (ਬੰਦੇ ਭਾਰਤ ਸਪੈਸ਼ਲ) | 14:15 | ਛਪਰਾ | 21:30 | ਸਪਤਾਹ ਵਿਚ 06 ਦਿਨ | ਮੰਗਲਵਾਰ ਨੂੰ ਛੱਡਕੇ | 11.07.2025 ਤਕ |
| 02269 | ਛਪਰਾ | 23:00 | ਲਖਨਊ ਜੰਕਸ਼ਨ | 06:30 | | | 11.07.2025 ਤਕ |
| 04604 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 18:15 | ਵਾਰਾਣਸੀ ਜੰਕਸ਼ਨ | 19:00 | ਸਪਤਾਹਿਕ | ਐਤਵਾਰ | 06.07.2025 ਤਕ |
| 04603 | ਵਾਰਾਣਸੀ ਜੰਕਸ਼ਨ | 05:30 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 11:25 | | ਮੰਗਲਵਾਰ | 08.07.2025 ਤਕ |
| 04206 | ਵਾਰਾਣਸੀ ਜੰਕਸ਼ਨ | 14:50 | ਚੰਡੀਗਢ | 07:45 | ਸਪਤਾਹਿਕ | ਸ਼ਨੀਵਾਰ | 05.07.2025 ਤਕ |
| 04205 | ਚੰਡੀਗਢ | 09:30 | ਵਾਰਾਣਸੀ ਜੰਕਸ਼ਨ | 01:20 | | ਐਤਵਾਰ | 06.07.2025 ਤਕ |
| 04518 | ਬਠਿੰਡਾ ਜੰਕਸ਼ਨ | 20:50 | ਵਾਰਾਣਸੀ ਜੰਕਸ਼ਨ | 17:30 | ਦ੍ਵਿ-ਸਪਤਾਹਿਕ | ਸੋਮ, ਸ਼ੁੱਕਰ | 11.07.2025 ਤਕ |
| 04517 | ਵਾਰਾਣਸੀ ਜੰਕਸ਼ਨ | 20:40 | ਬਠਿੰਡਾ ਜੰਕਸ਼ਨ | 17:00 | | ਮੰਗਲ, ਸ਼ਨੀ | 12.07.2025 ਤਕ |
| 04209 | ਲਖਨਊ ਜੰਕਸ਼ਨ | 20:45 | ਚੰਡੀਗਢ | 07:55 | ਤ੍ਰਿ-ਸਪਤਾਹਿਕ | ਸੋਮ,ਬੁੱਧ,ਸ਼ੁੱਕਰ | 09.07.2025 ਤਕ |
| 04210 | ਚੰਡੀਗਢ | 10:20 | ਲਖਨਊ ਜੰਕਸ਼ਨ | 21:30 | | ਮੰਗਲ,ਵੀਰ,ਸ਼ਨੀ | 10.07.2025 ਤਕ |
| 04504 | ਚੰਡੀਗਢ | 23:35 | ਪਟਨਾ ਜੰਕਸ਼ਨ | 22:10 | ਸਪਤਾਹਿਕ | ਵੀਰਵਾਰ | 29.05.2025 ਤਕ |
| 04503 | ਪਟਨਾ ਜੰਕਸ਼ਨ | 22:45 | ਚੰਡੀਗਢ | 23:10 | | ਸ਼ੁੱਕਰਵਾਰ | 30.05.2025 ਤਕ |
| 04302 | ਯੋਗ ਨਗਰੀ ਰਿਸ਼ੀਕੇਸ਼ | 15:20 | ਮੁਜੱਫਰਪੁਰ ਜੰਕਸ਼ਨ | 13:00 | ਸਪਤਾਹਿਕ | ਮੰਗਲਵਾਰ | 15.07.2025 ਤਕ |
| 04301 | ਮੁਜੱਫਰਪੁਰ ਜੰਕਸ਼ਨ | 15:00 | ਯੋਗ ਨਗਰੀ ਰਿਸ਼ੀਕੇਸ਼ | 14:20 | | ਬੁੱਧਵਾਰ | 16.07.2025 ਤਕ |
| 04606 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 21:30 | ਗੁਵਾਹਟੀ | 19:10 | ਸਪਤਾਹਿਕ | ਸ਼ੁੱਕਰਵਾਰ | 30.05.2025 ਤਕ |
| 04605 | ਗੁਵਾਹਟੀ | 23:20 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 20:45 | | ਸ਼ੁੱਕਰਵਾਰ | 02.06.2025 ਤਕ |
| 04610 | ਜੰਮੂ ਤਵੀ | 06:20 | ਵਾਰਾਣਸੀ ਜੰਕਸ਼ਨ | 05:10 | ਸਪਤਾਹਿਕ | ਸੋਮਵਾਰ | 09.07.2025 ਤਕ |
| 04609 | ਵਾਰਾਣਸੀ ਜੰਕਸ਼ਨ | 09:00 | ਜੰਮੂ ਤਵੀ | 07:45 | | ਸ਼ੁੱਕਰਵਾਰ | 10.07.2025 ਤਕ |
| 04304 | ਯੋਗ ਨਗਰੀ ਰਿਸ਼ੀਕੇਸ਼ | 15:20 | ਗੋਰਖਪੁਰ | 06:20 | ਸਪਤਾਹਿਕ | ਐਤਵਾਰ | 12.07.2025 ਤਕ |
| 04303 | ਗੋਰਖਪੁਰ | 09:00 | ਯੋਗ ਨਗਰੀ ਰਿਸ਼ੀਕੇਸ਼ | 00:55 | | ਐਤਵਾਰ | 13.07.2025 ਤਕ |
| 04602 | ਫ਼ਿਰੋਜ਼ਪੁਰ ਕੈਂਟ ਜੰਕਸ਼ਨ | 15:10 | ਪਟਨਾ ਜੰਕਸ਼ਨ | 18:00 | ਦ੍ਵਿ-ਸਪਤਾਹਿਕ | ਬੁੱਧ, ਸ਼ਨੀਵਾਰ | 12.07.2025 ਤਕ |
| 04601 | ਪਟਨਾ ਜੰਕਸ਼ਨ | 20:50 | ਫ਼ਿਰੋਜ਼ਪੁਰ ਕੈਂਟ ਜੰਕਸ਼ਨ | 23:55 | | ਵੀਰ, ਐਤਵਾਰ | 13.07.2025 ਤਕ |
| 04608 | ਅੰਮ੍ਰਿਤਸਰ ਜੰਕਸ਼ਨ | 20:10 | ਦਰਭੰਗਾ ਜੰਕਸ਼ਨ | 02:30 | ਸਪਤਾਹਿਕ | ਸ਼ੁੱਕਰਵਾਰ | 11.07.2025 ਤਕ |
| 04607 | ਦਰਭੰਗਾ ਜੰਕਸ਼ਨ | 04:00 | ਅੰਮ੍ਰਿਤਸਰ ਜੰਕਸ਼ਨ | 10:30 | | ਐਤਵਾਰ | 13.07.2025 ਤਕ |
| 04212 | ਸੁਲਤਾਨਪੁਰ ਜੰਕਸ਼ਨ | 04:00 | ਲੋਕਮਾਨਯ ਤਿਲਕ (ਟ) | 14:00 | ਸਪਤਾਹਿਕ | ਸੋਮਵਾਰ | 23.06.2025 ਤਕ |
| 04211 | ਲੋਕਮਾਨਯ ਤਿਲਕ | 16:35 | ਸੁਲਤਾਨਪੁਰ ਜੰਕਸ਼ਨ | 23:00 | | ਮੰਗਲਵਾਰ | 24.06.2025 ਤਕ |
| 05559 | ਰਕਸੋਲ ਜੰਕਸ਼ਨ | 05:30 | ਉਘਨਾ ਜੰਕਸ਼ਨ | 12:35 | ਸਪਤਾਹਿਕ | ਸ਼ਨੀਵਾਰ | 26.07.2025 ਤਕ |
| 05560 | ਉਘਨਾ ਜੰਕਸ਼ਨ | 15:35 | ਰਕਸੋਲ ਜੰਕਸ਼ਨ | 00:15 | | ਐਤਵਾਰ | 27.07.2025 ਤਕ |
| 04058 | ਨਵੀਂ ਦਿੱਲੀ | 19:30 | ਸਹਰਸਾ ਜੰਕਸ਼ਨ | 19:50 | ਦ੍ਵਿ-ਸਪਤਾਹਿਕ | ਮੰਗਲ, ਸ਼ੁੱਕਰ | 11.07.2025 ਤਕ |
| 04057 | ਸਹਰਸਾ | 21:40 | ਨਵੀਂ ਦਿੱਲੀ | 23:30 | | ਬੁੱਧ, ਸ਼ਨੀ | 12.07.2025 ਤਕ |
| 04072 | ਦਿੱਲੀ ਜੰ: | 11:00 | ਦਰਭੰਗਾ ਜੰ: | 13:30 | ਦ੍ਵਿ-ਸਪਤਾਹਿਕ | ਸੋਮ, ਵੀਰ | 10.07.2025 ਤਕ |
| 04071 | ਦਰਭੰਗਾ ਜੰ: | 15:00 | ਦਿੱਲੀ ਜੰ: | 18:50 | | ਮੰਗਲ, ਸ਼ੁੱਕਰ | 11.07.2025 ਤਕ |
| 04074 | ਆਨੰਦ ਵਿਹਾਰ (ਟ) | 23:55 | ਜੋਗਬਨੀ | 07:30 | ਸਪਤਾਹਿਕ | ਸ਼ੁੱਕਰਵਾਰ | 11.07.2025 ਤਕ |
| 04073 | ਜੋਗਬਨੀ | 09:30 | ਆਨੰਦ ਵਿਹਾਰ (ਟ) | 16:00 | | ਐਤਵਾਰ | 13.07.2025 ਤਕ |
| 04060 | ਨਵੀਂ ਦਿੱਲੀ | 09:30 | ਖੋਰਘਾ ਰੋਡ ਜੰ: | 17:05 | ਸਪਤਾਹਿਕ | ਸ਼ਨੀਵਾਰ | 14.06.2025 ਤਕ |
| 04059 | ਖੋਰਘਾ ਰੋਡ ਜੰ: | 18:30 | ਨਵੀਂ ਦਿੱਲੀ | 00:30 | | ਐਤਵਾਰ | 15.06.2025 ਤਕ |
| 03255 | ਪਟਨਾ ਜੰਕਸ਼ਨ | 22:20 | ਆਨੰਦ ਵਿਹਾਰ (ਟ) | 18:35 | ਦ੍ਵਿ-ਸਪਤਾਹਿਕ | ਐਤ, ਵੀਰ | 02.01.2025 ਤੋਂ ਅਗਲੇ ਆਦੇਸ਼ ਤਕ |
| 03256 | ਆਨੰਦ ਵਿਹਾਰ (ਟ) | 23:30 | ਪਟਨਾ ਜੰਕਸ਼ਨ | 18:35 | | ਸੋਮ, ਸ਼ੁੱਕਰ | 03.01.2025 ਤੋਂ ਅਗਲੇ ਆਦੇਸ਼ ਤਕ |
| 05049 | ਛਪਰਾ | 10:15 | ਅੰਮ੍ਰਿਤਸਰ ਜੰਕਸ਼ਨ | 13:50 | ਸਪਤਾਹਿਕ | ਸ਼ੁੱਕਰਵਾਰ | 07.02.2025 ਤੋਂ ਅਗਲੇ ਆਦੇਸ਼ ਤਕ |
| 05050 | ਅੰਮ੍ਰਿਤਸਰ ਜੰਕਸ਼ਨ | 17:45 | ਛਪਰਾ | 23:55 | | | 08.02.2025 |
| 05305 | ਛਪਰਾ | 22:00 | ਆਨੰਦ ਵਿਹਾਰ (ਟ) | 00:20 | ਦ੍ਵਿ-ਸਪਤਾਹਿਕ | ਸੋਮ, ਵੀਰ | 17.02.2025 ਤੋਂ ਅਗਲੇ ਆਦੇਸ਼ ਤਕ |
| 05306 | ਆਨੰਦ ਵਿਹਾਰ (ਟ) | 22:10 | ਛਪਰਾ | 22:50 | | ਬੁੱਧ, ਸ਼ਨੀ | 19.02.2025 ਤੋਂ ਅਗਲੇ ਆਦੇਸ਼ ਤਕ |
| 05057 | ਗੋਰਖਪੁਰ ਜੰਕਸ਼ਨ | 22:45 | ਦਿੱਲੀ ਜੰਕਸ਼ਨ | 12:50 | ਸਪਤਾਹਿਕ | ਵੀਰਵਾਰ | 06.02.2025 ਤੋਂ ਅਗਲੇ ਆਦੇਸ਼ ਤਕ |
| 05058 | ਦਿੱਲੀ ਜੰਕਸ਼ਨ | 14:00 | ਗੋਰਖਪੁਰ ਜੰਕਸ਼ਨ | 06:25 | | ਸ਼ੁੱਕਰਵਾਰ | 07.02.2025 ਤੋਂ ਅਗਲੇ ਆਦੇਸ਼ ਤਕ |
| 01701 | ਜਬਲਪੁਰ | 19:40 | ਅਯੋਧਿਆ ਕੈਂਟ | 11:00 | ਸਪਤਾਹਿਕ | ਬੁੱਧਵਾਰ | 25.06.2025 ਤਕ |
| 01702 | ਅਯੋਧਿਆ ਕੈਂਟ | 13:30 | ਜਬਲਪੁਰ | 04:15 | | ਵੀਰਵਾਰ | 26.06.2025 ਤਕ |
| 03309 | ਧਨਬਾਦ ਜੰਕਸ਼ਨ | 10:10 | ਜੰਮੂ ਤਵੀ | 22:40 | ਦ੍ਵਿ-ਸਪਤਾਹਿਕ | ਮੰਗਲ, ਸ਼ਨੀ | 28.06.2025 ਤਕ |
| 03310 | ਜੰਮੂ ਤਵੀ | 23:30 | ਧਨਬਾਦ ਜੰਕਸ਼ਨ | 14:00 | | ਬੁੱਧ, ਐਤ | 29.06.2025 ਤਕ |
| 02397 | ਗਯਾ | 14:15 | ਆਨੰਦ ਵਿਹਾਰ (ਟ) | 07:10 | ਸਪਤਾਹਿਕ | ਐਤਵਾਰ | 29.06.2025 ਤਕ |
| 02398 | ਆਨੰਦ ਵਿਹਾਰ (ਟ) | 08:20 | ਗਯਾ | 00:30 | | ਸੋਮਵਾਰ | 30.06.2025 ਤਕ |
| 03257 | ਦਾਨਾਪੁਰ | 07:30 | ਆਨੰਦ ਵਿਹਾਰ (ਟ) | 00:30 | ਸਪਤਾਹਿਕ | ਐਤਵਾਰ | 27.07.2025 ਤਕ |
| 03258 | ਆਨੰਦ ਵਿਹਾਰ (ਟ) | 05:00 | ਦਾਨਾਪੁਰ | 20:45 | | ਸੋਮਵਾਰ | 28.07.2025 ਤਕ |
| 03697 | ਗਯਾ | 14:15 | ਦਿੱਲੀ ਜੰਕਸ਼ਨ | 07:45 | ਸਪਤਾਹ ਵਿਚ 06 ਦਿਨ | ਐਤ ਨੂੰ ਛੱਡਕੇ | 30.06.2025 ਤਕ |
| 03698 | ਦਿੱਲੀ ਜੰਕਸ਼ਨ | 08:55 | ਗਯਾ | 00:30 | | ਸੋਮ ਨੂੰ ਛੱਡਕੇ | 01.07.2025 ਤਕ |
| 05577 | ਸਹਰਸਾ ਜੰਕਸ਼ਨ | 20:00 | ਆਨੰਦ ਵਿਹਾਰ (ਟ) | 00:30 | ਸਪਤਾਹ ਵਿਚ 05 ਦਿਨ | ਵੀਰ, ਸ਼ਨੀ ਨੂੰ ਛੱਡਕੇ | 30.06.2025 ਤਕ |
| 05578 | ਆਨੰਦ ਵਿਹਾਰ (ਟ) | 05:15 | ਸਹਰਸਾ ਜੰਕਸ਼ਨ | 10:30 | | ਸ਼ਨੀ, ਸੋਮ ਨੂੰ ਛੱਡਕੇ | 02.07.2025 ਤਕ |
| 02393 | ਰਾਜੇਂਦਰ ਨਗਰ | 19:45 | ਨਵੀਂ ਦਿੱਲੀ | 12:10 | ਸਪਤਾਹ ਵਿਚ 06 ਦਿਨ | ਵੀਰਵਾਰ ਨੂੰ ਛੱਡਕੇ | 30.06.2025 ਤਕ |
| 02394 | ਨਵੀਂ ਦਿੱਲੀ | 18:30 | ਰਾਜੇਂਦਰ ਨਗਰ | 10:00 | | ਸ਼ੁੱਕਰ ਨੂੰ ਛੱਡਕੇ | 01.07.2025 ਤਕ |
| 02877 | ਰਾਂਚੀ | 23:55 | ਨਵੀਂ ਦਿੱਲੀ | 03:00 | ਸਪਤਾਹਿਕ | ਸ਼ੁੱਕਰਵਾਰ | 27.06.2025 ਤਕ |
| 02878 | ਨਵੀਂ ਦਿੱਲੀ | 04:00 | ਰਾਂਚੀ | 05:00 | | ਐਤਵਾਰ | 29.06.2025 ਤਕ |
| 05736 | ਕਟਿਹਾਰ ਜੰਕਸ਼ਨ | 21:00 | ਅੰਮ੍ਰਿਤਸਰ ਜੰਕਸ਼ਨ | 09:45 | ਸਪਤਾਹਿਕ | ਬੁੱਧਵਾਰ | 25.06.2025 ਤਕ |
| 05735 | ਅੰਮ੍ਰਿਤਸਰ ਜੰਕਸ਼ਨ | 13:25 | ਕਟਿਹਾਰ ਜੰਕਸ਼ਨ | 23:45 | | ਸ਼ੁੱਕਰਵਾਰ | 27.06.2025 ਤਕ |
| 09183 | ਮੁੰਬਈ ਸੈਂਟਰਲ | 22:50 | ਵਾਰਾਣਸੀ ਜੰਕਸ਼ਨ | 10:30 | ਸਪਤਾਹਿਕ | ਬੁੱਧਵਾਰ | 25.06.2025 ਤਕ |
| 09184 | ਵਾਰਾਣਸੀ ਜੰਕਸ਼ਨ | 14:30 | ਮੁੰਬਈ ਸੈਂਟਰਲ | 04:20 | | ਸ਼ੁੱਕਰਵਾਰ | 27.06.2025 ਤਕ |
| 03223 | ਰਾਜਗੀਰ | 06:05 | ਹਰਿਦੁਵਾਰ ਜੰਕਸ਼ਨ | 06:05 | ਸਪਤਾਹਿਕ | ਸ਼ੁੱਕਰਵਾਰ | 27.06.2025 ਤਕ |
| 03224 | ਹਰਿਦੁਵਾਰ ਜੰਕਸ਼ਨ | 07:20 | ਰਾਜਗੀਰ | 07:15 | | ਸ਼ਨੀਵਾਰ | 28.06.2025 ਤਕ |
| 03221 | ਰਾਜਗੀਰ | 14:00 | ਸ਼ਹੀਦ ਕਪਤਾਨ ਤੁਸ਼ਾਰ ਐਮ | 23:05 | ਸਪਤਾਹਿਕ | ਸੋਮਵਾਰ | 30.06.2025 ਤਕ |
| 03222 | ਸ਼ਹੀਦ ਕਪਤਾਨ ਤੁਸ਼ਾਰ ਐਮ | 03:15 | ਰਾਜਗੀਰ | 15:00 | | ਬੁੱਧਵਾਰ | 02.07.2025 ਤਕ |
| 05742 | ਨਯੂ ਜਲਪਾਈਗੁੜੀ | 13:40 | ਅਯੋਧਿਆ ਕੈਂਟ | 09:30 | ਸਪਤਾਹਿਕ | ਐਤਵਾਰ | 29.06.2025 ਤਕ |
| 05741 | ਅਯੋਧਿਆ ਕੈਂਟ | 11:40 | ਨਯੂ ਜਲਪਾਈਗੁੜੀ | 09:30 | | ਸੋਮਵਾਰ | 30.06.2025 ਤਕ |
| 03311 | ਧਨਬਾਦ ਜੰਕਸ਼ਨ | 23:50 | ਚੰਡੀਗਢ | 04:30 | ਦ੍ਵਿ-ਸਪਤਾਹਿਕ | ਮੰਗਲ, ਸ਼ੁੱਕਰ | 27.06.2025 ਤਕ |
| 03312 | ਚੰਡੀਗਢ | 06:00 | ਧਨਬਾਦ ਜੰਕਸ਼ਨ | 09:00 | | ਵੀਰ, ਐਤ | 29.06.2025 ਤਕ |
| 05113 | ਛਪਰਾ | 15:45 | ਆਨੰਦ ਵਿਹਾਰ (ਟ) | 14:25 | ਸਪਤਾਹਿਕ | ਬੁੱਧਵਾਰ | 16.07.2025 ਤਕ |
| 05114 | ਆਨੰਦ ਵਿਹਾਰ (ਟ) | 16:00 | ਛਪਰਾ | 14:00 | | ਵੀਰਵਾਰ | 17.07.2025 ਤਕ |
| 05301 | ਮਊ ਜੰਕਸ਼ਨ | 04:00 | ਅੰਬਾਲਾ ਕੈਂਟ | 00:30 | ਸਪਤਾਹਿਕ | ਵੀਰਵਾਰ | 17.07.2025 ਤਕ |
| 05302 | ਅੰਬਾਲਾ ਕੈਂਟ | 01:40 | | 22:00 | | ਸ਼ੁੱਕਰਵਾਰ | 18.07.2025 ਤਕ |
| 05193 | ਛਪਰਾ | 14:00 | ਸ਼ਹੀਦ ਕਪਤਾਨ ਤੁਸ਼ਾਰ ਐਮ | 23:05 | ਸਪਤਾਹਿਕ | ਸੋਮਵਾਰ | 14.07.2025 ਤਕ |
| 05194 | ਸ਼ਹੀਦ ਕਪਤਾਨ ਤੁਸ਼ਾਰ ਐਮ | 00:10 | ਛਪਰਾ | 08:00 | | ਬੁੱਧਵਾਰ | 16.07.2025 ਤਕ |
| 07363 | ਹੁਬਲਲੀ ਜੰਕਸ਼ਨ | 20:30 | ਯੋਗ ਨਗਰੀ ਰਿਸ਼ੀਕੇਸ਼ | 23:30 | ਸਪਤਾਹਿਕ | ਸੋਮਵਾਰ | 24.02.202ਤੋਂ ਅਗਲੇ ਆਦੇਸ਼ ਤਕ |
| 07364 | ਯੋਗ ਨਗਰੀ ਰਿਸ਼ੀਕੇਸ਼ | 06:15 | ਹੁਬਲਲੀ ਜੰਕਸ਼ਨ | 06:30 | | ਵੀਰਵਾਰ | 27.02.2025ਤੋਂ ਅਗਲੇ ਆਦੇਸ਼ ਤਕ |
| 01491 | ਪੂਣੇ | 17:30 | ਹਜ਼ਰਤ ਨਿਜ਼ਾਮੁਦੀਨ | 18:10 | ਸਪਤਾਹਿਕ | ਸ਼ੁੱਕਰਵਾਰ | 27.06.2025 ਤਕ |
| 01492 | ਹਜ਼ਰਤ ਨਿਜ਼ਾਮੁਦੀਨ | 22:10 | ਪੂਣੇ | 23:55 | | ਸ਼ਨੀਵਾਰ | 28.06.2025 ਤਕ |
| 09101 | ਵਡੋਦਰਾ ਜੰਕਸ਼ਨ | 19:00 | ਹਰਿਦੁਵਾਰ ਜੰਕਸ਼ਨ | 14:30 | ਸਪਤਾਹਿਕ | ਸ਼ਨੀਵਾਰ | 28.06.2025 ਤਕ |
| 09102 | ਹਰਿਦੁਵਾਰ ਜੰਕਸ਼ਨ | 17:20 | ਵਡੋਦਰਾ ਜੰਕਸ਼ਨ | 11:25 | | ਐਤਵਾਰ | 29.06.2025 ਤਕ |
| 07023 | ਚਰਲਪਲਲੀ | 20:45 | ਹਜ਼ਰਤ ਨਿਜ਼ਾਮੁਦੀਨ | 02:00 | ਸਪਤਾਹਿਕ | ਐਤਵਾਰ | 29.06.2025 ਤਕ |
| 07024 | ਹਜ਼ਰਤ ਨਿਜ਼ਾਮੁਦੀਨ | 04:00 | ਚਰਲਪਲਲੀ | 06:30 | | ਮੰਗਲਵਾਰ | 01.07.2025 ਤਕ |
| 07621 | ਹਜ਼ੂਰ ਸਾਹਿਬ ਨਾਂਦੇੜ | 08:45 | ਹਜ਼ਰਤ ਨਿਜ਼ਾਮੁਦੀਨ | 14:00 | ਸਪਤਾਹਿਕ | ਸ਼ਨੀਵਾਰ | 28.06.2025 ਤਕ |
| 07622 | ਹਜ਼ਰਤ ਨਿਜ਼ਾਮੁਦੀਨ | 21:40 | ਹਜ਼ੂਰ ਸਾਹਿਬ ਨਾਂਦੇੜ | 00:35 | | ਐਤਵਾਰ | 29.06.2025 ਤਕ |
| 09309 | ਇੰਦੋਰ ਜੰਕਸ਼ਨ | 17:00 | ਹਜ਼ਰਤ ਨਿਜ਼ਾਮੁਦੀਨ | 05:00 | ਦ੍ਵਿ-ਸਪਤਾਹਿਕ | ਸ਼ੁੱਕਰ, ਐਤ | 29.06.2025 ਤਕ |
| 09310 | ਹਜ਼ਰਤ ਨਿਜ਼ਾਮੁਦੀਨ | 08:20 | ਇੰਦੋਰ ਜੰਕਸ਼ਨ | 21:00 | | ਸ਼ਨੀ, ਸੋਮ | 30.06.2025 ਤਕ |
| 09003 | ਮੁੰਬਈ ਸੈਂਟਰਲ | 10:30 | ਦਿੱਲੀ ਜੰਕਸ਼ਨ | 10:00 | ਦ੍ਵਿ-ਸਪਤਾਹਿਕ | ਮੰਗਲ, ਸ਼ੁੱਕਰ | 27.06.2025 ਤਕ |
| 09004 | ਦਿੱਲੀ ਜੰਕਸ਼ਨ | 13:05 | ਮੁੰਬਈ ਸੈਂਟਰਲ | 13:30 | | ਬੁੱਧ, ਸ਼ਨੀ | 28.06.2025 ਤਕ |
| 09425 | ਸਾਬਰਮਤੀ | 17:20 | ਹਰਿਦੁਵਾਰ ਜੰਕਸ਼ਨ | 17:00 | ਦ੍ਵਿ-ਸਪਤਾਹਿਕ | ਵੀਰ, ਐਤ | 29.06.2025 ਤਕ |
| 09426 | ਹਰਿਦੁਵਾਰ ਜੰਕਸ਼ਨ | 21:00 | ਸਾਬਰਮਤੀ | 22:30 | | ਸ਼ੁੱਕਰ, ਸੋਮ | 30.06.2025 ਤਕ |
| 09603 | ਉਦਯਪੁਰ ਸਿਟੀ | 01:50 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 06:35 | ਸਪਤਾਹਿਕ | ਬੁੱਧਵਾਰ | 25.06.2025 ਤਕ |
| 09604 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 10:50 | ਉਦਯਪੁਰ ਸਿਟੀ | 13:55 | | ਵੀਰਵਾਰ | 26.06.2025 ਤਕ |
| 01442 | ਹਰਿਦੁਵਾਰ ਜੰਕਸ਼ਨ | 22:20 | ਪੂਣੇ | 02:45 | ਸਪਤਾਹਿਕ | ਮੰਗਲਵਾਰ | 28.05.2025 ਤਕ |
| 01705 | ਜਬਲਪੁਰ | 15:45 | ਹਰਿਦੁਵਾਰ ਜੰਕਸ਼ਨ | 13:50 | ਸਪਤਾਹਿਕ | ਬੁੱਧਵਾਰ | 25.06.2025 ਤਕ |
| 01706 | ਹਰਿਦੁਵਾਰ ਜੰਕਸ਼ਨ | 17:40 | ਜਬਲਪੁਰ | 17:50 | | ਬੁੱਧਵਾਰ | 26.06.2025 ਤਕ |
| 07078 | ਦੇਹਰਾਦੂਨ | 07:00 | ਚਰਲਪੁਰੀ | 22:30 | ਸਪਤਾਹਿਕ | ਵੀਰਵਾਰ | 29.05.2025 ਤਕ |
| 04050 | ਨਵੀਂ ਦਿੱਲੀ | 21:35 | ਏਸ਼ਬਾਗ | 12:35 | ਦ੍ਵਿ-ਸਪਤਾਹਿਕ | ਸ਼ੁੱਕਰ, ਐਤ | 13.07.2025 ਤਕ |
| 04049 | ਏਸ਼ਬਾਗ | 18:45 | ਨਵੀਂ ਦਿੱਲੀ | 11:00 | | ਸ਼ਨੀ, ਸੋਮ | 14.07.2025 ਤਕ |
| 04525 | ਸਹਾਰਨਪੁਰ ਜੰ: | 04:40 | ਅੰਬਾਲਾ ਕੈਂਟ | 06:45 | ਹਰਰੋਜ਼ | | 15.07.2025 ਤਕ |
| 04526 | ਅੰਬਾਲਾ ਕੈਂਟ | 20:20 | ਸਹਾਰਨਪੁਰ ਜੰ: | 22:30 | | | 15.07.2025 ਤਕ |
| 04068 | ਨਵੀਂ ਦਿੱਲੀ | 14:00 | ਭਾਗਲਪੁਰ | 13:30 | ਦ੍ਵਿ-ਸਪਤਾਹਿਕ | ਐਤ, ਬੁੱਧ | 09.07.2025 ਤਕ |
| 04067 | ਭਾਗਲਪੁਰ | 14:30 | ਨਵੀਂ ਦਿੱਲੀ | 14:30 | | ਸੋਮ, ਵੀਰ | 10.07.2025 ਤਕ |
| 04030 | ਆਨੰਦ ਵਿਹਾਰ (ਟ) | 09:00 | ਮੁਜੱਫਰਪੁਰ ਜੰ: | 04:30 | ਦ੍ਵਿ-ਸਪਤਾਹਿਕ | ਮੰਗਲ, ਸ਼ਨੀ | 08.07.2025 ਤਕ |
| 04029 | ਮੁਜੱਫਰਪੁਰ ਜੰ: | 06:15 | ਆਨੰਦ ਵਿਹਾਰ (ਟ) | 03:10 | | ਬੁੱਧ, ਐਤ | 09.07.2025 ਤਕ |
| 04618 | ਅੰਮ੍ਰਿਤਸਰ | 20:10 | ਸਹਰਸਾ ਜੰ: | 02:30 | ਦ੍ਵਿ-ਸਪਤਾਹਿਕ | ਸੋਮ, ਮੰਗਲ | 08.07.2025 ਤਕ |
| 04617 | ਸਹਰਸਾ ਜੰ: | 04:40 | ਅੰਮ੍ਰਿਤਸਰ | 14:00 | | ਬੁੱਧ, ਵੀਰ | 10.07.2025 ਤਕ |
| 04520 | ਬਠਿੰਡਾ ਜੰ: | 20:50 | ਵਾਰਾਣਸੀ | 17:30 | ਦ੍ਵਿ-ਸਪਤਾਹਿਕ | ਬੁੱਧ, ਸ਼ਨੀ | 09.07.2025 ਤਕ |
| 04519 | ਵਾਰਾਣਸੀ | 20:40 | ਬਠਿੰਡਾ ਜੰ: | 17:00 | | ਵੀਰ, ਐਤ | 10.07.2025 ਤਕ |
| 05219 | ਮੁਜੱਫਰਪੁਰ ਜੰ: | 13:30 | ਆਨੰਦ ਵਿਹਾਰ (ਟ) | 10:00 | ਸਪਤਾਹਿਕ | ਸ਼ਨੀ | 19.07.2025 ਤਕ |
| 05220 | ਆਨੰਦ ਵਿਹਾਰ (ਟ) | 12:00 | ਮੁਜੱਫਰਪੁਰ ਜੰ: | 09:45 | | ਐਤ | 20.07.2025 ਤਕ |
| 05447 | ਪੀਲੀਭੀਤ ਜੰ: | 12:10 | ਸ਼ਾਹਜਹਾਂਪੁਰ | 13:50 | ਹਰਰੋਜ਼ | | 30.06.2025 ਤਕ |
| 05448 | ਸ਼ਾਹਜਹਾਂਪੁਰ | 14:35 | ਪੀਲੀਭੀਤ ਜੰ: | 16:30 | | | 30.06.2025 ਤਕ |
| 05283 | ਮੁਜੱਫਰਪੁਰ ਜੰ: | 06:30 | ਆਨੰਦ ਵਿਹਾਰ (ਟ) | 05:00 | ਸਪਤਾਹਿਕ | ਸ਼ੁੱਕਰ | 27.06.2025 ਤਕ |
| 05284 | ਆਨੰਦ ਵਿਹਾਰ (ਟ) | 07:00 | ਮੁਜੱਫਰਪੁਰ ਜੰ: | 04:50 | | | 28.06.2025 ਤਕ |

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਜਿਸ ਤਰ੍ਹਾਂ ਮਾਰਗ ਵਿਚ ਪੈਣ ਵਾਲੇ ਸਟੇਸ਼ਨ ਅਤੇ ਉਨ੍ਹਾਂ ਦੀ ਪੂਰੀ ਸਮੇ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES App ਦੇਖੋ ।

ਉੱਤਰ ਰੇਲਵੇ
ਸਾਨੂੰ www.nr.indianrailways.gov.in ਉਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ
ਉਤੇ ਸਾਨੂੰ ਫਾਲੋ ਕਰੋ

# ਵਸੀਅਤ ਬਾਰੇ ਜਾਣਕਾਰੀ

**-ਜੇਕਰ ਖਾਨਗੀ ਵਸੀਅਤ ਹੋਵੇ ਤਾਂ ਵਿਅਕਤੀ ਦੀ ਮੌਤ ਤੋਂ ਬਾਅਦ ਉਸਦੇ ਵਾਰਸਾਨ ਉਸ ਵਸੀਅਤ ਨੂੰ ਰਜਿਸਟਰਡ ਵੀ ਕਰਵਾ ਸਕਦੇ ਹਨ। ਇਹ ਸਾਰੇ ਕਾਗਜ਼ ਅਤੇ ਅਰਜ਼ੀ ਲਿਖ ਕੇ ਉਸਦੇ ਨਾਲ ਵਸੀਅਤ ਦੀ ਕਾਪੀ ਅਤੇ ਮੌਤ ਦਾ ਸਰਟਿਫਿਕੇਟ ਲਗਾ ਕੇ ਸਬ-ਰਜਿਸਟਰਾਰ ਦੇ ਦਫ਼ਤਰ ਵਿਚ ਦੇਣੀ ਹੁੰਦੀ ਹੈ ਅਤੇ ਫਿਰ ਸਬ-ਰਜਿਸਟਰਾਰ ਅਖਬਾਰ ਵਿਚ ਦੇਕੇ 45 ਦਿਨਾਂ ਦਾ ਨੋਟਿਸ ਆਮ ਜਨਤਾ ਨੂੰ ਵਸੀਅਤ ਜਮਾ ਕਰਵਾਉਣ ਸੰਬੰਧੀ ਇਤਰਾਜ਼ ਫਾਇਲ ਕਰਨ ਲਈ ਕਹਿੰਦਾ ਹੈ ਕਿ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਮਿੱਥੇ ਸਮੇਂ ਤੱਕ ਫਾਇਲ ਕਰਨ।**



ਦੋਸਤੋ ਆਪਣੇ ਇਸ ਲੇਖ ਰਾਹੀਂ ਮੈਂ ਸੀ.ਆਰ.ਆਈ ਦੇ ਜਰੀਏ ਤੁਹਾਨੂੰ ਕਾਨੂੰਨ ਨਾਲ ਸੰਬੰਧਤ ਵਿਸ਼ੇ ਵਸੀਅਤ ਯਾਨੀ will ਬਾਰੇ ਜਾਣਕਾਰੀ ਦੇਣ ਜਾ ਰਿਹਾ ਹਾਂ। ਆਪਣੇ ਇਸ ਲੇਖ ਰਾਹੀਂ ਮੈਂ ਇਸ ਗੱਲ ਤੇ ਰੋਸ਼ਨੀ ਪਾਉਣ ਜਾ ਰਿਹਾ ਹਾਂ ਕਿ ਆਖਿਰ ਵਿਚ ਵਸੀਅਤ ਕੌਣ ਕਰ ਸਕਦਾ ਹੈ, ਵਸੀਅਤ ਕਿਸ ਤਰਾਂ ਕੀਤੀ ਜਾ ਸਕਦੀ ਹੈ ਅਤੇ ਵਸੀਅਤ ਕਰਨ ਦੇ ਕਿ ਫਾਇਦੇ ਹਨ।

-ਅਕਸਰ ਅਸੀਂ ਵੇਖਤੇ ਹਾਂ ਕਿ ਜਦੋਂ ਪਰਿਵਾਰ ਵਿਚ ਕਿਸੇ ਦੀ ਅਚਾਨਕ ਮੌਤ ਹੋ ਜਾਂਦੀ ਹੈ ਤਾਂ ਜਮੀਨ ਜਾਦਿਦਾਦ, ਚਲ-ਅਚਲ ਸੰਪਤੀ ਨੂੰ ਲੈਕੇ ਵਾਰਿਸਾਂ ਜਾ ਰਿਸ਼ਤੇਦਾਰਾਂ ਵਿਚ ਲੜਾਈ ਝਗੜਾ ਹੇ ਜਾਂਦਾ ਹੈ। ਇਹ ਲੜਾਈ ਝਗੜੇ ਕਈ ਵਾਰ ਇਸ ਹੱਦ ਤੱਕ ਪਹੁੰਚ ਜਾਂਦੇ ਹਨ ਕਿ ਰਿਸ਼ਤਿਆਂ ਵਿਚਕਾਰ ਤਰੇੜਾਂ ਪੈ ਜਾਂਦੀਆਂ ਹਨ ਅਤੇ ਕਈ ਵਾਰ ਇਨਾਂ ਤਰੇੜਾਂ ਕਾਰਨ ਰਿਸ਼ਤੇ ਟੁੱਟ ਵੀ ਜਾਂਦੇ ਹਨ।

-ਕਿਸੇ ਵੀ ਵਿਅਕਤੀ ਦੇ ਕਾਨੂਨੀ ਤੌਰ ਤੇ ਵਾਰਸਾਨ ਚਲ-ਅਚਲ ਜਾਇਦਾਦ ਵਿਚ ਬਰਾਬਰ ਦੇ ਹੱਕਦਾਰ ਹੁੰਦੇ ਹਨ। ਪਰ ਜੇ ਕੋਈ ਵਿਅਕਤੀ ਆਪਣੀ ਚਲ-ਅਚਲ ਜਾਇਦਾਦ ਵਿਚ ਸੱਭ ਨੂੰ ਬਰਾਬਰ ਦਾ ਹੱਕ ਨ ਦੇ ਕੇ ਘੱਟ-ਵੱਧ ਜਾਂ ਕਿਸੇ ਨੂੰ ਬਿਲਕੁਲ ਨਜ਼ਰ ਅੰਦਾਜ਼ ਕਰਨਾ ਚਾਹੁੰਦਾ ਹੋਵੇ ਤਾਂ ਉਸ ਵੇਲੇ ਉਹ ਵਿਅਕਤੀ ਵਸੀਅਤ ਰਾਹੀਂ ਆਪਣੀ ਜਾਇਦਾਦ ਦਾ ਬਟਵਾਰਾ ਕਰ ਸਕਦਾ ਹੈ ਭਾਵ ਵਸੀਅਤ ਕਾਨੂਨੀ ਤੌਰ ਤੇ ਵਾਰਸਾਨ ਦੇ ਹੱਕਾਂ ਵਿਚ ਦਖਲ-ਅੰਦਾਜੀ ਤੋਂ ਉਪਜਦੀ ਹੈ।

- ਵਸੀਅਤ ਯਾਨੀ will ਕੋਈ ਵੀ ਵਿਅਕਤੀ ਖੁਦ ਖਰੀਦੀ ਹੋਈ ਚਲ-ਅਚਲ ਜਾਇਦਾਦ ਦੀ ਕਰ ਸਕਦਾ ਹੈ ਬੇਸ਼ਰਤੇ ਵਸੀਅਤ ਕਰਨ ਵੇਲੇ ਉਹ ਤੰਦਰੁਸਤ ਹੋਵੇ, ਚੰਗਾ-ਮਾੜਾ ਸਮਝਣ ਦੀ ਸੋਝੀ ਰੱਖਦਾ ਹੋਵੇ, ਹੋਸ਼-ਹਵਾਸ ਵਿਚ ਹੋਵੇ ਅਤੇ ਮਾਨਸਿਕ ਸਥਿਤੀ ਸੰਤੁਲਿਤ ਹੋਵੇ। ਆਪਣੀ ਮਰਜ਼ੀ ਮੁਤਾਬਿਕ ਅਤੇ ਬਿਨਾ ਕਿਸੇ ਪ੍ਰਕਾਰ ਦਾ ਦਬਾਅ, ਡਰ ਜਾਂ ਭੈਅ ਨ ਹੋਵੇ ਉਹ ਵਿਅਕਤੀ ਵਸੀਅਤ ਕਰ ਸਕਦਾ ਹੈ। -ਵਸੀਅਤ ਇਕ ਸਾਦੇ ਕਾਗਜ਼ ਤੇ ਹੱਥ-ਲਿਖਤ ਵੀ ਹੋ ਸਕਦੀ ਹੈ ਜਾਂ ਫਿਰ ਇਸ ਨੂੰ ਟਾਇਪ ਵੀ ਕਰਵਾਇਆ ਜਾ ਸਕਦਾ ਹੈ। ਵਸੀਅਤ ਲਈ ਕਿਸੇ ਸਟੈਂਪ ਪੇਪਰ ਦੀ ਲੋੜ ਨਹੀਂ ਹੁੰਦੀ। ਵਸੀਅਤ ਲਿਖਣ ਵੇਲੇ ਵਸੀਅਤ ਕਰਨ ਵਾਲਾ ਵਿਅਕਤੀ ਆਪਣੇ ਆਪ ਆਪਣੀ ਮਰਜ਼ੀ ਮੁਤਾਬਿਕ ਬਿਨਾਂ ਡਰ-ਦਬਾਅ ਅਤੇ ਭੈਅ ਤੋਂ ਆਪਣੇ ਮੂੰਹੋਂ ਬੋਲ ਕੇ ਲਿਖਵਾਉਂਦਾ ਹੈ। ਲਿਖਣ ਤੋਂ ਬਾਅਤ ਉਸਨੂੰ ਪੜ ਕੇ ਸੁਣ ਕੇ ਅਤੇ ਸਹੀ ਮੰਨ ਕੇ, ਵਸੀਅਤ ਪਰ ਗਵਾਹਾਂ ਦੀ ਹਾਜਰੀ ਵਿਚ ਆਪਣੇ ਦਸਖਤ ਜਾਂ ਅੰਗੂਠਾ ਲਗਾਉਂਦਾ ਹੈ। ਵਸੀਅਤ ਲਈ ਘੱਟੋਂ-ਘੱਟ ਦੋ ਗਵਾਹ ਹੋਣੇ ਜ਼ਰੂਰੀ ਹਨ ਜੋ ਲਿਖਤ ਸਮੇਂ ਮੌਜੂਦ ਹੋਣ ਅਤੇ ਗਵਾਹ ਆਪਣਾ ਨਾਮ, ਪਿਤਾ ਦਾ ਨਾਮ ਅਤੇ ਪੂਰਾ ਪਤਾ ਲਿਖਾਵੇ ਅਤੇ ਵਸੀਅਤ ਤੇ ਅੰਗੂਠਾ ਜਾਂ ਦਸਖਤ ਕਰਦੇ ਹੋਏ ਇਹ ਤਸਦੀਕ ਕਰਦੇ ਹਨ ਕਿ ਇਹ ਵਸੀਅਤ ਵਸੀਅਤ ਕਰਤਾ ਨੇ ਆਪਣੇ ਮੁਤਾਬਿਕ ਸਾਡੀ ਹਾਜ਼ਰੀ ਵਿਚ ਲਿਖਵਾਈ ਹੈ।

-ਹਾਲੇ ਵੀ ਸਾਡੇ ਪੇਂਡੂ ਖੇਤਰਾਂ ਵਿਚ ਲੋਕ ਘਰ ਬੈਠ ਕੇ ਹੀ ਸਾਦੇ ਕਾਗਜ਼ਾਂ ਤੇ ਵਸੀਅਤ ਲਿਖ ਲੈਂਦੇ ਹਨ ਜਿਸ ਨੂੰ ਆਮ ਭਾਸ਼ਾਂ ਵਿਚ ਅਨ-ਰਜਿਸਟਰਡ ਵਸੀਅਤ ਕਹਿੰਦੇ ਹਨ। ਪਰ ਕੁਝ ਲੋਕ ਵਸੀਅਤ ਤਹਰੀਰ ਕਰਵਾ ਕੇ ਬਕਾਇਦਾ ਤੌਰ ਤੇ ਸਬ-ਰਜਿਸਟਰਾਰ ਦੇ ਦਫ਼ਤਰ ਵਿਚ ਵਸੀਅਤ ਕਰਤਾ ਅਤੇ ਗਵਾਹ ਸਮੇਤ ਸਬ-ਰਜਿਸਟਰਾਰ ਦੇ ਸਾਹਮਣੇ ਪੇਸ਼ ਹੋਕੇ ਵਸੀਅਤ ਨੂੰ ਰਜਿਸਟਰਡ





ਕਰਵਾਉਂਦੇ ਹਨ। ਕਾਨੂੰਨ ਪੱਖੋਂ ਖਾਨਗੀ ਵਸੀਅਤ ਅਤੇ ਰਜਿਸਟਰਡ ਵਸੀਅਤ ਵਿਚ ਕੋਈ ਫ਼ਰਕ ਨਹੀਂ ਹੁੰਦਾ ਕਿਉਂਕਿ ਵਸੀਅਤ ਤਾਂ ਵਸੀਅਤ ਹੀ ਹੈ। ਰਜਿਸਟਰਡ ਵਸੀਅਤ ਨੂੰ ਸਾਰਥਕ ਦਸਤਾਵੇਜ ਇਸ ਲਈ ਮੰਨਿਆ ਜਾਂਦਾ ਹੈ ਕਿਉਂਕਿ ਇਹ ਦਸਤਾਵੇਜ਼ ਸਬ-ਰਜਿਸਟਰਾਰ ਦੇ ਪੇਸ਼ ਹੋ ਕੇ ਰਜਿਸਟਰਡ ਹੁੰਦਾ ਹੈ।

-ਵਸੀਅਤ ਕਰਨ ਵੇਲੇ ਵਸੀਅਤ ਕਰਤਾ ਨੂੰ ਇਹ ਦੱਸਣਾ ਜ਼ਰੂਰੀ ਹੁੰਦਾ ਹੈ ਕਿ ਇਸ ਵਸੀਅਤ ਨੂੰ ਤਹਰੀਰ ਕਰਵਾਉਣ ਤੋਂ ਪਹਿਲਾਂ ਉਸ ਨੇ ਹੋਰ ਕੋਈ ਵਸੀਅਤ ਤਾਂ ਨਹੀਂ ਕਰਵਾਈ ਅਤੇ ਇਹ ਉਸਦੀ ਪਹਿਲੀ ਅਤੇ ਆਖਿਰੀ ਵਸੀਅਤ ਹੈ। ਪਰ ਜੇ ਕਰ ਉਸ ਵੱਲੋਂ ਪਹਿਲਾਂ ਕੋਈ ਵਸੀਅਤ ਕਰੀ ਹੋਵੇ ਤਾਂ ਉਸ ਵਸੀਅਤ ਨੂੰ ਕੈਂਸਲ ਕਰਵਾ ਕੇ ਨਵੀਂ ਤਹਰੀਰ ਕੀਤੀ ਵਸੀਅਤ ਵਿਚ ਉਸਦਾ ਵੇਰਵਾ ਦੇਣਾ ਜ਼ਰੂਰੀ ਹੁੰਦਾ ਹੈ। ਜੇਕਰ ਵਸੀਅਤ ਕਰਤਾ ਕਿਸੇ ਕਾਰਨ ਵਸ਼ ਆਪਣੇ ਕਿਸੇ ਵਾਰਸਾਨ ਨੂੰ ਆਪਣੀ ਚਲ-ਅਚੱਲ ਸੰਪੱਤੀ ਵਿਚੋਂ ਕੁਝ ਨ ਦੇਣਾ ਚਾਹੁੰਦਾ ਹੋਵੇ ਤਾਂ ਉਸਦਾ ਕਾਰਨ ਆਪਣੀ ਵਸੀਅਤ ਵਿਚ ਦਰਜ ਕਰਨਾ ਅਤਿ ਜ਼ਰੂਰੀ ਹੁੰਦਾ ਹੈ। ਵਸੀਅਤ ਕਰਤਾ ਕਿਸੇ ਵੀ ਵਕਤ ਜੇ ਉਸਨੂੰ ਕੋਈ ਮੁਤਲਕਾ ਲੱਗੇ ਤਾਂ ਕੀਤੀ ਵਸੀਅਤ ਨੂੰ ਰੱਦ ਕਰਕੇ ਨਵੀਂ ਵਸੀਅਤ ਤਹਰੀਰ ਕਰਵਾ ਸਕਦਾ ਹੈ।

-ਵਸੀਅਤ ਕਰਤਾ ਨੂੰ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਵਸੀਅਤ ਕਰਨ ਵੇਲੇ ਵਸੀਅਤ ਦੇ ਲਾਭ-ਪਾਤਰਾਂ ਨੂੰ ਕਿਸੇ ਗੱਲ ਦਾ ਪਤਾ ਨ ਲੱਗੇ ਅਤੇ ਨ ਹੀ ਕੋਈ ਲਾਭ-ਪਾਤਰ ਉਸ ਵਸੀਅਤ ਦੇ ਗਵਾਹ ਵੱਜੋਂ ਅਤੇ ਵਸੀਅਤ ਤਹਰੀਰ ਕਰਨ ਵੇਲੇ ਹਾਜ਼ਰ ਹੋਵੇ ਕਿਉਂਕਿ ਵਸੀਅਤ ਕਰਤਾ ਵਸੀਅਤ ਕਰਨ ਵੇਲੇ ਆਪਣੇ ਅੰਤਰਮਣ ਨਾਲ ਰਿਸ਼ਤਿਆਂ ਨੂੰ ਮੱਦੇਨਜ਼ਰ ਰੱਖਦੇ ਹੋਏ ਵਸੀਅਤ ਤਹਰੀਰ ਕਰਵਾਉਂਦਾ ਹੈ।

-ਵਸੀਅਤ ਹਮੇਸ਼ਾ ਸਾਦੀ ਅਤੇ ਆਮ ਸਮਝਣ ਵਾਲੀ ਭਾਸ਼ਾ ਵਿਚ ਲਿਖੀ ਹੋਵੇ ਤਾਂ ਚੰਗੀ ਹੁੰਦੀ ਹੈ। ਉਸ ਦੇ ਹਰ ਅੱਖਰ ਸਾਫ਼-ਸਾਫ਼ ਹੋਣ ਤਾਂ ਜੋ ਵੇਲੇ ਸਿਰ ਪੜਣ ਸਮੇਂ ਕੋਈ




ਸਮੱਸਿਆ ਨ ਆਵੇ। ਵਸੀਅਤ ਲਿਖਣ ਵੇਲੇ ਚੰਗਾ ਹੋਵੇ ਕਿ ਉਹ ਆਪਣੀ ਚਲ-ਅਚਲ ਜਾਇਦਾਦ ਦਾ ਪੂਰਾ ਵੇਰਵਾ ਵਸੀਅਤ ਵਿਚ ਇੰਦਰਾਜ਼ ਕਰਵਾਏ। ਜ਼ਮੀਨ ਕਿੰਨੀ ਹੈ ਕਿਸ ਪਿੰਡ ਵਿਚ ਹੈ। ਇਸੇ ਤਰਾਂ ਆਪਣੇ ਬੈਂਕ ਬੈਲੇਂਸ ਅਤੇ ਸ਼ੇਅਰ ਆਦਿ ਬਾਰੇ ਵੀ ਜਾਣਕਾਰੀ ਦਵੇ ਤਾਂ ਚੰਗਾ ਹੁੰਦਾ ਹੈ। ਵਸੀਅਤ ਕਰਨ ਦਾ ਸੱਭ ਤੋਂ ਵੱਡਾ ਫਾਇਦਾ ਇਹ ਹੁਦਾ ਹੈ ਕਿ ਉਸ ਵਿਅਕਤੀ ਦੀ ਮੌਤ ਤੋਂ ਪਿੱਛੋਂ ਕਿਸੇ ਵੀ ਵਾਰਸ ਨੂੰ ਉਸ ਦੀ ਚੱਲ ਅਤੇ ਅਚੱਲ ਜਾਇਦਾਦ ਨੂੰ ਲੈਕੇ ਕਿਸੇ ਵੀ ਵਾਰਸ ਨੂੰ ਕੋਈ ਵੀ ਭਰਮ ਨ ਹੋਵੇ ਅਤੇ ਕੋਈ ਵੀ ਝਗੜਾ ਨ ਹੋਵੇ। ਵਸੀਅਤ ਲਿਖਣ ਤੋਂ ਬਾਅਦ ਚੰਗਾ ਹੋਵੇ ਕਿ ਵਸੀਅਤ ਕਰਨ ਵਾਲਾ ਆਪਣੇ ਖਾਸ ਅਤੇ ਜਿਸ ਤੇ ਉਸਨੂੰ ਭਰੋਸਾ ਹੋਵੇ ਉਸਦੇ ਹਵਾਲੇ ਕਰ ਦੇਵੇ ਜਾਂ ਉਸਨੂੰ ਦੱਸ ਦੇਵੇ ਜਾਂ ਆਪਣੇ ਕਬਜ਼ੇ ਵਿਚ ਕਿਸੇ ਖਾਸ ਥਾਂ ਤੇ ਰੱਖੇ ਤਾਂ ਜੋ ਉਸ ਦੀ ਮੌਤ ਤੋਂ ਬਾਅਦ ਉਸਦੀ ਵਸੀਅਤ ਉਸਦੇ ਵਾਰਸਾਨ ਤੱਕ ਪਹੁੰਚ ਸਕੇ।

-ਵਸੀਅਤ ਕਰਤਾ ਨੂੰ ਲੱਗੇ ਕਿ ਜੇਕਰ ਵਾਰਸਾਨ ਉਸਦੀ ਜਾਇਦਾਦ ਦੀ ਦੇਖਭਾਲ ਕਰਨ ਵਿਚ ਅਸਮੱਰਥ ਹਨ ਜਾਂ ਕਾਬਿਲ ਨਹੀਂ ਹਨ ਤਾਂ ਅਜਿਹੀ ਸੂਰਤ ਵਿਚ ਵਸੀਅਤ ਕਰਤਾ ਕਿਸੇ ਵੀ ਹੋਰ ਵਿਅਕਤੀ ਜਿਸ ਨੂੰ ਉਹ ਕਾਬਿਲ ਸਮਝਦਾ ਹੋਵੇ ਅਤੇ ਉਸ ਨਾਲ ਪਿਆਰ ਅਤੇ ਸਨੇਹ ਹੋਵੇ ਉਸਦੇ ਨਾਂ ਜਾਂ ਫਿਰ ਆਪਣੀ ਜਾਇਦਾਦ ਦੀ ਵਸੀਅਤ ਕਿਸੇ ਧਾਰਮਿਕ ਚੈਰੀਟੇਬਲ ਟਰੱਸਟ ਜਾਂ ਵਿਦਿਅਕ ਅਦਾਰੇ ਦੇ ਨਾਂ ਵੀ ਕਰਵਾ ਸਕਦਾ ਹੈ।

-ਜੇਕਰ ਖਾਨਗੀ ਵਸੀਅਤ ਹੋਵੇ ਤਾਂ ਵਿਅਕਤੀ ਦੀ ਮੌਤ ਤੋਂ ਬਾਅਦ ਉਸਦੇ ਵਾਰਸਾਨ ਉਸ ਵਸੀਅਤ ਨੂੰ ਰਜਿਸਟਰਡ ਵੀ ਕਰਵਾ ਸਕਦੇ ਹਨ। ਇਹ ਸਾਰੇ ਕਾਗਜ਼ ਅਤੇ ਅਰਜ਼ੀ ਲਿਖ ਕੇ ਉਸਦੇ ਨਾਲ ਵਸੀਅਤ ਦੀ ਕਾਪੀ ਅਤੇ ਮੌਤ ਦਾ ਸਰਟਿਫਿਕੇਟ ਲਗਾ ਕੇ ਸਬ-ਰਜਿਸਟਰਾਰ ਦੇ ਦਫ਼ਤਰ ਵਿਚ ਦੇਣੀ ਹੁੰਦੀ ਹੈ ਅਤੇ ਫਿਰ ਸਬ-ਰਜਿਸਟਰਾਰ ਅਖਬਾਰ ਵਿਚ ਦੇਕੇ 45 ਦਿਨਾਂ ਦਾ ਨੋਟਿਸ ਆਮ ਜਨਤਾ ਨੂੰ ਵਸੀਅਤ ਜਮਾ ਕਰਵਾਉਣ ਸੰਬੰਧੀ ਇਤਰਾਜ਼ ਫਾਇਲ ਕਰਨ ਲਈ ਕਹਿੰਦਾ ਹੈ ਕਿ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣੇ ਇਤਰਾਜ਼ ਮਿੱਥੇ ਸਮੇਂ ਤੱਕ ਫਾਇਲ ਕਰਨ। ਜੇਕਰ ਕੋਈ ਇਤਰਾਜ਼ ਨਹੀਂ ਆਉਂਦੇ ਤਾਂ ਸਬ-ਰਜਿਸਟਰਾਰ ਉਸ ਖਾਨਗੀ ਵਸੀਅਤ ਨੂੰ ਰਜਿਸਟਰਡ ਕਰਵਾਉਣ ਦਾ ਪਾਬੰਦ ਹੁੰਦਾ ਹੈ। ਆਖਿਰ ਵਿਚ ਇਹ ਦੱਸਣਾ ਜ਼ਰੂਰੀ ਹੁੰਦਾ ਹੈ ਕਿ ਤਹਰੀਰ ਕੀਤੀ ਹੋਈ ਵਸੀਅਤ ਭਾਵੇਂ ਖਾਨਗੀ ਹੋਵੇ ਜਾਂ ਰਜਿਸਟਰਡ ਹੋਵੇ ਕੋਈ ਵੀ ਕਾਨੂਨੀ ਵਾਰਸਾਣ ਕਿਸੇ ਵੀ ਵੇਲੇ ਸਿਵਲ ਕੋਰਟ ਵਿਚ ਉਸ ਵਸੀਅਤ ਨੂੰ ਚੈਲੈਂਜ ਕਰ ਸਕਦਾ ਹੈ ਅਤੇ ਸਿਵਲ ਕੋਰਟ ਸਬੂਤਾਂ ਦੇ ਆਧਾਰ ਤੇ ਉਸ ਦਾ ਫੈਸਲਾ ਕਰਦੀ ਹੈ ਜੋ ਧਿਰਾਂ ਤੇ ਪਾਬੰਦ ਹੁੰਦੀ ਹੈ।

## ਜੇ ਬਚਪਨ ਹੀ ਹੋਵੇ ਭੁੱਖਾ ?

ਕਿਸੇ ਵੀ ਇਮਾਰਤ ਦੀ ਮਜਬੂਤੀ ਉਸ ਇਮਾਰਦ ਦੀ ਨੀਂਹ ’ਤੇ ਟਿਕੀ ਹੁੰਦੀ ਹੈ ਅਤੇ ਜੇ ਨੀਂਹ ਹੀ ਕਮਜ਼ੋਰ ਹੋਵੇਗੀ ਤਾਂ ਇਮਾਰਤ ਕਦੇ ਵੀ ਗਿਰ ਸਕਦੀ ਹੈ। ਅਜਿਹੀ ਸਥਿਤੀ ਸਾਡੇ ਦੇਸ਼ ਵਿਚ ਆਉਣ ਵਾਲੀ ਪੀੜ੍ਹੀ ਦੀ ਹੋ ਗਈ ਹੈ ਜਿਸਦੀ ਨੀਂਹ ਭਾਵ ਆਉਣ ਵਾਲੀ ਯੁਵਾ ਪੀੜ੍ਹੀ ਦਾ ਬਚਪਨ ਇਹਨਾ ਜ਼ਿਆਦਾ ਭਿਆਨਕ ਅਤੇ ਦਰਦ ਭਰਿਆ ਹੈ ਕਿ ਜੇ ਸਮਾਂ ਰਹਿੰਦੇ ਇਸਨੂੰ ਨ ਸੰਭਾਲਿਆ ਗਿਆ ਤਾਂ ਅੰਜਾਮ ਬਹੁਤ ਹੀ ਮਾੜਾ ਹੋ ਸਕਦਾ ਹੈ। ਮਹਾ ਸੰਯੋਜਕ ਜਨ-ਗਣਨਾ ਕਮੀਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ 2014-15 ਵਿਚ ਦੇਸ਼ ਦੀ ਕੁੱਲ ਅਬਾਦੀ 132 ਕਰੋੜ 61 ਲੱਖ 55 ਹਜ਼ਾਰ ਤੱਕ ਪਹੁੰਚ ਚੁੱਕੀ ਹੈ। ਦੇਸ਼ ਦੇ 5 ਲੱਖ ਦੇ ਕਰੀਬ ਪਿੰਡਾਂ ਦੀ ਜਨ-ਗਣਨਾ ਦੇ ਅਨੁਪਾਤ ਤੋਂ ਲਗਭਗ ਦੋ-ਤਿਹਾਈ ਭਾਰਤ ਅਜੇ ਵੀ ਪਿੰਡਾਂ ਵਿਚ ਵਸਦਾ ਹੈ ਅਤੇ ਵਿਸ਼ਵ ਦੇ 120 ਕਰੋੜ ਅਤਿ ਗ਼ਰੀਬ ਲੋਕਾਂ ਦਾ ਤੀਸਰਾ ਹਿਸਾ ਭਾਰਤ ਵਿਚ ਹੈ। ਰਾਸ਼ਟਰੀ ਨਿਊਟਰੀਸ਼ਨ ਮਾਨੀਟਰਿੰਗ ਬਿਊਰੋ ਦੀ ਇਕ ਰਿਪੋਰਟ ਅਨੁਸਾਰ ਦੇਸ਼ ਦੇ ਲਗਭਗ 84 ਕਰੋੜ ਲੋਕਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਜ਼ਰੂਰਤ ਤੋਂ ਘੱਟ ਭੋਜਨ ਅਤੇ ਦੁੱਧ ਮਿਲਦਾ ਹੈ। ਸਿਹਤ ਮਾਹਿਰਾਂ ਅਨੁਸਾਰ 3 ਸਾਲ ਅਤੇ ਉਸ ਤੋਂ ਘੱਟ ਉਮਰ ਦੇ ਬੱਚਿਆਂ ਲਈ 300 ਮਿ.ਲੀ ਦੁੱਧ ਰੋਜ਼ਾਨਾ ਦੀ ਜ਼ਰੂਰਤ ਹੈ, ਪਰ ਪਿੰਡਾਂ ਦੀ ਸਥਿਤੀ ਇਸ ਮਾਮਲੇ ਵਿਚ ਚਿੰਤਾਜਨਕ ਹੈ ਜਿੱਥੇ ਇਸ ਉਮਰ ਦੇ ਬੱਚਿਆਂ ਨੂੰ ਕੇਵਲ 80 ਮਿ. ਲੀਟਰ ਦੁੱਧ ਹੀ ਨਸੀਬ ਹੁੰਦਾ ਹੈ। ਇਸ ਸਰਵੇ ਅਨੁਸਾਰ ਪਿੰਡਾਂ ਦੀਆਂ ਔਰਤਾਂ ਦੀ ਸਥਿਤੀ ਸ਼ਹਿਰੀ ਔਰਤਾਂ ਦੇ ਮੁਕਾਬਲੇ ਹੋਰ ਵੀ ਭਿਆਨਕ ਹੈ। ਸਰਵੇ ਦੌਰਾਨ ਸਾਹਮਣੇ ਆਇਆ ਹੈ ਕਿ ਗ੍ਰਾਮੀਣ ਭਾਰਤ ਦੀ 35 ਪ੍ਰਤੀਸ਼ਤ ਮਹਿਲਾਵਾਂ ਕਮਜ਼ੋਰੀ ਦੀ ਸ਼ਿਕਾਰ ਹਨ ਜਿਸ ਦੇ ਕਾਰਨ 46 ਪ੍ਰਤੀਸ਼ਤ ਨਵਜਾਤਾਂ ਨੂੰ ਪਹਿਲੇ 6 ਮਹੀਨੇ ਤੱਕ ਮਾਂ ਦਾ ਦੁੱਧ ਨਸੀਬ ਨਹੀਂ ਹੁੰਦਾ। ਭਾਰਤੀ ਬਾਲ ਸਿਹਤ ਅਕਾਦਮੀ ਅਨੁਸਾਰ ਦੇਸ਼ ਵਿਚ ਹਰ ਸਾਲ ਪੈਦਾ ਹੋਣ ਵਾਲੇ 2.71 ਕਰੋੜ ਬੱਚਿਆਂ ਵਿਚੋਂ 28 ਪ੍ਰਤੀਸ਼ਤ ਬੱਚਿਆਂ ਦਾ ਵਜ਼ਨ ਆਮ ਬੱਚਿਆਂ ਨਾਲੋਂ ਬਹੁਤ ਘੱਟ ਹੈ। ਕੇਵਲ 47 ਪ੍ਰਤੀਸ਼ਤ ਬੱਚੇ ਅਸਪਤਾਲ ਵਿਚ ਜਨਮ ਲੈਂਦੇ ਹਨ ਅਤੇ ਕੇਵਲ 41 ਪ੍ਰਤੀਸ਼ਤ ਨਵਜਾਤਾਂ ਨੂੰ ਹੀ ਪੈਦਾ ਹੋਣ ਤੋਂ ਬਾਅਦ ਮਾਂ ਦਾ ਦੁੱਧ ਮਿਲਦਾ ਹੈ। ਭਾਰਤ ਵਿਚ ਹਰ ਰੋਜ਼ 6400 ਬੱਚਿਆਂ ਦੀ ਮੌਤ ਕੁਪੋਸ਼ਨ ਕਾਰਨ ਹੁੰਦੀ ਹੈ। ਅੱਜ ਭਾਰਤ ਵਿਸ਼ਵ ਵਿਚ ਕੁਪੋਸ਼ਿਤ ਬੱਚਿਆਂ ਦੀ ਸਭ ਤੋਂ ਵੱਧ ਅਬਾਦੀ ਵਾਲਾ ਮੁਲਕ ਬਣ ਗਿਆ ਹੈ। ਜਦਕਿ ਬ੍ਰਾਜੀਲ ਅਤੇ ਚੀਨ ਦੂਸਰੇ ਤੇ ਤੀਸਰੇ ਨੰਬਰ ’ਤੇ ਹੈ।

‘ਸੇਵ ਦ ਚਿਲਡਰਨ’ ਦੀ ਤਾਜ਼ਾ ਰਿਪੋਰਟ ਮੁਤਾਬਿਕ ਭਾਰਤ ਵਿਚ 10 ਲੱਖ ਬੱਚੇ ਆਪਣੇ ਜੀਵਨ ਦਾ ਦੂਜਾ ਦਿਨ ਨਹੀਂ ਦੇਖ ਪਾਉਂਦੇ। ਰਿਪੋਰਟ ਅਨੁਸਾਰ ਭਾਰਤ ਵਿਚ ਨਵਜਾਤ ਬੱਚਿਆਂ ਦੀ ਮੌਤ ਦਰ ਦੇ ਮਾਮਲਿਆਂ ਵਿਚ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਰੈਂਕਿੰਗ 46 ਆਂਕੀ ਗਈ ਹੈ।


# ਕੁਦਰਤੀ ਜਲ ਸੋਮਿਆਂ ਨੂੰ ਬਚਾਉਣਾ ਸਮੇਂ ਦੀ ਲੋੜ...

ਮੁਢਲੀਆਂ ਜ਼ਰੂਰੀ ਵਸਤਾਂ ਵਿਚੋਂ ਪਾਣੀ ਤੋਂ ਬਿਨਾਂ ਮਨੁੱਖੀ ਜੀਵਨ ਤਾਂ ਕਿ ਬਨਸਪਤੀ ਦੀ ਵੀ ਕਲਪਨਾ ਨਹੀਂ ਕੀਤੀ ਜਾ ਸਕਦੀ। ਦੁਨੀਆਂ ਭਰ ਵਿਚ ਵਿਕਾਸ ਦੀ ਤੇਜ਼ ਹੋ ਰਹੀ ਰਫ਼ਤਾਰ ਨੇ ਸਭ ਤੋਂ ਵੱਧ ਵਿਕਾਸ ਕੁਦਰਤ ਵੱਲੋਂ ਦਿੱਤੇ ਪਾਣੀ ਨੇ ਕੀਤਾ ਹੈ। ਦਿਨੋਂ ਦਿਨ ਵੱਧ ਰਿਹਾ ਸਨਅਤੀਕਰਨ ਤੇ ਇਸ ਦੇ ਅਮਲ ਵਿਚੋਂ ਨਿਕਲਣ ਵਾਲੇ ਕੈਮਿਕਲਾਂ ਨੇ ਪਾਣੀ ਵਿਚ ਮਿਲ ਕੇ ਇਸ ਨੂੰ ਦੂਸ਼ਿਤ ਕਨ ਵਿਚ ਕੋਈ ਕਸਰ ਨਹੀਂ ਛੱਡੀ ਹੈ। ਅਜੋਕਾ ਇਨਸਾਮ ਬ੍ਰਹਿਮੰਡ ਸੰਬੰਧੀ ਛੋਟੀ ਚੋਂ ਛੋਟੀ ਜਾਣਕਾਰੀ ਹਾਸਲ ਕਰਨ ਵਿਚ ਲੱਗਾ ਹੋਇਆ ਹੈ। ਪਰ ਵਿਗਿਆਨ ਸਮਝਦੇ ਬਾਵਜੂਦ ਜਿੰਨਾਂ ਨੁਕਸਾਨ ਕੁਦਰਤੀ ਸੋਮਿਆਂ ਦਾ ਹੋ ਰਿਹਾ ਹੈ ਉਨਾਂ ਸ਼ਾਇਦ ਹੋਰ ਵਸਤ ਦਾ ਹੋ ਰਿਹਾ ਹੋਵੇ। ਸ਼ੁੱਧ ਅਤੇ ਸਾਫ਼ ਸੁਥਰੇ ਪਾਣੀ ਤੋਂ ਬਿਨਾਂ ਧਰਤੀ ਉੱਤੇ ਉੱਤੇ ਜੀਵਨ ਅਸੰਭਵ ਹੈ। ਜਲ ਜੀਵਾਂ ਤੋਂ ਬਿਨਾਂ ਧਰਤੀ ਉੱਤੇ ਰਹਿਣ ਵਾਲੇ ਜੀਵ ਵੀ ਪਾਣੀ ਉੱਤੇ ਨਿਰਭਰ ਕਰਦੇ ਹਨ। ਜੀਵ ਜੰਤੂਆਂ ਤੋਂ ਖਾਣ ਵਾਲੇ ਸਭ ਤਰਾਂ ਦੇ ਭੋਜਨ ਲਈ ਪਾਣੀ ਸਭ ਤੋਂ ਜ਼ਰੂਰੀ ਚੀਜ਼ ਹੈ ਤੇ ਇਕ ਜੀਵ ਦੇ ਪੁੰਗਰਣ ਤੋਂ ਲੈਕੇ ਪੌਧਾ ਬਣਨ ਤੇ ਉਸ ਤੋਂ ਅਨਾਜ ਬਣਨ ਤੱਕ ਲਈ ਪਾਣੀ ਦੀ ਜ਼ਰੂਰਤ ਪੈਂਦੀ ਹੈ। ਅੱਜ ਸਮਾਂ ਅਜਿਹਾ ਆ ਗਿਆ ਹੈ ਕਿ ਸੱਭ ਕੁਝ ਜਾਣਦੇ ਹੋਏ ਵੀ ਅਸੀਂ ਅਸਲੀਅਤ ਤੋਂ ਅੱਖਾਂ ਬੰਦ ਕਰੀ ਬੈਠੇ ਹਾਂ। ਪਾਣੀ ਦਾ ਪ੍ਰਦੂਸ਼ਿਤ ਹੋਣਾ ਤਾਂ ਇਕ ਸਮੱਸਿਆ ਹੈ ਹੀ, ਇਸ ਦੀ ਸਰੇਆਮ ਫ਼ਿਜੂਲ ਵਰਤੋਂ ਹੋਣਾ ਇਸ ਤੋਂ ਵੀ ਜ਼ਿਆਦਾ ਖ਼ਤਰਨਾਕ ਹੈ। ਸਾਡੇ ਵਿਗਿਆਨੀ ਸਮੇਂ-ਸਮੇਂ ਉੱਤੇ ਪਾਣੀ ਨੂੰ ਲੈਕੇ ਕੇ ਆਉਣ ਵਾਲੇ ਸਮੇਂ ਵਿਚ ਪੈਦਾ ਹੋਣ ਵਾਲੇ ਹਾਲਾਤਾਂ ਬਾਰੇ ਲਗਾਤਾਰ ਚੇਤਾਵਨੀਆਂ ਦੇ ਰਹੇ ਹਨ ਪਰ ਕਿਸੇ ਦਾ ਇਸ ਪਾਸੇ ਕੋਈ ਧਿਆਨ ਨਹੀਂ। ਖੇਤੀ ਵਿਗਿਆਨੀ ਧਰਤੀ ਹੇਠਲੇਂ ਪਾਣੀ ਨੂੰ ਬਚਾਉਣ ਲਈ ਫ਼ਸਲਾਂ ਦੀ ਅਦਲਾ-ਬਦਲੀ ਲਈ ਹਾਏ-ਦੁਹਾਈ ਕਰ ਰਹੇ ਹਨ। ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਮੰਨਿਆ ਜਾਂਦਾ ਹੈ। ਪਰ ਨਹਿਰੀ ਪਾਣੀ ਦੀ ਵਿਵਸਥਾ ਵੱਲ ਸਰਕਾਰ ਨੇ ਕਦੀ ਵੀ ਬਣਦੀ ਤਵੱਜੋ ਨਹੀਂ ਦਿੱਤੀ। ਜਿਸ ਕਾਰਨ ਜ਼ਮੀਨ ਹੇਂਠ ਪਾਣੀ ਦਾ ਪੱਧਰ ਲਗਾਤਾਰ ਹੇਂਠਾ ਜਾ ਰਿਹਾ ਹੈ। ਵੋਟਾਂ ਦੀ ਰਾਜਨੀਤੀ ਕਾਰਨ ਇਸ ਸਾਮਾਜਿਕ ਮੁੱਦੇ ਦਾ ਹੱਲ ਕਰਨ ਦੀ ਬਜਾਏ ਸਿਆਸੀ ਧਿਰਾਂ ਆਪਣੀਆਂ ਵੋਟਾਂ ਪੱਕੀਆਂ ਕਰਨ ਤੱਕ ਸੀਮਿਤ ਹਨ।

ਪਾਣੀ ਦੇ ਡਿੱਗਦੇ ਪੱਧਰ ਦੇ ਨਾਲ-ਨਾਲ ਨਦੀਆਂ ਨਾਲਿਆਂ ਤੇ ਛੱਪੜਾਂ ਦੇ ਪਾਣੀ ਦਾ ਪ੍ਰਦੂਸ਼ਿਤ ਹੋਣਾ ਚਿੰਤਾ ਦਾ ਵਿਸ਼ਾ ਹੈ। ਇਨਾਂ ਕੁਦਰਤੀ ਸਰੋਤਾਂ ਵਿਚ ਬਹਿ ਰਿਹਾ ਗੰਦਾ ਪਾਣੀ ਖ਼ਤਰੇ ਦੀ ਘੰਟੀ ਬਣਦਾ ਜਾ ਰਿਹਾ ਹੈ। ਸਰਕਾਰਾਂ ਦੀ ਕਮਜ਼ੋਰੀ ਕਰਕੇ ਸ਼ਹਿਰਾਂ ਦੇ ਸੀਵਰੇਜ਼ ਤੇ ਫੈਕਟਰੀਆਂ ਦਾ ਗੰਦਾ ਤੇ ਜ਼ਹਿਰੀਲਾ ਪਾਣੀ ਪਵਿੱਤਰ ਨਦੀਆਂ, ਨਾਲਿਆਂ ਤੇ ਦਰਿਆਵਾਂ ਨੂੰ ਗੰਧਲਾ ਕਰ ਰਿਹਾ ਹੈ। ਜਿਸ ਕਾਰਨ ਜਿੱਥੇ ਇਕ ਪਾਸੇ ਜਲ-ਜੀਵਾਂ ਦਾ ਜੀਵਨ ਖ਼ਤਮ ਹੁੰਦਾ ਜਾ ਰਿਹਾ ਹੈ ਉੱਥੇ ਇਨਾਂ ਦੇ ਕਿਨਾਰਿਆਂ ਨੇੜੇ ਰਹਿਣ ਵਾਲੇ ਲੋਕ ਅਤੇ ਜਾਨਵਰ ਜਾਨ ਲੇਵਾ ਬੀਮਾਰੀਆਂ ਤੋਂ ਪੀੜਤ ਹੋ ਰਹੇ ਹਨ।

ਗੱਲ ਕਰੀਏ ਤਾਂ ਧਰਤੀ ਦਾ ਦੋ-ਤਿਹਾਈ ਹਿੱਸਾ ਪਾਣੀ ਹੈ ਪਰ ਇਸ ਵਿੱਚੋਂ 72% ਭਾਗ ਖਾਰੇ ਪਾਣੀ ਦਾ ਹੈ ਜੋ ਸਮੁੰਦਰ ਦੇ ਰੂਪ ਵਿਚ ਹੈ। ਇਸ ਨੂੰ ਮਨੁੱਖੀ ਲੋੜਾਂ ਲਈ ਵਰਤਿਆ ਜਾ ਸਕਣ ਦੇ ਨਾਮ ਉੱਤੇ ਹਾਕਮ ਧਿਰਾਂ ਵੱਲੋਂ ਵਿਸ਼ਵ ਬੈਂਕ ਦੀਆਂ ਹਦਾਇਤਾਂ ਅਨੁਸਾਰ ਦੇਸ਼ੀ ਅਤੇ ਵਿਦੇਸ਼ੀ ਸਰਮਾਏਦਾਰਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਕਈ ਮਲਟੀਨੈਸ਼ਨਲ ਕੰਪਨੀਆਂ ਦੀ ਨਜ਼ਰ ਪਾਣੀ ਉੱਤੇ ਆਪਣਾ ਏਕਾਧਿਕਾਰ ਸਥਾਪਤ ਕਰਨ ਦੀ ਹੈ। ਕਰੀਬ ਦੋ ਢਾਈ ਸਾਲ ਪਹਿਲਾਂ ਮਹਾਂਰਾਸ਼ਟਰ ਵਿੱਚ ਪੀਣ ਵਾਲੇ ਪਾਣੀ ਦੀ ਸਾਹਮਣੇ ਆਈ ਕਮੀ ਨੇ ਅੰਤਰ-ਰਾਸ਼ਟਰੀ ਪੱਧਰ ਤੇ ਹਲਚਲ ਮਚਾ ਕੇ ਰੱਖ ਦਿੱਤੀ ਸੀ।

ਜਦੋਂ ਕੇਂਦਰ ਸਰਕਾਰ ਨੂੰ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਰੇਲ-ਗੱਡੀਆਂ ਰਾਹੀਂ ਪਾਣੀ ਭੇਜਣਾ ਪਿਆ ਸੀ। ਇਸ ਨੂੰ ਆਉਣ ਵਾਲੇ ਸਮੇਂ ਲਈ ਸੰਕੇਤ ਸਮਝਣਾ ਚਾਹੀਦਾ ਹੈ ਕਿਉਂਕਿ ਵਿਗਿਆਨੀ ਪਹਿਲਾਂ ਹੀ




ਭਵਿੱਖ ਵਾਣੀ ਕਰ ਚੁੱਕੇ ਹਨ ਕਿ ਜਦੋਂ ਵੀ ਕੋਈ ਅਗਲੀ ਸੰਸਾਰ ਜੰਗ ਲੱਗੀ ਤਾਂ ਕੋਈ ਹੱਰ ਮੁੱਦੇ ਭਾਵ ਨ ਹੋਣ ਪਰ ਪਾਣੀ ਇਸ ਜੰਗ ਦਾ ਅਹਿਮ ਮੁੱਦਾ ਹੋਵੇਗਾ। ਮਨੁੱਖੀ ਜੀਵਨ ਨੂੰ ਆਪਣੇ ਹੱਥੀਂ ਤਬਾਹ ਕਰਨ ਵੱਲ ਵੱਧ ਰਹੇ ਮਨੁੱਖ ਨੂੰ ਪਾਣੀ ਦੀ ਬੂੰਦ-ਬੂੰਦ ਬਚਾਉਣ ਵੱਲ ਧਿਆਨ ਦੇਣਾ ਪਵੇਗਾ। ਅਜਿਹਾ ਕਰਨ ਲਈ ਵਿਅਕਤੀਗਤ ਪੱਧਰ ਉੱਤੇ ਪਾਣੀ ਦੀ ਬਚਤ ਕਰਨ ਦੇ ਨਾਲ-ਨਾਲ ਕੁਦਰਤੀ ਜਲ ਸੋਮਿਆਂ, ਛੱਪੜਾਂ, ਨਦੀਆਂ, ਨਾਲਿਆਂ ਅਤੇ ਦਰਿਆਵਾਂ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ ਸਰਕਾਰਾਂ ਨੂੰ ਵੋਟ ਦੀ ਰਾਜਨੀਤੀ ਤਿਆਗ ਕੇ ਸਾਰਥਕ ਕਦਮ ਚੁੱਕਣੇ ਪੈਣਗੇ।

# ਸਾਡੀਆਂ ਆਦਤਾਂ, ਸਾਡੇ ਸੁਭਾਅ-ਈਰਖਾ !



ਈਰਖਾ ਇਕ ਰੋਗ ਹੈ, ਬਹੁਤ ਭੈੜਾ ਅਤੇ ਬਹੁਤ ਭਿਆਨਕ ਰੋਗ। ਇਸ ਰੋਗ ਨੂੰ ਲਾਉਣਾ ਸੌਖਾ ਹੈ ਪਰ ਇਸ ਤੋਂ ਛੁਟਕਾਰਾ ਪਾਉਣਾ ਬਹੁਤ ਹੀ ਔਖਾ ਹੈ। ਅਸਲ ਵਿਚ ਈਰਖਾ ਕਰਨ ਵਾਲਾ ਇਨਸਾਨ ਬਹੁਤ ਹੀ ਬਦਕਿਸਮਤ ਹੁੰਦਾ ਹੈ ਕਿਉਂਕਿ ਉਹ ਆਪਣਾ ਸਮਾਂ ਚੰਗੇ ਕੰਮ ਕਰਨ ਦੀ ਬਜਾਏ ਇਹ ਸੋਚਣ ’ਤੇ ਜ਼ਾਇਆ ਕਰਦਾ ਹੈ ਕਿ ਦੂਜਿਆਂ ਦੇ ਵਿਰੁੱਧ ਅਗਲੀ ਘਟੀਆ ਹਰਕਤ ਕਿਹੜੀ ਕਰਨੀ ਹੈ। ਈਰਖਾ ਦੇ ਮਾਰੇ ਇਨਸਾਨ ਬਹੁਤ ਬਦਕਿਸਮਤ ਹਨ ਕਿਉਂਕਿ ਉਹ ਹਰ ਵੇਲੇ ਇਹੋ ਸੋਚਦੇ ਰਹਿੰਦੇ ਹਨ ਕਿ ਦੂਜਿਆਂ ਨੂੰ ਕਿਵੇਂ ਥੱਲੇ ਲਾਉਣਾ ਹੈ; ਕਿਸੇ ਦਾ ਕਿਵੇਂ ਨੁਕਸਾਨ ਕਰਨਾ ਹੈ; ਕਿਸੇ ਦੀ ਚਲਦੀ ਗੱਡੀ ਨੂੰ ਕਿਵੇਂ ਲੀਹੋਂ ਲਾਹੁਣਾ ਹੈ; ਕਿਸੇ ਦੇ ਚੰਗੇ ਦਿਨਾਂ ਨੂੰ ਮਾੜੇ ਦਿਨਾਂ ਵਿਚ ਕਿਵੇਂ ਬਦਲਣਾ ਹੈ; ਕਿਸੇ ਉੱਪਰ ਚੜ੍ਹਦੇ ਨੂੰ ਥੱਲੇ ਕਿਵੇਂ ਡੇਗਣਾ ਹੈ; ਕਿਸੇ ਤੰਦਰੁਸਤ ਨੂੰ ਬਿਮਾਰ ਕਿਵੇਂ ਕਰਨਾ ਹੈ; ਕਿਸੇ ਦੀ ਲੱਤ ਬਾਂਹ ਕਿਵੇਂ ਭੰਨਣੀ ਹੈ; ਕਿਸੇ ਦਾ ਸਿਰ ਕਿਵੇਂ ਪਾੜਨਾ ਹੈ; ਕਿਸੇ ਨੂੰ ਚੰਗੇ ਕੰਮਾਂ ਤੋਂ ਹਟਾ ਕੇ ਮਾੜੇ ਕੰਮਾਂ ਵੱਲ ਕਿਵੇਂ ਲਾਉਣਾ ਹੈ; ਕਿਸੇ ਖੁਸ਼ੀ ਵਿਚ ਵੱਸਦੇ ਨੂੰ ਕਿਵੇਂ ਖ਼ਤਮ ਕਰਨਾ ਹੈ; ਲੁੱਕ ਛੁੱਪ ਕੇ ਕਿਸੇ ਦੀ ਇੱਜ਼ਤ ਨੂੰ ਮਿੱਟੀ ਵਿਚ ਕਿਵੇਂ ਰਲਾਉਣਾ ਹੈ; ਖ਼ੁਸ਼ੀ ਵਿਚ ਵਸਦੇ ਘਰਾਂ ਵਿਚ ਲੜਾਈ-ਝਗੜਾ ਕਿਵੇਂ ਪਾਉਣਾ ਹੈ।

ਈਰਖਾਲੂ ਇਨਸਾਨ ਕਦੇ ਵੀ ਕਿਸੇ ਦੇ ਸਾਹਮਣੇ ਆ ਕੇ ਵਾਰ ਨਹੀਂ ਕਰਦਾ ਸਗੋਂ ਹਰ ਵਾਰ ਛੁਪ ਕੇ ਡਰਪੋਕਾਂ ਵਾਂਗ ਹੀ ਵਾਰ ਕਰਦਾ ਹੈ। ਸਗੋਂ ਕਈ ਵਾਰੀ ਤਾਂ ਉਹ ਤੁਹਾਨੂੰ ਆਪਣਾ ਸਨੇਹੀ, ਦੋਸਤ, ਭਰਾ, ਭੈਣ, ਹਮਦਰਦ ਜਾਂ ਸ਼ੁਭਚਿੰਤਕ ਹੀ ਆਖ਼ਦਾ ਹੈ। ਉਪਰੋਂ-ਉਪਰੋਂ ਉਸਦੀ ਕੋਸ਼ਿਸ਼ ਹੁੰਦੀ ਹੈ ਕਿ ਕਿਸੇ ਨੂੰ ਭਿਣਕ ਤੱਕ ਨਾ ਪਵੇ, ਪਰ ਈਰਖਾ ਕਦੋਂ ਕੁ



ਤੱਕ ਕੋਈ ਲੁਕਾ ਕੇ ਰੱਖ ਸਕਦਾ ਹੈ ? ਜਿਵੇਂ ਇਕ ਨ ਇਕ ਦਿਨ ਚੋਰ ਫੜਿਆ ਹੀ ਜਾਂਦਾ ਹੈ ਅਤੇ ਇਕ ਨ ਇਕ ਦਿਨ ਬੇਈਮਾਨ ਇਨਸਾਨ ਨੰਗਾ ਹੋ ਹੀ ਜਾਂਦਾ ਹੈ, ਇਸੇ ਤਰ੍ਹਾਂ ਇਕ ਨਾ ਇਕ ਦਿਨ ਈਰਖਾਲੂ ਇਨਸਾਨ ਦੀਆਂ ਕੋਝੀਆਂ ਕਰਤੂਤਾਂ ਤੋਂ ਵੀ ਪੜ੍ਹਦਾ ਉੱਠ ਹੀ ਜਾਂਦਾ ਹੈ ਭਾਵੇਂ ਉਹ ਇਨ੍ਹਾਂ ਨੂੰ ਲੁਕਾਉਣ ਦੀਆਂ ਲੱਖ ਕੋਸ਼ਿਸ਼ਾਂ ਕਰ ਲਵੇ। ਵੈਸੇ ਕੋਈ ਵੀ ਇਨਸਾਨ ਈਰਖਾ ਤੋਂ ਬਿਲਕੁਲ ਰਹਿਤ ਨਹੀਂ ਹੋ ਸਕਦਾ। ਥੋੜ੍ਹੀ ਬਹੁਤ ਈਰਖਾ ਕਦੇ ਨਾ ਕਦੇ ਸਾਲ-ਛਿਮਾਹੀਂ ਹਰ ਇਕ ਦੇ ਮਨ ਵਿਚ ਆ ਜਾਂਦੀ ਹੈ। ਜੇ ਮੈਂ ਕਹਾਂ ਕਿ ਮੈਨੂੰ ਕਦੇ ਵੀ ਕਿਸੇ ਨਾਲ ਈਰਖਾ ਨਹੀਂ ਹੋਈ ਤਾਂ ਮੈਂ ਝੂਠ ਬੋਲਦਾ ਹੋਵਾਂਗਾ। ਪਰ ਈਰਖਾ ਕਦੇ-ਕਦਾਈਂ ਆ ਜਾਣੀ ਹੋਰ ਗੱਲ ਹੈ ਅਤੇ ਇਸ ਬੀਮਾਰੀ ਦਾ ਸਦਾ ਲਈ ਰੋਗੀ ਬਣਨਾ ਹੋਰ ਗੱਲ ਹੈ। ਈਰਖਾ ਕਦੇ-ਕਦਾਈਂ ਮਹਿਸੂਸ ਕਰਨੀ ਹੋਰ ਗੱਲ ਹੈ ਅਤੇ ਈਰਖਾ ਨਾਲ ਭਰ ਕੇ ਕਿਸੇ ਦੇ ਵਿਰੁੱਧ ਉਸਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨੀ ਰੋਗ ਵੀ ਹੈ ਅਤੇ ਕਮੀਨਾਪਣ ਵੀ। ਅਸੀਂ ਇਨਸਾਨ ਹਾਂ ਰੱਬ ਨਹੀਂ। ਇਨਸਾਨ ਹੋ ਕੇ ਕਦੇ-ਕਦਾਈਂ ਵਰ੍ਹੇ ਕਦੀ ਵੀ ਕਰੋਧ, ਲੋਭ ਜਾਂ ਈਰਖਾ ਦੀ ਗਲੀ ਵਿਚੋਂ ਲੰਘਣਾ ਸੁਭਾਵਕ ਹੈ। ਪਰ ਇਨ੍ਹਾਂ ਰੋਗਾਂ ਦੇ ਗ਼ੁਲਾਮ ਬਣਨਾ ਅਤੇ ਇਨ੍ਹਾਂ ਦੀ ਪੂਜਾ ਕਰਨੀ ਗ਼ਲਤ ਹੈ। ਈਰਖਾ ਦੀਆਂ ਕੁਝ ਉਦਾਹਰਣਾਂ ਹਨ:

ਛੋਟੇ ਮੁਲਾਜ਼ਮਾਂ ਦਾ ਵੱਡੇ ਮੁਲਾਜ਼ਮਾਂ ਜਾਂ ਅਫ਼ਸਰਾਂ ਨਾਲ ਖ਼ਾਰ ਖਾਣਾ। “ਇਹ ਸਾਲਾ ਵਜ਼ੀਰ ਦੀ ਸਿਫ਼ਾਰਸ਼ ਨਾਲ ਅਫ਼ਸਰ ਬਣ ਗਿਆ, ਆਉਂਦਾ ਊਂਦਾ ਕੁਝ ਵੀ ਨਹੀਂ। ਜੀਅ ਕਰਦਾ ਹਰਾਮੀ ਨੂੰ ਕਤਲ ਕਰ ਦਿਆਂ।”

– ਛੋਟੇ ਲੇਖਕ ਦਾ ਵੱਡੇ ਲੇਖਕ ਨੂੰ ਪਸੰਦ ਨਾ ਕਰਨਾ। “ਸ਼ਿਵ ਵੀ ਕੋਈ ਕਵੀ ਐ ! ਐਵੇਂ ਸਾਰੀ ਉਮਰ ਰੋਂਦਾ ਰਿਹਾ।”

– ਕਿਸੇ ਦੋਸਤ ਨੂੰ ਆਪਣੇ ਨਾਲੋਂ ਉੱਚੀ ਸਥਿਤੀ ’ਤੇ ਪਹੁੰਚਿਆ ਦੇਖ ਕੇ ਨਾ ਜਰਨਾ, ਜਾਂ ਕਿਸੇ ਨੂੰ ਤਰੱਕੀ ਕਰਦਾ ਦੇਖ ਕੇ ਉਸਦੀ ਲੱਤ ਖਿੱਚੀ ਜਾਣੀ।

– ਕਿਸੇ ਦੂਜੇ ਦੀ ਸਫ਼ਲਤਾ ਬਿਲਕੁਲ ਝੱਲੀ ਨਾ ਜਾਣੀ।

– ਕਿਸੇ ਹੋਰ ਦੇ ਵਧੀਆ ਘਰ ਬਣਾ ਲੈਣ ਜਾਂ ਵਧੀਆ ਕਾਰ ਲੈਣ ਤੇ ਐਵੇਂ ਈਰਖਾ ਨਾਲ ਜਲੀ ਜਾਣਾ।

– ਕਿਸੇ ਨੂੰ ਆਪਣੇ ਤੋਂ ਜ਼ਿਆਦਾ ਲਾਇਕ ਦੇਖ ਕੇ ਖਿਝੀ ਜਾਣਾ।

– ਛੋਟੇ ਗੀਤਕਾਰ ਦਾ ਆਪਣੇ ਤੋਂ ਵਧੀਆ ਗੀਤਕਾਰ ਨੂੰ ਭੰਡਣਾ।

– ਕਿਸੇ ਕਿਸਾਨ ਦਾ ਦੂਸਰੇ ਕਿਸਾਨ ਦੀ ਵਧੀਆ ਫ਼ਸਲ ਦੇਖ ਕੇ ਦੁਖੀ ਹੋਈ ਜਾਣਾ।

– ਕਿਸੇ ਦੋਸਤ ਦਾ ਖ਼ੂਬਸੂਰਤ ਲੜਕੀ ਨਾਲ ਜਾਂ ਸਹੇਲੀ ਦਾ ਚੰਗੇ ਅਮੀਰ ਲੜਕੇ ਨਾਲ ਵਿਆਹ ਹੋਇਆ ਦੇਖ ਕੇ ਨਾ ਜਰਨਾ ਅਤੇ ਐਵੇਂ ਕਿੜੀ ਜਾਣਾ।

ਇਹ ਸਭ ਈਰਖਾ ਭਰੀਆਂ ਗੱਲਾਂ ਅਸੀਂ ਆਪਣੇ ਆਪ ਨੂੰ ਦੂਜਿਆਂ ਸਾਹਮਣੇ ਵਧੀਆ ਹੋਣ ਦਾ ਝੂਠਾ ਧਰਵਾਸ ਦੇਣ ਲਈ ਹੀ ਕਰਦੇ ਹਾਂ। ਕਈ ਵਾਰੀ ਅਸੀਂ ਈਰਖਾ ਦੀ ਅੱਗ ਵਿਚ ਇੰਨੇ ਭੱਖ ਰਹੇ ਹੁੰਦੇ ਹਾਂ ਕਿ ਅਸੀਂ ਅਜਿਹੀਆਂ ਭੱਦੀਆਂ ਹਰਕਤਾਂ ਕਰ ਜਾਂਦੇ ਹਾਂ ਜਿਨ੍ਹਾਂ ਬਾਰੇ ਆਮ ਤੌਰ ’ਤੇ ਕਦੇ ਸੋਚਿਆ ਵੀ ਨਹੀਂ ਜਾ ਸਕਦਾ।

ਈਰਖਾ ਵਜੋਂ ਕੀਤੀਆਂ ਗਈਆਂ ਘਿਣੋਣੀਆਂ ਹਰਕਤਾਂ ਨਾਲ ਇਤਿਹਾਸ ਭਰਿਆ ਪਿਆ ਹੈ। ਕੁਝ ਸਮਾਂ ਪਹਿਲਾਂ ਇੰਗਲੈਂਡ ਵਿਚ ਰਹਿੰਦੀ ਪੰਜਾਬੀ ਮੂਲ ਦੀ ਲੜਕੀ ਨੂੰ ਬਹੁਤ ਲੰਬੀ ਉਮਰ ਕੈਦ ਹੋਈ ਹੈ ਇਸ ਲਈ ਕਿ ਉਸਨੇ ਈਰਖਾ ਕਾਰਨ ਆਪਣੇ ਆਸ਼ਕ ਲੜਕੇ ਦੀ ਪਹਿਲੀ ਪਤਨੀ ਦਾ ਬਹੁਤ ਹੀ ਬੇਦਰਦੀ ਨਾਲ 40 ਤੋਂ ਵੱਧ ਵਾਰੀ ਚਾਕੂ ਮਾਰ ਕੇ ਖ਼ੂਨ ਕੀਤਾ ਸੀ। ਟਾਨੀਆ ਹਾਰਡਿੰਗ ਅਤੇ ਨੈਂਸੀ ਕੈਰੀਗਨ ਕੁਝ ਸਾਲ ਪਹਿਲਾਂ ਅਮਰੀਕਾ ਦੀਆਂ ਮਸ਼ਹੂਰ ਫਿਗਰ ਸਕੇਟਰਜ਼ ਸਨ। ਨੈਂਸੀ ਜ਼ਿਆਦਾ ਵਧੀਆ ਸਕੇਟਰ ਸੀ ਜਿਸਨੇ ਕਈ ਤਗਮੇ ਜਿੱਤੇ ਸਨ। ਨੈਂਸੀ ਦੇ ਹੁੰਦਿਆਂ ਟਾਨੀਆ ਨੂੰ ਆਪਣੇ ਜਿੱਤਣ ਦੀ ਆਸ ਨਹੀਂ ਸੀ। 1994 ਵਿਚ ਕਿਸੇ ਨੇ ਪ੍ਰੈਕਟਿਸ ਕਰਦੀ ਨੈਂਸੀ ਦੇ ਗੋਡਿਆਂ ਵਿਚ ਕੁਝ ਮਾਰ ਕੇ ਉਸਨੂੰ ਬੁਰੀ ਤਰ੍ਹਾਂ ਫੱਟੜ ਕਰ ਦਿੱਤਾ ਸੀ। ਇਸ ਤਰ੍ਹਾਂ ਉਹ ਅਮਰੀਕਾ ਦੀ ਉਸ ਸਾਲ ਹੋਈ ਚੈਂਪੀਅਨਸ਼ਿਪ ਵਿਚ ਹਿੱਸਾ ਨਾ ਲੈ ਸਕਦੀ ਅਤੇ ਟਾਨੀਆ ਨੇ ਉਹ ਚੈਂਪੀਅਨਸ਼ਿਪ ਜਿੱਤ ਲਈ। ਪਿੱਛੋਂ ਪੁਲਿਸ ਦੀ ਜਾਂਚ-ਪੜਤਾਲ ਨੇ ਇਹ ਲੱਭਿਆ ਕਿ ਜੋ ਹਮਲਾ ਨੈਂਸੀ ’ਤੇ ਕੀਤਾ ਗਿਆ ਸੀ ਉਹ ਟਾਨੀਆ ਨੇ ਹੀ ਈਰਖਾ ਕਾਰਨ ਆਪਣੇ ਦੋਸਤ ਤੋਂ ਕਰਵਾਇਆ ਸੀ ਤਾਂ ਜੋ ਨੈਂਸੀ ਚੈਂਪੀਅਨਸ਼ਿਪ ਵਿਚ ਹਿੱਸਾ ਨਾ ਲੈ ਸਕੇ ਅਤੇ ਟਾਨੀਆ ਇਹ ਚੈਂਪੀਅਨਸ਼ਿਪ ਜਿੱਤ ਜਾਵੇ। ਟਾਨੀਆ ਇਹ ਚੈਂਪੀਅਨਸ਼ਿਪ ਜਿੱਤ ਵੀ ਗਈ ਸੀ। ਪਰ ਬਾਅਦ ਵਿਚ ਇਸ ਜ਼ੁਰਮ ਵਿਚ ਫਸ ਕੇ ਟਾਨੀਆ ਸਭ ਕੁਝ ਗੁਆ ਬੈਠੀ। ਉਸਨੂੰ ਜੇਲ੍ਹ ਵਿਚ ਵੀ ਜਾਣਾ ਪਿਆ ਅਤੇ ਉਸ ਉੱਤੇ ਅਮਰੀਕਾ ਵਿਚ ਫਿੱਗਰ ਸਕੇਟਿੰਗ ਵਿਚ ਹਿੱਸਾ ਲੈਣ ਤੋਂ ਹਮੇਸ਼ਾ ਲਈ ਪਾਬੰਦੀ ਲਾ ਦਿੱਤੀ ਗਈ ਸੀ। ਹਿੰਦੁਸਤਾਨ ਵਿਚ ਕਈ ਲੋਕ ਦੂਜਿਆਂ ਨਾਲ ਈਰਖਾ ਕਰਕੇ ਉਨ੍ਹਾਂ ਦੇ ਕੰਮ ਵਿਗਾੜਨ ਲਈ ਉਨ੍ਹਾਂ ਵਿਰੁੱਧ ਜਾਦੂ-ਟੂਣੇ ਵੀ ਕਰਦੇ ਹਨ। ਕਈ ਵਾਰ ਲੋਕ ਈਰਖਾ ਦਾ ਸ਼ਿਕਾਰ ਹੋ ਕੇ ਦੂਸਰਿਆਂ ਨੂੰ ਜ਼ਹਿਰ ਦੇਣ ਤੱਕ ਵੀ ਚਲੇ ਜਾਂਦੇ ਹਨ। ਹਿੰਦੁਸਤਾਨ ਵਿਚ ਮਤਰੇਈਆਂ ਮਾਵਾਂ ਦੇ ਆਪਣੇ ਮਤਰੇਵੇਂ ਪੁੱਤਾਂ ਧੀਆਂ ਨਾਲ ਕੀਤੇ ਸਲੂਕਾਂ ਦੀਆਂ ਕਹਾਣੀਆਂ ਸਭ ਨੂੰ ਹੀ ਪਤਾ ਹਨ। ਪੰਜਾਬ ਵਿਚ ਕਈ ਵਾਰੀ ਲੋਕ ਈਰਖਾ ਕਾਰਨ ਚੰਗੇ ਘਰਾਂ ਦੇ ਲੜਕਿਆਂ ਨੂੰ ਨਸ਼ਿਆਂ ਵਿਚ ਲਾ ਦਿੰਦੇ ਹਨ ਜਾਂ ਉਨ੍ਹਾਂ ਨੂੰ ਹੋਰ ਬੁਰੇ ਕੰਮਾਂ ਵਿਚ ਪਾ ਕੇ ਉਨ੍ਹਾਂ ਦੀ ਜ਼ਿੰਦਗੀ ਤਬਾਹ ਕਰ ਦਿੰਦੇ ਹਨ। ਪੰਜਾਬੀ ਲੋਕ ਤਾਂ ਈਰਖਾ ਲਈ ਬਹੁਤ ਮੰਨੇ ਹੋਏ ਹਨ। ਈਰਖਾ ਨਾਲ ਅਸੀਂ ਜਦੋਂ ਦੂਸਰਿਆਂ ਵਿਰੁੱਧ ਉਨ੍ਹਾਂ ਨੂੰ ਥੱਲੇ ਲਾਉਣ ਲਈ ਮਾੜੇ ਕੰਮ ਕਰਦੇ ਹਾਂ, ਤਾਂ ਫਿਰ ਅਸੀਂ ਇਨ੍ਹਾਂ ਹਰਕਤਾਂ ਨੂੰ ਲੁਕਾਉਣ ਲਈ ਹਰ ਕੋਸ਼ਿਸ਼ ਕਰਦੇ ਹਾਂ, ਝੂਠ ਬੋਲਦੇ ਹਾਂ, ਕੁਫ਼ਰ ਤੋਲਦੇ ਹਾਂ ਭਾਵੇਂ ਕੋਈ ਸਾਡੇ ’ਤੇ ਇਤਬਾਰ ਕਰੇ ਜਾਂ ਨਾ ਕਰੇ। ਆਪਣਾ ਕਸੂਰ ਮੰਨ ਕੇ ਪਛਤਾਵਾ ਕਰਨ ਦੀ ਬਜਾਏ ਅਸੀਂ ਇਸ ਤਰ੍ਹਾਂ ਸਫ਼ਾਈਆਂ ਪੇਸ਼ ਕਰਕੇ ਸਗੋਂ ਆਪਣੀ ਹੋਰ ਬੇਇੱਜ਼ਤੀ ਕਰਾਉਂਦੇ ਹਾਂ। ਉਪਰੋਂ ਭਾਵੇਂ ਸਾਨੂੰ ਕੋਈ ਕੁਝ ਨਾ ਕਹੇ ਪਰ ਅੰਦਰੋਂ ਸਾਰੇ ਹੀ ਸਾਨੂੰ ਲਾਹਨਤਾਂ ਪਾਉਂਦੇ ਹਨ ਅਤੇ ਸਾਡੇ ਤੋਂ ਪਰੇ ਹਟਦੇ ਜਾਂਦੇ ਹਨ। ਈਰਖਾ ਇਕ ਅਜਿਹਾ ਰੋਗ ਹੈ ਜਿਸ ਤੋਂ ਜਿੰਨਾ ਵੀ ਪਰਹੇਜ਼ ਕੀਤਾ ਜਾਵੇ ਚੰਗਾ ਹੈ।









# ਲੈਂਸਡਾਊਨ

# ਯਾਦਾਂ 'ਚ ਭਰੇ ਕੁਦਰਤ ਦੇ ਰੰਗ

**ਮਹਾਨਗਰ ਦੇ ਨੇੜੇ ਕੋਈ ਹਿਲ ਸਟੇਸ਼ਨ ਹੋਵੇ ਤਾਂ ਅੱਜ ਦੀ ਦੌੜ ਭੱਜ ਵਾਲੀ ਜ਼ਿੰਦਗੀ ਲਈ ਉਹ ਸੋਨੇ 'ਤੇ ਸੁਹਾਗੇ ਨਾਲੋਂ ਘੱਟ ਨਹੀਂ ਹੈ। ਦਿੱਲੀ ਵਾਸੀਆਂ ਲਈ ਉੱਤਰਾਖੰਡ ਜਾਂ ਹਿਮਾਚਲ ਪ੍ਰਦੇਸ਼ ਦੇ ਸੈਰ ਸਪਾਟਾ ਸਥਾਨ ਸਭ ਤੋਂ ਪਸੰਦੀਦਾ ਵੀਕਐਂਡ ਗੇਟਵੇਜ਼ 'ਚੋਂ ਇਕ ਹਨ। ਖ਼ਾਸ ਕਰ ਰਿਸ਼ੀਕੇਸ਼, ਮਸੂਰੀ, ਨੈਨੀਤਾਲ, ਸ਼ਿਮਲਾ, ਮਨਾਲੀ ਆਦਿ। ਪਰ ਇਥੇ ਕਈ ਵਾਰ ਭੀੜ ਛੁੱਟੀਆਂ ਦਾ ਮਜ਼ਾ ਕਿਰਕਿਰਾ ਵੀ ਕਰ ਦਿੰਦੀ ਹੈ। ਇਨ੍ਹਾਂ ਥਾਵਾਂ ਨਾਲੋਂ ਉੱਤਰਾਖੰਡ ਦਾ ਲੈਂਸਡਾਊਨ ਥੋੜ੍ਹਾ ਵੱਖਰਾ ਹੈ, ਜਿੱਥੇ ਸਕੂਨ ਦੇ ਨਾਲ ਮਿਲਦਾ ਹੈ ਕੁਦਰਤ ਦੀ ਗੋਦ 'ਚ ਸਮਾਂ ਬਿਤਾਉਣ ਦਾ ਮੌਕਾ...**

• ਅੰਸ਼ੂ ਸਿੰਘ

ਪ੍ਰਸਿੱਧ ਚੀਨੀ ਦਾਰਸ਼ਨਿਕ ਲਾਓ ਸ੍ਰੂ ਨੇ ਕਿਹਾ ਸੀ ਕਿ ਇਕ ਚੰਗੇ ਯਾਤਰੀ ਦੀ ਕੋਈ ਨਿਸ਼ਚਿਤ ਯੋਜਨਾ ਨਹੀਂ ਹੁੰਦੀ ਅਤੇ ਨਾ ਹੀ ਉਹ ਕਿਤੇ ਪਹੁੰਚਣ ਦੀ ਇੱਛਾ ਜਾਂ ਅਭਿਲਾਸ਼ਾ ਰੱਖਦਾ ਹੈ। ਉਹ ਬਸ ਚੱਲਦੇ ਹੀ ਰਹਿਣਾ ਚਾਹੁੰਦਾ ਹੈ। ਸਾਡੇ ਘੁਮੱਕੜਾਂ ਦਾ ਸਮੂਹ ਵੀ ਕੁਝ ਅਜਿਹੀ ਹੀ ਇੱਛਾ ਰੱਖਦਾ ਸੀ। ਮੌਕਾ ਮਿਲਿਆ ਨਹੀਂ ਕਿ ਮਨ ਸ਼ਹਿਰ ਤੋਂ ਬਾਹਰ ਨਿਕਲਣ ਲਈ ਕਾਹਲਾ ਹੋ ਜਾਂਦਾ ਹੈ। ਵੀਕਐਂਡ 'ਤੇ ਲੈਂਸਡਾਊਨ ਜਾਣ ਦੀ ਯੋਜਨਾ ਵੀ ਏਦਾਂ ਹੀ ਬਣ ਗਈ। ਦਿੱਲੀ ਤੋਂ ਕਰੀਬ 270ਕਿ.ਮੀ. ਦੀ ਦੂਰੀ 'ਤੇ ਸਥਿਤ ਪਹਾੜੀ ਸਥਾਨ ਸੈਲਾਨੀਆਂ ਦੀ ਭੀੜ ਤੋਂ ਅਜੇ ਵੀ ਕਾਫ਼ੀ ਹੱਦ ਤਕ ਬਚਿਆ ਹੋਇਆ ਹੈ। ਤੈਅ ਹੋਇਆ ਕਿ ਕੱਲ੍ਹ ਪਹੁ ਫੁੱਟਣ ਤੋਂ ਪਹਿਲਾਂ ਨਿਕਲ ਜਾਵਾਂਗੇ ਤਾਂ ਕਿ ਟ੍ਰੈਫਿਕ 'ਚ ਨਾ ਫਸਿਆ ਜਾਵੇ। ਅਸੀਂ ਦਿੱਲੀ-ਮੇਰਠ-ਬਿਜਨੌਰ-ਕੋਟਦੁਆਰ ਰੂਟ ਲਿਆ। ਰਾਤ ਦਾ ਹਨੇਰਾ ਪਿੱਛੇ ਰਿਹਾ ਸੀ ਅਤੇ ਚਾਨਣ ਹੋਣ ਵਾਲਾ ਸੀ, ਜਿਸ ਕਾਰਨ ਸ਼ਹਿਰ ਤੋਂ ਬਾਹਰ ਨਿਕਲਣ ਨੂੰ ਦੇਰ ਨਾ ਲੱਗੀ। ਉਸ ਤੋਂ ਬਾਅਦ ਤਾਂ ਖੁੱਲ੍ਹਾ ਹੋਇਆ ਅਕਾਸ਼ ਅਤੇ ਹਰੇ-ਭਰੇ ਖੇਤ ਦੇਖ ਮਨ ਸ਼ਾਂਤ ਅਤੇ ਹਲਕਾ ਹੋਣ ਲੱਗਾ। ਸਮਝੋ ਕੁਝ ਪੁਰਾਣਾ ਛੱਡਿਆ ਜਾ ਰਿਹਾ ਸੀ ਅਤੇ ਨਵਾਂ ਮਿਲਣ ਵਾਲਾ ਹੋਵੇ। ਲਗਪਗ ਦੋ ਘੰਟੇ ਦਾ ਸਫ਼ਰ ਬਿਤਾਉਣ ਪਿੱਛੋਂ ਸਾਰਿਆਂ ਨੂੰ ਚਾਹ ਦੀ ਤਲਬ ਸਤਾਉਣ ਲੱਗੀ। ਅਸੀਂ ਸਭ ਇਕ ਢਾਬੇ 'ਤੇ ਰੁਕੇ, ਜੋ ਕਿਸੇ ਹੋਟਲ ਨਾਲੋਂ ਘੱਟ ਨਹੀਂ ਸੀ। ਉੱਥੇ ਲਾਅਨ 'ਚ ਟੇਬਲ ਸਜਾ ਕੇ ਅਸੀਂ ਸਭ ਨੇ ਗਰਮ-ਗਰਮ ਚਾਹ-ਕੌਫੀ-ਨਾਸ਼ਤਾ ਕੀਤਾ ਅਤੇ ਫਿਰ ਆਪਣੇ ਨਿਸ਼ਾਨੇ ਵੱਲ ਵੱਧ ਗਏ।

## ਕੁਝ ਜਾਦੂਮਈ ਮਿਲੇਗਾ ਨਜ਼ਾਰਾ

ਗੱਡੀ ਪੂਰੀ ਰਫ਼ਤਾਰ 'ਚ ਹਵਾ ਨਾਲ ਗੱਲਾਂ ਕਰਦੀ ਹੋਈ ਅੱਗੇ ਵਧ ਰਹੀ ਸੀ। ਮਿਊਜ਼ਿਕ ਨਾਲ ਕੁਝ ਮੌਜ ਮਸਤੀ ਦਾ ਮਜ਼ਾ ਲੈ ਰਹੇ ਸਨ ਤੇ ਕੁਝ ਯਾਦਾਂ 'ਚ ਡੁੱਬ ਗਏ ਸਨ। ਸਮਾਂ ਬੀਤਦਿਆਂ ਦੇਰ ਨਾ ਲੱਗੀ ਅਤੇ ਅਸੀਂ ਕੋਟਦੁਆਰ ਦੇ ਨੇੜੇ ਪਹੁੰਚ ਚੁੱਕੇ ਸਨ। ਉਥੋਂ ਲੈਂਸਡਾਊਨ ਤਕਰੀਬਨ 40ਕਿਲੋਮੀਟਰ ਦੂਰ ਸੀ। ਗਰੁੱਪ ਦੇ ਜ਼ਿਆਦਾਤਰ ਸਾਥੀ ਪਰਬਤ ਪ੍ਰੇਮੀ ਸਨ। ਸਾਰੇ ਪਹਾੜਾਂ ਦਾ ਦੀਦਾਰ ਕਰਨ ਲਈ ਉਤਾਵਲੇ ਸਨ। ਪਰ ਜਿਉਂ ਹੀ ਕੋਟਦੁਆਰ ਪਿੱਛੇ ਰਹਿ ਗਿਆ, ਤੂ ਦ੍ਰਿਸ਼ ਬਦਲਣ ਲੱਗੇ। ਮੈਦਾਨੀ ਇਲਾਕਾ ਪਹਾੜਾਂ 'ਚ ਗੁੰਮ ਹੋ ਗਿਆ। ਗੱਡੀ ਦੇ ਸ਼ੀਸ਼ੇ ਹੇਠਾਂ ਕੀਤੇ ਤਾਂ ਹਵਾ ਦੀ ਛੋਹ ਵੀ ਬਦਲ ਚੁੱਕੀ ਸੀ। ਗੜ੍ਹਵਾਲ ਦਾ ਹਿਮਾਲਿਆ ਸਾਹਮਣੇ ਸੀ ਅਤੇ ਚਾਰੇ ਪਾਸੇ ਦਾ ਅਦਭੁਤ ਕੁਦਰਤੀ ਨਜ਼ਾਰਾ ਸਤ 'ਤੇ ਜਾਦੂ ਵਰਗਾ ਅਸਰ ਕਰ ਰਿਹਾ ਸੀ। ਲੈਂਸਡਾਊਨ ਦੀ ਦੂਰੀ 10 ਕਿਲੋਮੀਟਰ ਹੀ ਰਹਿ ਗਈ ਸੀ। ਕੁਝ ਹੀ ਸਮੇਂ 'ਚ ਅਸੀਂ ਬੱਦਲਾਂ ਨਾਲ ਮਿਲੀ ਇਕ ਵੱਖਰੀ ਦੁਨੀਆ 'ਚ ਦਾਖ਼ਲ ਹੋ ਚੁੱਕੇ ਸਾਂ। ਹਾਲਾਂਕਿ ਇਸ ਨਾਲ ਨਜ਼ਰ 'ਤੇ ਅਸਰ ਪੈ ਰਿਹਾ ਸੀ ਅਤੇ ਡਰਾਈਵਿੰਗ ਸੀਟ 'ਤੇ ਬੈਠੇ ਸਾਥੀ ਨੂੰ ਇਸ਼ਾਰਾ ਕਰ ਰਿਹਾ ਸੀ ਕਿ ਹੋਰ ਸਾਵਧਾਨੀ ਨਾਲ ਚਲਾਉਣੀ ਹੋ ਗੱਡੀ। ਕਿਉਂਕਿ ਪੂਰੀ ਵਾਦੀ ਨੇ ਹੀ ਬੱਦਲਾਂ ਦੀ ਚਾਦਰ ਓੜ ਲਈ ਸੀ। ਆਪਣੇ ਅੰਦਰ ਇਸ ਅਹਿਸਾਸ ਨੂੰ ਸਮਾਉਣਾ ਵੀ ਮੁਸ਼ਕਿਲ ਹੋ ਰਿਹਾ ਸੀ ਕਿ ਦਿੱਲੀ ਦੇ ਨੇੜੇ ਕੁਦਰਤ ਇੰਨੀ ਨੈਣਸੁੱਖ ਦੇਣ ਵਾਲੀ ਹੋ ਸਕਦੀ ਹੈ। ਥੋੜ੍ਹਾ ਛੇਤੀ ਹੀ ਅਸੀਂ ਉਸ ਰਿਜ਼ਾਰਟ 'ਚ ਦਾਖ਼ਲ ਹੋ ਗਏ, ਜੋ ਅਗਲੇ ਦੋ ਦਿਨਾਂ ਤਕ ਸਾਡਾ ਪੜਾਅ ਸੀ।

## ਭੁੱਲਾ ਤਲਾਅ 'ਚ ਨੌਕਾ ਵਿਹਾਰ

ਜਿਵੇਂ ਕਿ ਸਾਨੂੰ ਉਮੀਦ ਸੀ ਅਤੇ ਜੋ ਦੱਸਿਆ ਗਿਆ ਸੀ ਲੈਂਸਡਾਊਨ ਇਕ ਬਹੁਤ ਸ਼ਾਂਤ ਅਤੇ ਮਨਮੋਹਕ ਸਥਾਨ ਹੈ। ਐਕਟੀਵਿਟੀ ਨਾਲੋਂ ਵੱਧ ਇਥੇ ਸਕੂਨ ਦੇ ਪਲ ਬਿਤਾਉਣ ਨੂੰ ਮਿਲਦੇ ਹਨ। ਇਸ ਲਈ ਪੈਦਲ ਹੀ ਇਲਾਕੇ ਦੀ ਸੈਰ ਕਰਨ ਦਾ ਫ਼ੈਸਲਾ ਕੀਤਾ। ਜ਼ਿਕਰਯੋਗ ਹੈ ਕਿ ਇਹ ਹਿੱਲ ਸਟੇਸ਼ਨ ਭਾਰਤੀ ਸੈਨਾ ਦੀ ਗੜ੍ਹਵਾਲ ਰਾਈਫਲਜ਼ ਦਾ ਕਮਾਂਡ ਆਫਿਸ ਵੀ ਹੈ। ਸ਼ਾਇਦ ਇਕ ਵਜ੍ਹਾ ਉਹ ਵੀ ਹੈ ਕਿ 1707 ਮੀਟਰ ਦੀ ਉੱਚਾਈ 'ਤੇ ਸਥਿਤ ਇਸ ਸਥਾਨ ਦੀ ਮਨਮੋਹਕ ਸੁੰਦਰਤਾ ਹੁਣ ਵੀ ਬਰਕਰਾਰ ਹੈ। ਸੈਲਾਨੀਆਂ ਲਈ ਇਥੇ ਗਿਣੇ ਚੁਣੇ ਹੀ ਖਿੱਚ ਭਰਪੂਰ ਟਿਕਾਣੇ ਹਨ ਜਿਨ੍ਹਾਂ 'ਚੋਂ ਭੁੱਲਾ ਤਲਾਅ ਇਕ ਹੈ। ਇਹ ਮਨੁੱਖ ਵਲੋਂ ਬਣਾਈ ਝੀਲ ਹੈ, ਜਿਸ ਦਾ ਨਿਰਮਾਣ ਗੜ੍ਹਵਾਲ ਰਾਈਫਲਜ਼ ਨੇ ਕਰਾਇਆ। ਇਸ 'ਚ ਨੌਕਾ ਵਿਹਾਰ ਦਾ ਆਨੰਦ ਲਿਆ ਜਾ ਸਕਦਾ ਹੈ। ਚਾਹੋ ਤਾਂ ਝੀਲ ਕਿਨਾਰੇ ਬੈਠ ਆਲੇ ਦੁਆਲੇ ਦੇ ਨਜ਼ਾਰਿਆਂ ਦਾ ਲੁਤਫ਼ ਲਿਆ ਜਾ ਸਕਦਾ ਹੈ। ਨੇੜੇ ਹੀ ਇਕ ਛੋਟਾ ਜਿਹਾ ਹੈਂਡੀਕ੍ਰਾਫਟ ਸ਼ੋਅਰੂਮ ਹੈ, ਜਿੱਥੇ ਸਿਲਕ ਅਤੇ ਸੂਤੀ ਵਸਤੂਆਂ ਮਿਲਦੀਆਂ ਹਨ। ਇਥੇ ਕਈ ਸਨੈਕਸ ਪੁਆਇੰਟਜ਼ ਹਨ, ਜਿੱਥੇ ਆਲੂ ਟਿੱਕੀ ਤੋਂ ਲੈ ਕੇ ਆਪਣੇ ਸਵਾਦ ਅਨੁਸਾਰ ਖਾਧ ਪਦਾਰਥ ਲੈ ਸਕਦੇ ਹੋ। ਵੈਸੇ, ਤੁਸੀਂ ਸਥਾਨਕ ਬਾਜ਼ਾਰ ਸਥਿਤ ਆਰਮੀ ਬੇਕਰੀ ਦੇ ਸਨੈਕਸ ਦਾ ਸਵਾਦ ਚੱਖਣਾ ਨਾ ਭੁੱਲੋ। ਇਹ ਸਸਤੇ ਹੋਣ ਦੇ ਨਾਲ ਕਾਫ਼ੀ ਸੁਆਦਲੇ ਵੀ ਹੁੰਦੇ ਹਨ।

## ਸੇਂਟ ਮੈਰੀ ਚਰਚ 'ਚ ਸ਼ਾਂਤੀ ਦਾ ਅਨੁਭਵ

ਲੈਂਸਡਾਊਨ ਦਾ ਨਾਂ 1888 ਤੋਂ 1894 ਵਿਚਾਲੇ ਭਾਰਤ ਦੇ ਵਾਇਸਰਾਇ ਰਹੇ ਲਾਰਡ ਲੈਂਸਡਾਊਨ ਦੇ ਨਾਂ 'ਤੇ ਪਿਆ ਹੈ। ਅੰਗਰੇਜ਼ਾਂ ਦੀ ਹਾਜ਼ਰੀ ਕਾਰਨ ਇਥੋਂ ਦਾ ਸੇਂਟ ਮੈਰੀ ਚਰਚ ਕਾਫ਼ੀ ਹਰਮਨ ਪਿਆਰਾ ਹੈ। ਪਾਈਨ ਅਤੇ ਦੇਵਦਾਰ ਦੇ ਜੰਗਲ ਵਿਚਾਲੇ ਸਥਿਤ ਗੌਥਿਕ ਸਟਾਈਲ ਦੇ ਚਰਚ 'ਚ ਦਾਖਲ ਹੋਣ ਪਿੱਛੋਂ ਅਸੀਮ ਸ਼ਾਂਤੀ ਦਾ ਅਨੁਭਵ ਹੁੰਦਾ ਹੈ। ਪਹਾੜ ਦੀ ਇਕ ਚੋਟੀ 'ਤੇ ਸਥਿਤ ਹੋਣ ਕਾਰਨ ਇਸ ਚਰਚ ਕੋਲ ਇਕ ਸੰਪੂਰਨ ਵਾਦੀ ਅਤੇ ਹਿਮਾਚਲ ਨੂੰ ਨਿਹਾਰਨ ਦਾ ਆਪਣਾ ਵੱਖਰਾ ਰੋਮਾਂਚ ਹੈ। ਸਫ਼ੈਦ ਬੱਦਲਾਂ, ਹਰਿਆਲੀ ਨਾਲ ਭਰਪੂਰ ਜੰਗਲਾਂ ਅਤੇ ਦੂਰ-ਦੂਰ ਤਕ ਫੈਲੀ ਰਿਹਾਇਸ਼ ਨੂੰ ਦੇਖ ਕੇ ਲੱਗਦਾ ਹੈ ਜਿਵੇਂ ਇਹ ਕਿਸੇ ਚਿੱਤਰਕਾਰ ਦਾ ਵਿਸ਼ਾਲ ਕੈਨਵਸ ਹੋਵੇ।

ਸਾਡੇ 'ਚੋਂ ਕੋਈ ਇਥੋਂ ਜਾਣ ਨੂੰ ਰਾਜ਼ੀ ਨਹੀਂ ਸੀ, ਸੋ ਨਿਰਧਾਰਤ ਸਮੇਂ ਨਾਲੋਂ ਵਧ ਬਤੀਤ ਕੀਤਾ ਪਰ ਸਮਾਂ ਘੱਟ ਸੀ ਅਤੇ ਜਾਣਾ ਅੱਗੇ ਸੀ।

## ਟਿਪ ਇਨ ਟੌਪ ਨਾਲ ਨਿਹਾਰੋ ਵਾਦੀ

ਸੇਂਟ ਮੈਰੀ ਚਰਚ ਤੋਂ ਅਸੀਂ ਤੁਰਦੇ ਹੋਏ ਪਹਾੜ ਦੀ ਇਕ ਚੋਟੀ ਤਕ ਜਾਣਾ ਸੀ, ਜਿਸ ਨੂੰ ਟਿਪ ਇਨ ਟੌਪ (ਟਿਫਨੀ ਟੌਪ) ਯਾਨੀ ਲੈਂਸਡਾਊਨ ਦਾ ਸਨੋ ਵਿਊ ਪੁਆਇੰਟ ਵੀ ਕਹਿੰਦੇ ਹਨ। ਇਹ ਵੀ ਇਕ ਅਜਿਹਾ ਸਥਾਨ ਹੈ, ਜਿੱਥੇ ਆਪਣੀਆਂ ਚਿੰਤਾਵਾਂ ਨੂੰ ਛੱਡ, ਵਿਚਾਰ ਸੂਨਯ ਹੋ ਕੇ ਘੰਟਿਆਂ ਬੱਧੀ ਬੈਠਿਆ ਜਾ ਸਕਦਾ ਹੈ। ਅਸੀਂ ਵੀ ਅਜਿਹਾ ਹੀ ਕੀਤਾ। ਖ਼ਾਮੋਸ਼ ਪਹਾੜਾਂ 'ਤੇ ਮੁਸਕਰਾਉਂਦੇ ਰੁੱਖਾਂ ਦੀਆਂ ਹਰਕਤਾਂ ਨੂੰ ਦੇਖਣਾ, ਜਿਨ੍ਹਾਂ ਦੀਆਂ ਟਾਹਣੀਆਂ ਕਦੇ ਹਵਾ ਦੇ ਝੌਂਕਿਆਂ ਤੇ ਕਦੇ ਪੰਛੀਆਂ ਦੀਆਂ ਅਠਖੇਲੀਆਂ ਨਾਲ ਲਹਿਰਾ ਉਠਦੀਆਂ ਸਨ। ਉੱਥੇ ਸਫ਼ੈਦ ਹਿਮਾਲਿਆ ਨੂੰ ਇਕਟਕ ਨਿਹਾਰਨਾ ਵੀ ਅਨੋਖਾ ਅਹਿਸਾਸ ਸੀ। ਵੈਸੇ, ਇਸ ਟ੍ਰੈਕ 'ਤੇ ਜਾਂਦੇ ਹੋਏ ਧਿਆਨ ਰੱਖਣਾ ਪੈਂਦਾ ਹੈ ਕਿ ਕਿਤੇ ਤੁਸੀਂ ਕਿਸੇ ਜ਼ਹਿਰੀਲੇ ਰੁੱਖ ਜਾਂ ਪੌਦੇ ਦੇ ਸੰਪਰਕ 'ਚ ਨਾ ਆ ਜਾਓ। ਤਾਰਕੇਸ਼ਵਰ ਮੰਦਰ 'ਚ ਸ਼ਿਵ ਦੇ ਦਰਸ਼ਨ ਦੇ ਪਹਿਲੇ ਦਿਨ ਹੀ ਅਸੀਂ ਜ਼ਿਆਦਾਤਰ ਲੋਕ ਪਸੰਦ ਵਾਲੇ ਸਥਾਨਾਂ ਨੂੰ ਮਾਪ ਲਿਆ ਸੀ। ਅਗਲੇ ਦਿਨ ਦੀ ਕੋਈ ਯੋਜਨਾ ਬਣਾਈ ਨਹੀਂ ਸੀ ਇਸ ਲਈ ਮਨ 'ਤੇ ਕੋਈ ਬੋਝ ਪਾਏ ਬਿਨਾਂ ਸਭ ਨੇ ਆਰਾਮ ਨਾਲ ਨੀਂਦ ਪੂਰੀ ਕਰਨ ਦਾ ਫ਼ੈਸਲਾ ਕੀਤਾ। ਜਦ ਸਵੇਰ ਹੋਈ ਤਾਂ ਸੂਰਜ ਦੀਆਂ ਕਿਰਨਾਂ ਨਾਲ ਨਹਾਤੀ ਵਾਦੀ ਨੇ ਗਰਮਜੋਸ਼ੀ ਨਾਲ ਸਾਡਾ ਸਵਾਗਤ ਕੀਤਾ ਅਤੇ ਨਵਾਂ ਜੋਸ਼ ਭਰ ਦਿੱਤਾ। ਅਸੀਂ ਮਹਿਸੂਸ ਕੀਤਾ ਕਿ ਤੇਜ਼ ਰਫ਼ਤਾਰ ਜ਼ਿੰਦਗੀ 'ਚ ਕੁਦਰਤ ਦੀ ਗੋਦ 'ਚ ਕੁਝ ਪਲ ਠਹਿਰਨਾ ਕਿੰਨਾ ਜ਼ਰੂਰੀ ਹੈ।

ਸ਼ੋਰ ਸਮੇਂ ਦਾ ਧਿਆਨ ਰੱਖਦੇ ਹੋਏ ਅਸੀਂ ਝਟਪਟ ਤਿਆਰ ਹੋਏ ਅਤੇ ਨਿਕਲ ਪਏ ਤਾਰਕੇਸ਼ਵਰ ਸਥਿਤ 600 ਸਾਲ ਪੁਰਾਣੇ ਸ਼ਿਵ ਮੰਦਰ ਦੇ ਦਰਸ਼ਨ ਲਈ, ਜੋ ਲੈਂਸਡਾਊਨ ਤੋਂ ਲਗਪਗ 40ਕਿਲੋਮੀਟਰ ਦੂਰ ਸੀ। ਸੜਕ ਚੰਗੀ ਸੀ ਪਰ ਮੈਦਾਨੀ ਇਲਾਕੇ 'ਚ ਕਾਰ ਡਰਾਈਵ ਕਰਨ ਨਾਲੋਂ ਬਿਲਕੁਲ ਵੱਖਰਾ ਅਨੁਭਵ ਹੁੰਦਾ ਹੈ ਇਥੇ। ਆਖਰਕਾਰ ਮੰਦਰ ਤੋਂ 100 ਮੀਟਰ ਦੂਰ ਕਾਰ ਪਾਰਕ ਕਰ ਕੇ ਅਸੀਂ ਕੁਝ ਢਲਾਣ ਵੱਲ ਵਧੇ, ਜਿੱਥੇ ਪਹਿਲਾਂ ਮੁੱਖ ਦੁਆਰ ਮਿਲਿਆ ਅਤੇ ਫਿਰ ਮੰਦਰ। ਪੂਰਾ ਇਲਾਕਾ ਦੇਵਦਾਰ ਦੇ ਸੰਘਣੇ ਰੁੱਖਾਂ ਨਾਲ ਘਿਰਿਆ ਹੋਇਆ ਹੈ, ਜਿੱਥੇ ਕਈ ਵਾਰ ਸੂਰਜ ਦੀ ਰੌਸ਼ਨੀ ਤਕ ਨਹੀਂ ਪਹੁੰਚਦੀ। ਇਸ ਤਰ੍ਹਾਂ ਇਹ ਪੂਰੀ ਯਾਤਰਾ ਇਕ ਯਾਦਗਾਰ ਦੇ ਰੂਪ ਵਿਚ ਦਿਲੋ-ਦਿਮਾਗ਼ 'ਚ ਉਕਰੀ ਗਈ। •

### ਦਰਵਾਨ ਸਿੰਘ ਮਿਊਜ਼ੀਅਮ

ਕੁਦਰਤੀ ਨਜ਼ਾਰਿਆਂ ਤੋਂ ਇਲਾਵਾ ਲੈਂਸਡਾਊਨ ਸਥਿਤ ਦਰਵਾਨ ਸਿੰਘ ਮਿਊਜ਼ੀਅਮ 'ਚ ਰੱਖੇ ਬਹੁਮੁੱਲੇ ਪ੍ਰਤੀਕ ਚਿੰਨ੍ਹਾਂ ਅਤੇ ਸੰਗ੍ਰਹਿਤ ਵਸਤੂਆਂ ਦੁਆਰਾ ਗੜ੍ਹਵਾਲ ਰਾਈਫਲਜ਼ ਬਾਰੇ ਜਾਣਨਾ ਵੀ ਸਾਡੇ ਲਈ ਘੱਟ ਯਾਦਗਾਰੀ ਨਹੀਂ ਸੀ। ਜਿਸ ਦੇ ਨਾਂ 'ਤੇ ਇਹ ਮਿਊਜ਼ੀਅਮ ਹੈ, ਉਹ ਬ੍ਰਿਟਿਸ਼ ਅਤੇ ਕਾਮਵੈਲਥ ਫੋਰਸਜ਼ ਦੁਆਰਾ ਵਿਕਟੋਰੀਆ ਕਰਾਸ ਨਾਲ ਨਿਵਾਜੇ ਗਏ ਪਹਿਲੇ ਭਾਰਤੀਆਂ 'ਚੋਂ ਇਕ ਸਨ। ਹਾਂ, ਤੁਹਾਨੂੰ ਦੱਸ ਦਈਏ ਕਿ ਇਸ ਮਿਊਜ਼ੀਅਮ 'ਚ 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ ਅਤੇ ਨਾ ਹੀ ਮੰਦਰ ਦੀਆਂ ਤਸਵੀਰਾਂ ਖਿੱਚੀਆਂ ਜਾ ਸਕਦੀਆਂ ਹਨ। ਦੁਪਹਿਰ ਸਮੇਂ ਕੁਝ ਘੰਟਿਆਂ ਲਈ ਇਹ ਬੰਦ ਵੀ ਹੁੰਦਾ ਹੈ। ਮਿਊਜ਼ੀਅਮ ਦੇ ਬਾਹਰ ਇਕ ਸੁੰਦਰ ਪਾਰਕ ਹੈ, ਜਿੱਥੇ ਕਈ ਤਰ੍ਹਾਂ ਦੇ ਫੁੱਲ ਮਨ ਮੋਹ ਲੈਣਗੇ। ਇਥੇ ਸਾਹਮਣੇ ਗੜ੍ਹਵਾਲ ਰੈਜੀਮੈਂਟ ਦਾ ਵਿਸ਼ਾਲ ਖੇਡ ਮੈਦਾਨ ਵੀ ਹੈ, ਜਿੱਥੇ ਕਿਸੇ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ।

### ਕਿਵੇਂ ਪਹੁੰਚੀਏ?

**ਹਵਾਈ ਜਹਾਜ਼ :** ਦੇਹਰਾਦੂਨ ਸਥਿਤ ਜੌਲੀ ਗਰਾਂਟ ਏਅਰਪੋਰਟ ਤੋਂ ਟੈਕਸੀ ਰਾਹੀਂ ਪਹੁੰਚਿਆ ਜਾ ਸਕਦਾ ਹੈ।

**ਰੇਲ :** ਕੋਟਦੁਆਰ ਰੇਲਵੇ ਸਟੇਸ਼ਨ ਤੋਂ ਟੈਕਸੀ ਲੈ ਕੇ ਜਾਇਆ ਜਾ ਸਕਦਾ ਹੈ।

**ਸੜਕ :** ਦਿੱਲੀ ਤੋਂ ਸੜਕ ਮਾਰਗ ਰਾਹੀਂ ਜਾਣਾ ਸਭ ਤੋਂ ਵਧ ਸਹੂਲਤਮਈ ਹੈ। ਚੰਗੀ ਸੜਕ ਹੋਣ ਕਾਰਨ 5 ਤੋਂ 6 ਘੰਟੇ 'ਚ ਆਰਾਮ ਨਾਲ ਪਹੁੰਚਿਆ ਜਾ ਸਕਦਾ ਹੈ।

**ਜਾਣ ਦਾ ਸਮਾਂ :** ਇਥੋਂ ਦਾ ਮੌਸਮ ਆਮ ਤੌਰ 'ਤੇ ਸੁਹਾਵਣਾ ਹੀ ਰਹਿੰਦਾ ਹੈ। ਵੈਸੇ ਮਾਰਚ ਤੋਂ ਜੂਨ ਦਰਮਿਆਨ ਜਾਣਾ ਸਭ ਤੋਂ ਚੰਗਾ ਰਹੇਗਾ। ਦਸੰਬਰ ਤੋਂ ਫਰਵਰੀ ਤਕ ਠੰਢ ਵੱਧ ਜਾਂਦੀ ਹੈ।

---



# ਚਾਰਧਾਮ ਦੀ ਯਾਤਰਾ ਦੇ ਸਰੋਕਾਰ

• ਡਾ. ਆਸ਼ਾ ਅਰਪਿਤ
98887-70954

ਸਾਲ 2013 ਵਿਚ ਜਦੋਂ ਪੂਰਾ ਕੇਦਾਰਨਾਥ ਅਚਾਨਕ ਆਏ ਹੜ੍ਹਾਂ ਵਿਚ ਜਲਮਗਨ ਹੋ ਰਿਹਾ ਸੀ ਤਾਂ ਮੰਦਰ ਦੇ ਪਿਛਵਾੜੇ ਇਕ ਚਟਾਨ ਮੰਦਰ ਦੇ ਪਿੱਛੇ ਆ ਕੇ ਲੱਗ ਗਈ। ਪਾਣੀ ਦੋ ਹਿੱਸਿਆਂ ਵਿਚ ਵੰਡਿਆ ਗਿਆ। ਮੰਦਰ ਦੇ ਅੰਦਰ ਪਾਣੀ ਤਾਂ ਭਰਿਆ ਪਰ ਭਗਵਾਨ ਸ਼ੰਕਰ ਅਤੇ ਨੰਦੀ ਦੀਆਂ ਮੂਰਤੀਆਂ ਦੇ ਨਾਲ-ਨਾਲ ਬਾਕੀ ਮੂਰਤੀਆਂ ਵੀ ਸੁਰੱਖਿਅਤ ਬਚ ਗਈਆਂ। ਕੇਦਾਰਨਾਥ ਵਿਚ ਸਭ ਕੁਝ ਤਹਿਸ-ਨਹਿਸ ਹੋ ਚੁੱਕਿਆ ਸੀ। ਮਈ-ਜੂਨ ਦਾ ਮਹੀਨਾ ਸੀ। ਚਾਰਧਾਮ ਦੀ ਯਾਤਰਾ ਜ਼ੋਰਾਂ 'ਤੇ ਸੀ। ਉਸ ਵੇਲੇ ਪੰਜ ਲੱਖ ਤੋਂ ਵੱਧ ਯਾਤਰੀ ਉੱਥੇ ਸਨ, ਜਿਨ੍ਹਾਂ ਵਿਚ ਕਈ ਮੌਤ ਦੇ ਮੂੰਹ ਚਲੇ ਗਏ। ਕੌਣ ਕਿੱਥੋਂ ਆਇਆ, ਕੋਈ ਪਤਾ ਨਹੀਂ ਸੀ ਲੱਗ ਰਿਹਾ। ਹਰਿਦੁਆਰ ਦੀ ਟੂਰਿਜ਼ਮ ਅਧਿਕਾਰੀ ਸੀਮਾ ਨੌਟਿਆਲ ਨੇ ਇਸ ਆਫ਼ਤ ਦਾ ਮੰਜ਼ਰ ਆਪਣੀ ਅੱਖੀਂ ਵੇਖਿਆ ਸੀ।

## ਯਾਤਰਾ ਦਾ ਆਰੰਭ

ਇਸ ਵਾਰ ਦੀ ਚਾਰਧਾਮ ਯਾਤਰਾ ਸ਼ੁਰੂ ਹੋ ਚੁੱਕੀ ਹੈ। ਗੰਗੋਤਰੀ, ਯਮੁਨੋਤਰੀ, ਕੇਦਾਰਨਾਥ ਅਤੇ ਬਦਰੀਨਾਥ ਦੇ ਦੁਆਰ ਖੁੱਲ੍ਹ ਗਏ ਹਨ। ਟ੍ਰੈਵਲ ਏਜੰਸੀਆਂ ਯਾਤਰਾ ਦੀ ਬੁਕਿੰਗ ਕਰ ਰਹੀਆਂ ਹਨ ਅਤੇ ਟਰਾਂਸਪੋਰਟ ਵਿਭਾਗ ਵਪਾਰਕ ਗੱਡੀਆਂ ਨੂੰ ਗਰੀਨ ਕਾਰਡ ਜਾਰੀ ਕਰ ਰਿਹਾ ਹੈ। ਉੱਤਰਾਖੰਡ ਦਾ ਸ਼ਾਸਨ-ਪ੍ਰਸ਼ਾਸਨ ਰਾਜ ਵਿਚ ਟੂਰਿਜ਼ਮ ਨੂੰ ਪ੍ਰਮੋਟ ਕਰਨ ਅਤੇ ਚਾਰਧਾਮ ਯਾਤਰਾ ਨੂੰ ਵਧੀਆ ਬਣਾਉਣ ਲਈ ਕੋਸ਼ਿਸ਼ਾਂ ਕਰ ਰਿਹਾ ਹੈ। ਟੂਰਿਜ਼ਮ ਅਫ਼ਸਰ ਦੱਸਦੀ ਹੈ ਕਿ ਪਹਿਲਾਂ ਉੱਥੇ ਨਦੀ ਦਾ ਸਾਰਾ ਏਰੀਆ ਲੋਕਾਂ ਨੇ ਘੇਰਿਆ ਹੋਇਆ ਸੀ। ਨਹੀਂ ਤਾਂ ਹੜ੍ਹਾਂ ਵੇਲੇ ਇੰਨਾ ਨੁਕਸਾਨ ਨਾ ਹੋਇਆ ਹੁੰਦਾ। ਕੇਦਾਰਨਾਥ ਦੀ ਆਫ਼ਤ ਤੋਂ ਬਾਅਦ ਸਬਕ ਸਿੱਖਦਿਆਂ ਸ਼ਾਸਨ-ਪ੍ਰਸ਼ਾਸਨ ਨੇ ਮੰਦਰ ਤੋਂ ਪਰੇ ਹੁਣ ਸਾਰੇ ਇੰਤਜ਼ਾਮ ਕੀਤੇ ਹਨ। ਚਾਰਧਾਮ ਯਾਤਰਾ ਲਈ ਹੁਣ ਫੋਟੋਮੈਟ੍ਰਿਕ ਰਜਿਸਟ੍ਰੇਸ਼ਨ ਜ਼ਰੂਰੀ ਹੋ ਗਿਆ ਹੈ ਤਾਂ ਕਿ ਯਾਤਰੀਆਂ ਦੀ ਸਹੀ-ਸਹੀ ਜਾਣਕਾਰੀ ਮਿਲ ਸਕੇ।

## ਬੁਕਿੰਗ ਕਾਊਂਟਰ ਤੇ ਸੂਚਨਾ ਕੇਂਦਰ


ਚਾਰਧਾਮ ਯਾਤਰਾ ਕਿਉਂਕਿ ਹਰਿਦੁਆਰ ਅਤੇ ਰਿਸ਼ੀਕੇਸ਼ ਤੋਂ ਸ਼ੁਰੂ ਹੁੰਦੀ ਹੈ, ਇਸ ਲਈ ਰਸਤਿਆਂ ਵਿਚ ਕਈ ਜਗ੍ਹਾ ਬੁਕਿੰਗ ਕਾਊਂਟਰ ਲਾਏ ਗਏ ਹਨ। ਹਰਿਦੁਆਰ ਵਿਖੇ ਰੇਲਵੇ ਸਟੇਸ਼ਨ ਅਤੇ ਨੇੜੇ ਹੀ ਰਾਹੀ ਮੋਟਲ ਵਿਚ ਬੁਕਿੰਗ ਅਤੇ ਰਜਿਸਟ੍ਰੇਸ਼ਨ ਕਾਊਂਟਰ ਲਾਏ ਗਏ ਹਨ। ਇਸ ਤੋਂ ਇਲਾਵਾ ਕਈ ਥਾਵਾਂ 'ਤੇ ਸੂਚਨਾ ਕੇਂਦਰ ਵੀ ਸਥਾਪਤ ਕੀਤੇ ਗਏ ਹਨ। ਇਨ੍ਹਾਂ ਸੂਚਨਾ ਕੇਂਦਰਾਂ ਤੋਂ ਯਾਤਰਾ ਸਬੰਧੀਆਂ ਸਾਰੀ ਜਾਣਕਾਰੀ ਲਈ ਜਾ ਸਕਦੀ ਹੈ। ਟੂਰਿਜ਼ਮ ਵਿਭਾਗ ਇਸ ਕੋਸ਼ਿਸ਼ ਵਿਚ ਰਹਿੰਦਾ ਹੈ ਕਿ ਹਰਿਦੁਆਰ-ਰਿਸ਼ੀਕੇਸ਼ ਵਿਖੇ ਜ਼ਿਆਦਾ ਤੋਂ ਜ਼ਿਆਦਾ ਯਾਤਰੀ ਰਜਿਸਟ੍ਰੇਸ਼ਨ ਕਰਵਾਉਣ ਪਰ ਫਿਰ ਵੀ ਦਸ ਫ਼ੀਸਦੀ ਛੁੱਟ ਹੀ ਜਾਂਦੇ ਹਨ। ਕਈ ਲੋਕ ਆਪਣੀਆਂ ਗੱਡੀਆਂ ਰਾਹੀ ਬਾਈਪਾਸ ਵੀ ਨਿਕਲ ਜਾਂਦੇ ਹਨ। ਸਹੀ ਗਿਣਤੀ ਦਾ ਡਾਟਾ ਮੰਦਰ ਕਮੇਟੀ ਕੋਲ ਹੁੰਦਾ ਹੈ।

## ਗਰੀਨ ਕਾਰਡ


ਹਰਿਦੁਆਰ ਦੇ ਏਆਰਟੀਓ ਮਨੀਸ਼ ਤਿਵਾੜੀ ਦੱਸਦੇ ਹਨ ਕਿ ਚਾਰ ਧਾਮ ਸੁਰੱਖਿਅਤ ਯਾਤਰਾ ਲਈ ਕਮਰਸ਼ੀਅਲ ਗੱਡੀਆਂ ਨੂੰ ਗਰੀਨ ਕਾਰਡ ਜਾਰੀ ਕੀਤੇ ਜਾ ਰਹੇ ਹਨ, ਜਿਸ ਵਿਚ ਗੱਡੀਆਂ ਦੀ ਪੂਰੀ ਫਿਟਨੈੱਸ ਦੇ ਕਾਗਜ਼ਾਤ ਚੈੱਕ ਕੀਤੇ ਜਾਂਦੇ ਹਨ। ਇਸ ਵਾਰ ਖ਼ਾਸ ਗੱਲ ਇਹ ਹੈ ਕਿ ਗੱਡੀਆਂ ਵਿਚ ਡਸਟਬਿਨ ਜ਼ਰੂਰੀ ਕੀਤਾ ਗਿਆ ਹੈ ਤਾਂ ਜੋ ਯਾਤਰੀ ਆਪਣਾ ਕੂੜਾ ਕੱਚਰਾ ਇੱਧਰ-ਉੱਧਰ ਨਾ ਸੁੱਟਣ। ਟਰਾਂਸਪੋਰਟ ਅਧਿਕਾਰੀ ਮੁਤਾਬਕ ਗੱਡੀਆਂ ਪਹਿਲਾਂ ਨਾਲੋਂ ਜ਼ਿਆਦਾ ਬਿਹਤਰ ਹੁੰਦੀਆਂ ਜਾ ਰਹੀਆਂ ਹਨ ਪਰ ਜੇ ਡਸਟਬਿਨ ਵੀ ਮੈਨੂਫੈਕਚਰਿੰਗ ਕੰਪਨੀਆਂ ਪਹਿਲਾਂ ਹੀ ਲਾ ਦੇਣ ਤਾਂ ਇਹ ਜ਼ਿਆਦਾ ਠੀਕ ਹੋਵੇਗਾ।

## ਮਹਾਂਮਾਰਗ ਦਾ ਨਿਰਮਾਣ

ਹਿਮਾਲਿਆ ਵਿਚ ਯਾਤਰੀਆਂ ਵਲੋਂ ਛੱਡੇ ਜਾ ਰਹੇ ਕੂੜੇ ਦੇ ਢੇਰ ਵਾਤਾਵਰਨ ਲਈ ਗੰਭੀਰ ਸੰਕਟ ਖੜ੍ਹਾ ਕਰ ਰਹੇ ਹਨ। ਤੇਜ਼ੀ ਨਾਲ ਵੱਧ ਰਿਹਾ ਟੂਰਿਜ਼ਮ ਹਿਮਾਲਿਆ ਦੇ ਈਕੋ-ਸਿਸਟਮ ਨੂੰ ਕਮਜ਼ੋਰ ਬਣਾ ਰਿਹਾ ਹੈ। ਕਈ ਤਰ੍ਹਾਂ ਦਾ ਪ੍ਰਦੂਸ਼ਣ ਵੱਧਦੇ ਹੋਏ ਤਾਪਮਾਨ ਦਾ ਕਾਰਨ ਬਣ ਰਿਹਾ ਹੈ। ਹਿਮਾਲਿਆ ਇਕ ਸੰਵੇਦਨਸ਼ੀਲ ਪਰਬਤ ਹੈ। ਕੁਦਰਤੀ ਸਰੋਤ ਅਤੇ ਸਾਧਨ ਸੀਮਤ ਹਨ। ਤੇਜ਼ੀ ਨਾਲ ਵੱਧ ਰਹੀਆਂ ਮਨੁੱਖੀ ਗਤੀਵਿਧੀਆਂ ਜੰਗਲੀ ਜਾਨਵਰਾਂ ਦੇ ਜੀਵਨ ਨੂੰ ਸੰਕਟ ਵਿਚ ਪਾ ਰਹੀਆਂ ਹਨ। ਉੱਤਰਾਖੰਡ ਵਿਚ ਟੂਰਿਜ਼ਮ ਨੂੰ ਪ੍ਰਮੋਟ ਕਰਨ ਲਈ ਅਤੇ ਚਾਰਧਾਮ ਯਾਤਰਾ ਨੂੰ ਸੁਖਾਲਾ ਬਣਾਉਣ ਲਈ 'ਆਲ ਵੈਦਰ ਰੋਡ'(ਚਾਰਧਾਮ ਮਹਾਂਮਾਰਗ) ਦਾ ਨਿਰਮਾਣ-ਕਾਰਜ ਚੱਲ ਰਿਹਾ ਹੈ। ਇਸ ਦੇ ਕਾਰਨ ਲੱਖਾਂ ਦਰੱਖ਼ਤ ਕੱਟੇ ਜਾ ਰਹੇ ਹਨ। ਵਿਗਿਆਨੀ ਮੰਨਦੇ ਹਨ ਕਿ ਸਾਡੇ ਕੋਲ ਇਕ ਹੀ ਹਿਮਾਲਿਆ ਹੈ ਅਤੇ ਅਸੀਂ ਉਸ ਨੂੰ ਗੁਆਉਂਦੇ ਜਾ ਰਹੇ ਹਾਂ।



**ਚਾਰਧਾਮ ਦੀ ਪਵਿੱਤਰ ਯਾਤਰਾ ਸ਼ੁਰੂ ਹੋ ਚੁੱਕੀ ਹੈ। ਗੰਗੋਤਰੀ, ਯਮੁਨੋਤਰੀ, ਕੇਦਾਰਨਾਥ ਅਤੇ ਬੱਦਰੀਨਾਥ ਦੇ ਦੁਆਰ ਖੁੱਲ੍ਹ ਗਏ ਹਨ। ਟ੍ਰੈਵਲ ਏਜੰਸੀਆਂ ਯਾਤਰਾ ਦੀ ਬੁਕਿੰਗ ਕਰ ਰਹੀਆਂ ਹਨ...**



## ਤਪੱਸਿਆ ਲਈ ਅਹਿਮ

ਸ਼ਾਸਤਰਾਂ ਵਿਚ ਕਿਹਾ ਗਿਆ ਹੈ ਕਿ ਸਵਰਗਲੋਕ ਵਿਚ ਦੇਵਤਾ ਇਹ ਗੀਤ ਗਾਉਂਦੇ ਹਨ ਕਿ ਉਹ ਵਿਅਕਤੀ ਧੰਨ ਹੈ ਜਿਹੜਾ ਭਾਰਤ ਦੀ ਧਰਤੀ 'ਤੇ ਜਨਮ ਲੈਂਦਾ ਹੈ :

'ਗਾਯੰਤੀ ਦੇਵਾ ਕਿਲ ਗੀਤਕਾਨਿ, ਧੰਨਯਾਸਤੂ ਤੇ ਭਾਰਤਭੂਮਿ ਭਾਗੇ।' ਸਕੰਦਪੁਰਾਣ ਵਿਚ ਵੀ ਕਿਹਾ ਗਿਆ ਹੈ ਕਿ 'ਭਾਰਤ ਮਹਾਨ ਹੈ, ਹਿਮਾਲਿਆ ਮਹਾਨ ਹੈ ਕਿਉਂਕਿ ਇਹ ਉਹ ਸਥਾਨ ਹੈ ਜਿੱਥੇ ਗੰਗਾ ਦਾ ਜਨਮ ਹੋਇਆ ਅਤੇ ਜਿੱਥੇ ਗੰਗਾ ਭਗਵਾਨ ਦੇ ਚਰਨਾਂ ਵਿਚ ਵਹਿੰਦੀ ਹੈ। ਮਹਾਂਭਾਰਤ ਵਿਚ ਵੀ ਜ਼ਿਕਰ ਹੈ :

'ਨਾ ਗੰਗਾ ਸਦ੍ਰਿਸ਼ ਤੀਰਥ ਨਾ ਦੇਵ : ਕੇਸ਼ਵਾਤ ਪਰ :।'

ਭਾਵ ਗੰਗਾ ਦੇ ਸਮਾਨ ਕੋਈ ਤੀਰਥ ਨਹੀਂ ਅਤੇ ਕੇਸ਼ਵ ਤੋਂ ਪਰੇ ਕੋਈ ਦੇਵ ਨਹੀਂ। ਭਾਰਤ ਦੇ ਰਿਸ਼ੀ-ਮੁਨੀਆਂ ਨੇ ਇਸ ਇਲਾਕੇ ਨੂੰ ਤਪੱਸਿਆ ਲਈ ਹਿਮਾਲਿਆ ਅਤੇ ਗੰਗਾ ਤੱਟ ਨੂੰ ਹੀ ਕਿਉਂ ਚੁਣਿਆ। ਇਸੇ ਲਈ ਕਿ ਇਸ ਇਲਾਕੇ ਵਿਚ ਹਰ ਤਰ੍ਹਾਂ ਦੀ ਆਬੋ ਹਵਾ ਵਿਦਮਾਨ ਸੀ। ਅਧਿਆਤਮਕ ਵਿਗਿਆਨੀ ਸਰੀਰਕ, ਮਾਨਸਿਕ ਅਤੇ ਆਤਮਿਕ ਵਾਤਾਵਰਨ ਸਦਕਾ ਹੀ ਇਥੇ ਰਹੇ ਸੀ। ਗੰਗਾ ਅਤੇ ਹਿਮਾਲਿਆ ਇਕ ਦੂਜੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਗੰਗਾ ਨੂੰ ਹਿਮਾਲਿਆ ਦਾ ਅੰਮ੍ਰਿਤ ਰਸ ਕਿਹਾ ਜਾਂਦਾ ਹੈ। ਚਰਕ ਰਿਸ਼ੀ ਨੇ ਕਿਹਾ ਹੈ : ਹਿਮਵਤਪ੍ਰਭਾਪੱਥਿਆ :'।

## ਸਿਹਤਮੰਦ ਜਲਵਾਯੂ

ਹਿਮਾਲਿਆ ਦੀ ਸਿਹਤਮੰਦ ਜਲਵਾਯੂ ਨੂੰ ਧਿਆਨ ਵਿਚ ਰੱਖ ਕੇ ਹੀ ਬ੍ਰਿਟਿਸ਼ ਸ਼ਾਸਕਾਂ ਨੇ ਇਥੇ ਹਿੱਲ ਸਟੇਸ਼ਨ ਬਣਾਏ। ਹਿਮਾਲਿਆ ਤੋਂ ਨਿਕਲਣ ਵਾਲੀਆਂ ਨਦੀਆਂ ਦੇ ਇਲਾਕੇ ਵਿਚ ਹੀ ਭਾਰਤ ਦੀ ਸੱਭਿਅਤਾ-ਸੰਸਕ੍ਰਿਤੀ ਵਿਕਸਤ ਹੋਈ। ਹਿਮਾਲਿਆ ਵਿਚ ਚੂਨਾ-ਪੱਥਰ, ਮੈਗਨੇਸਾਈਟ, ਗ੍ਰੇਫ਼ਾਈਟ, ਫਾਸਫੋਰਾਈਟ, ਵੇਰਾਈਟ, ਟਾਲਕ ਅਤੇ ਜਿਪਸਮ ਦੇ ਵੱਡੇ ਭੰਡਾਰੇ ਹਨ। ਉਨ੍ਹਾਂ ਤੋਂ ਵੱਡੀ ਮਾਤਰਾ ਵਿਚ ਖਣਿਜ ਕੱਢੇ ਜਾ ਸਕਦੇ ਹਨ।

ਵਰਲਡ ਇਕਨੌਮਿਕ ਫੋਰਮ ਮੁਤਾਬਕ-'ਵਰ੍ਹੇ 2100 ਤਕ ਹਿਮਾਲਿਆ ਦੀ ਬਰਫ਼ ਦਾ ਤੀਜਾ ਹਿੱਸਾ ਖ਼ਤਮ ਹੋ ਜਾਵੇਗਾ, ਇਹ ਵੀ ਉਦੋਂ ਦੀ ਗੱਲ ਹੈ ਜਦੋਂ ਸਰਕਾਰ 2015 ਪੈਰਿਸ ਜਲਵਾਯੂ ਸਮਝੌਤੇ ਅਧੀਨ ਸਖ਼ਤ ਕਾਰਵਾਈ ਕਰਦੀ ਹੈ। ਪਿਘਲਦੀ ਹੋਈ ਬਰਫ਼ ਦਾ ਵੱਡਾ ਕਾਰਨ ਵਧਦਾ ਹੋਇਆ ਤਾਪਮਾਨ ਅਤੇ ਬਦਲਦਾ ਹੋਇਆ ਮੌਸਮ ਹੈ।' ਕਈ ਵਿਗਿਆਨੀ ਮੰਨਦੇ ਹਨ ਕਿ ਵਿਕਾਸ ਕਾਰਜਾਂ, ਸੜਕਾਂ, ਸੁਰੰਗਾਂ, ਕਾਰਖਾਨੇ, ਡੈਮਾਂ ਦਾ ਨਿਰਮਾਣ ਅਤੇ ਧਾਤੂਆਂ ਨੂੰ ਕੱਢਣ ਲਈ ਕੀਤੀ ਜਾਂਦੀ ਖੁਦਾਈ ਕਾਰਨ ਚਟਾਨਾਂ ਖਿਸਕਣ ਦੇ ਰੂਪ ਵਿਚ ਹਿਮਾਲਿਆ ਦੇ ਅੰਗ ਕੱਟ-ਕੱਟ ਕੇ ਡਿੱਗ ਰਹੇ ਹਨ। ਭੁਚਾਲਾਂ ਦੀ ਫ੍ਰੀਕਵੈਂਸੀ ਵਧੀ ਹੈ। ਇਥੋਂ ਤਕ ਜੀਵਨ ਦੇਣ ਵਾਲੇ ਜਲ ਦੇ ਸਰੋਤ ਅਤੇ ਝਰਨੇ ਸੁੱਕ ਰਹੇ ਹਨ।

ਹਿਮਾਲਿਆ ਦੇ ਸਾਹਮਣੇ ਅਨੇਕਾਂ ਸਵਾਲ ਸਿਰ ਚੁੱਕੀ ਖੜ੍ਹੇ ਹਨ ਅਤੇ ਸਰਕਾਰਾਂ ਮਜਬੂਰ ਹਨ ਕਿਉਂਕਿ ਇਕ ਪਾਸੇ ਵਧਦੀ ਹੋਈ ਆਬਾਦੀ ਦੀਆਂ ਮੰਗਾਂ ਪੂਰੀਆਂ ਕਰਨ ਦੀ ਚੁਣੌਤੀ ਹੈ ਅਤੇ ਦੂਜੇ ਪਾਸੇ ਕੁਦਰਤੀ ਵਿਰਾਸਤ ਨੂੰ ਬਚਾਉਣ ਦਾ ਸਵਾਲ ਹੈ। ਹੁਣ ਫ਼ੈਸਲਾ ਹਰ ਉਸ ਦੇਸ਼ ਵਾਸੀ ਦੇ ਹੱਥ ਵਿਚ ਹੈ ਜੋ ਅਸਲੀ ਅਰਥਾਂ ਵਿਚ ਚਾਰਧਾਮ ਯਾਤਰਾ ਕਰਨੀ ਚਾਹੁੰਦਾ ਹੈ। ਚਾਰਧਾਮ ਯਾਤਰਾ ਦਾ ਅਰਥ ਕੇਵਲ ਅਤੇ ਕੇਵਲ ਭਗਵਾਨ ਦੀਆਂ ਮੂਰਤੀਆਂ ਦੇ ਦਰਸ਼ਨ ਕਰਨਾ ਹੀ ਨਹੀਂ ਹੈ ਜਦਕਿ ਉਸ ਵਿਆਪਕ ਅਕਾਲ ਪੁਰਖ ਦੇ ਵੱਖ-ਵੱਖ ਅੰਗਾਂ ਦੇ ਰੂਪ ਵਿਚ ਮਿਲੇ ਹੋਏ ਕੁਦਰਤੀ ਸਰੋਤਾਂ ਦੀ ਰੱਖਿਆ ਅਤੇ ਸਾਂਭ ਸੰਭਾਲ ਕਰਨਾ ਵੀ ਹੈ। ਗੰਗਾ ਅਤੇ ਹਿਮਾਲਿਆ ਭਾਰਤ ਦੀ ਖਾਸ ਪਛਾਣ ਹੈ। ਵਿਦਵਾਨ, ਚਿੰਤਕ ਅਤੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਗੰਗਾ ਅਤੇ ਉਸ ਦੀਆਂ ਸਹਾਇਕ ਨਦੀਆਂ ਬਚਣਗੀਆਂ ਤਾਂ ਹੀ ਹਿਮਾਲਿਆ ਬਚੇਗਾ। ਹਿਮਾਲਿਆ ਬਚੇਗਾ ਤਾਂ ਬਰਫ਼ ਬਚੇਗੀ। ਬਰਫ਼ ਬਚੇਗੀ ਤਾਂ ਵਾਤਾਵਰਨ ਸੰਤੁਲਨ ਹੋਵੇਗਾ ਅਤੇ ਤਾਹੀਓਂ ਚਾਰਧਾਮ ਯਾਤਰਾ ਦਾ ਮਨੋਰਥ ਸਫਲ ਹੋਵੇਗਾ। •



---

**ਡਲਹੌਜ਼ੀ ਵਾਂਗ ਕਸੌਲੀ ਵੀ ਆਰਮੀ ਦਾ ਹੀ ਇਕ ਕਸਬਾ ਹੈ। ਇਹ ਬੁੱਧੀਮਾਨ ਵਿਅਕਤੀਆਂ ਦਾ ਮਨਪਸੰਦ ਸ਼ਹਿਰ ਹੈ। ਇੱਥੇ ਬੀ.ਕੇ.ਨਹਿਰੂ, ਲੇਖਕ ਖੁਸ਼ਵੰਤ ਸਿੰਘ, ਅਦਾਕਾਰ ਰਾਹੁਲ ਘੋਸ਼ ਅਤੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਜੱਦੀ ਘਰ ਹਨ...**



# ਖ਼ੂਬਸੂਰਤ ਤੇ ਸ਼ਾਂਤੀ ਭਰਪੂਰ ਹਿੱਲ ਸਟੇਸ਼ਨ ਕਸੌਲੀ

• ਤਰਸੇਮ ਲਾਲ ਸ਼ੇਰਾ
97795-19840

ਗਰਮੀਆਂ ਦੀ ਲੂ ਅਤੇ ਸ਼ਹਿਰੀ ਘੁਟਣ ਤੋਂ ਕੁਝ ਦੇਰ ਛੁਟਕਾਰਾ ਪਾਉਣ ਲਈ ਇਨਸਾਨ ਪਹਾੜਾਂ ਵੱਲ ਮੁੱਖ ਮੋੜਦਾ ਹੈ। ਬੰਦੇ ਨੂੰ ਦਿਮਾਗ਼ੀ ਸਕੂਨ ਦੇਣ ਲਈ ਪਹਾੜਾਂ ਵਿਚ ਕੁਦਰਤੀ ਗੁਣ ਹੁੰਦੇ ਹਨ ਪਰ ਅੱਜ ਕੱਲ੍ਹ ਪਹਾੜੀ ਹਿੱਲ ਸਟੇਸ਼ਨਾਂ 'ਤੇ ਵੀ ਭਾਰੀ ਭੀੜ ਹੋ ਜਾਂਦੀ ਹੈ। ਸੀਜ਼ਨ 'ਚ ਕਈ ਵਾਰ ਤਾਂ ਮਨੁੱਖੀ ਸਿਰਾਂ ਦਾ ਹੜ੍ਹ ਹੀ ਆ ਜਾਂਦਾ ਹੈ। ਇਕ ਵਾਰ ਮੈਂ ਗਰਮੀਆਂ 'ਚ ਮਸੂਰੀ ਗਿਆ। ਉਥੇ ਮਾਲ ਰੋਡ 'ਤੇ ਸੈਲਾਨੀਆਂ ਦਾ ਮੋਢੇ ਨਾਲ ਮੋਢਾ ਖਹਿੰਦਾ ਸੀ। ਅੱਧਾ-ਦਿਨ ਬੀਤਣ ਤੋਂ ਬਾਅਦ ਕਿਧਰੇ ਜਾ ਕੇ ਹੋਟਲ 'ਚ ਕਮਰਾ ਮਿਲਿਆ। ਸੈਲਾਨੀਆਂ ਦੀ ਭੀੜ ਨੇ ਤਾਂ ਇਥੋਂ ਤਕ ਅਸਰ ਪਾਇਆ ਕਿ ਠੰਢੇ ਹਿੱਲ-ਸਟੇਸ਼ਨਾਂ 'ਤੇ ਪੱਖੇ ਚੱਲਣ ਲੱਗ ਪਏ ਹਨ।

ਇਕ ਹਿੱਲ ਸਟੇਸ਼ਨ ਬਾਰੇ ਕਿਹਾ ਜਾ ਸਕਦਾ ਹੈ ਕਿ ਉਥੇ ਅਜੇ ਲੋਕਾਂ ਨੇ ਵਹੀਰਾਂ ਨਹੀਂ ਘੱਤੀਆਂ। ਉਸ ਹਿੱਲ-ਸਟੇਸ਼ਨ ਦਾ ਨਾਂ ਹੈ ਕਸੌਲੀ। ਇਹ ਹਿਮਾਚਲ ਦਾ ਖ਼ੂਬਸੂਰਤ ਇਕਾਂਤ ਹਿੱਲ-ਸਟੇਸ਼ਨ ਹੈ। ਕਸੌਲੀ ਚੰਡੀਗੜ੍ਹ ਤੋਂ 58 ਕਿਲੋਮੀਟਰ ਅਤੇ ਸ਼ਿਮਲਾ ਤੋਂ 71 ਕਿਲੋਮੀਟਰ ਦੂਰੀ 'ਤੇ ਹੈ। ਚੰਡੀਗੜ੍ਹ ਤੋਂ ਕਾਰ 'ਚ 2 ਘੰਟੇ ਅਤੇ ਬੱਸ 'ਚ ਸਿਰਫ਼ ਢਾਈ ਘੰਟੇ 'ਚ ਪਹੁੰਚਿਆ ਜਾ ਸਕਦਾ ਹੈ। ਕਸੌਲੀ ਚੰਡੀਗੜ੍ਹ ਤੋਂ ਸ਼ਿਮਲਾ ਜਾਂਦਿਆਂ ਖੱਬੇ ਪਾਸੇ ਧਰਮਪੁਰ ਤੋਂ ਹਟਵਾਂ ਹੈ।

ਡਲਹੌਜ਼ੀ ਵਾਂਗ ਇਹ ਵੀ ਆਰਮੀ ਦਾ ਹੀ ਇਕ ਕਸਬਾ ਹੈ। ਕਸੌਲੀ 'ਚ ਘੁੰਮਣਾ ਹੁਣ ਨਵੇਂ ਬਣ ਰਹੇ ਬੱਸ ਸਟੈਂਡ ਤੋਂ ਹੀ ਸ਼ੁਰੂ ਹੁੰਦਾ ਹੈ। ਇਥੇ ਘੁੰਮਣ-ਫਿਰਨ ਲਈ ਚਾਰ ਥਾਵਾਂ ਅੱਪਰ ਮਾਲ ਰੋਡ, ਲੋਅਰ ਮਾਲ ਰੋਡ, ਤਿੱਬਤ ਮਾਰਕੀਟ ਅਤੇ ਪੁਰਾਣੀ ਹੈਰੀਟੇਜ ਮਾਰਕੀਟ। ਜ਼ਿਆਦਾ ਤੌਰ 'ਤੇ ਸੈਲਾਨੀ ਤਿੱਬਤ ਮਾਰਕੀਟ ਅਤੇ ਹੈਰੀਟੇਜ ਮਾਰਕੀਟ 'ਚ ਹੀ ਘੁੰਮਦੇ ਹਨ। ਕਿਉਂਕਿ ਇਨ੍ਹਾਂ ਦੋਹਾਂ ਮਾਰਕੀਟਾਂ 'ਚ ਹੀ ਸੈਲਾਨੀਆਂ ਦੀਆਂ ਮਨਪਸੰਦ ਚੀਜ਼ਾਂ ਮਿਲਦੀਆਂ ਹਨ। ਵੈਜ ਅਤੇ ਨਾਨ ਵੈਜ ਸਮੇਤ ਹਰ ਤਰ੍ਹਾਂ ਦੇ ਲਜ਼ੀਜ਼ ਪਕਵਾਨ ਇਥੇ ਮਿਲਦੇ ਹਨ। ਖਿਡੌਣੇ, ਲੱਕੜੀ ਦਾ ਸਾਮਾਨ ਅਤੇ ਔਰਤਾਂ ਦੇ ਹਾਰ ਸ਼ਿੰਗਾਰ ਦੀਆਂ ਵੀ ਕੁਝ ਦੁਕਾਨਾਂ ਸਜੀਆਂ ਰਹਿੰਦੀਆਂ ਹਨ।


ਕਸੌਲੀ 'ਚ ਦੂਜੇ, ਤੀਜੇ ਅਤੇ ਚੌਥੇ ਦਰਜੇ ਦੇ ਹੋਟਲ ਅਤੇ ਰਿਜ਼ੋਰਟ, ਸ਼ਿਮਲਾ ਮੇਨ ਰੋਡ ਤੋਂ ਹੀ ਸ਼ੁਰੂ ਹੋ ਜਾਂਦੇ ਹਨ। ਸੀਮਤ ਬਜਟ ਵਾਲੇ ਸੈਲਾਨੀਆਂ ਲਈ ਸਸਤੀ ਦਰਾਂ ਵਾਲੇ ਹੋਟਲ ਹੈਰੀਟੇਜ ਮਾਰਕੀਟ ਕੋਲ ਮੌਜੂਦ ਹਨ। ਹੈਰੀਟੇਜ ਮਾਰਕੀਟ ਤੋਂ ਥੋੜ੍ਹਾ ਜਿਹਾ ਅੱਗੇ ਨਿਕਲ ਕੇ ਟੈਲੀਫੋਨ ਐਕਸਚੇਂਜ ਦੇ ਕੋਲ ਵੀ ਕੁਝ ਸਸਤੇ ਹੋਟਲ ਮਿਲਦੇ ਹਨ। ਇਥੋਂ ਹੀ ਰਾਤ ਨੂੰ ਖੜ੍ਹ ਕੇ ਜਗਦਾ ਹੋਇਆ ਚੰਡੀਗੜ੍ਹ ਵੇਖਿਆ ਜਾ ਸਕਦਾ ਹੈ। ਇਹ ਨਜ਼ਾਰਾ ਵੇਖ ਕੇ ਇਸ ਤਰ੍ਹਾਂ ਲਗਦਾ ਹੈ ਜਿਵੇਂ ਲੱਖਾਂ ਦੀਵੇ ਧਰਤੇ 'ਤੇ ਟਿਮਟਿਮਾ ਰਹੇ ਹੋਣ।

ਤਿੱਬਤ ਮਾਰਕੀਟ ਦੇ ਚੌਰਾਹੇ 'ਤੇ ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦਾ ਕਾਂਸੇ ਦਾ ਬੁੱਤ ਲੱਗਿਆ ਹੋਇਆ ਹੈ। ਦੇਸ਼ ਭਗਤੀ ਵਾਲੇ ਸੈਲਾਨੀ ਇਸ ਦੀ ਫੋਟੋ ਖਿੱਚਣਾ ਨਹੀਂ ਭੁਲਦੇ। ਤਿਬਤੀ ਮਾਰਕੀਟ ਤੋਂ ਮੌਂਕੀ ਪੁਆਇੰਟ ਵਾਲੀ ਸੜਕ 'ਤੇ ਸਨ ਰਾਈਜ਼ ਪੁਆਇੰਟ ਹੈ। ਇਥੇ ਸਵੇਰੇ ਪਹਾੜਾਂ ਪਿੱਛੋਂ ਨਿਕਲੇ ਸੂਰਜ ਦਾ ਨਜ਼ਾਰਾ ਵੇਖਿਆ ਜਾ ਸਕਦਾ ਹੈ। ਇਸ ਤੋਂ 2 ਕਿਲੋਮੀਟਰ ਅੱਗੇ ਏਅਰ ਫੋਰਸ ਸਟੇਸ਼ਨ ਹੈ। ਇੱਥੇ ਠੰਢ ਵੱਧ ਜਾਂਦੀ ਹੈ। ਸੈਲਾਨੀ ਇੱਥੇ ਚਾਹ ਅਤੇ ਪਕੌੜਿਆਂ ਦਾ ਆਨੰਦ ਮਾਣਦੇ ਹਨ। ਅੱਗੇ ਵਰਜਿਤ ਏਰੀਆ ਹੈ।

ਇਕ ਦੰਦ-ਕਥਾ ਮੁਤਾਬਕ ਜਦੋਂ ਮੇਘਨਾਥ ਨਾਲ ਲੜਦੇ ਹੋਏ ਲਛਮਣ ਮੂਰਛਤ ਹੋ ਜਾਂਦੇ ਨੇ ਤਾਂ ਰਾਮ ਚੰਦਰ ਮਹਾਰਾਜ ਹਨੂੰਮਾਨ ਨੂੰ ਹਿਮਾਲਿਆ ਪਰਬਤ ਤੋਂ ਸੰਜੀਵਨੀ ਬੂਟੀ ਲਿਆਉਣ ਲਈ ਆਗਿਆ ਦਿੰਦੇ ਹਨ। ਆਉਂਦੇ ਜਾਂ ਜਾਂਦੇ ਸਮੇਂ ਹਨੂੰਮਾਨ ਜੀ ਦਾ ਇਕ ਪੈਰ ਇਥੇ ਪਰਬਤ 'ਤੇ ਰੱਖਿਆ ਜਾਂਦਾ ਹੈ, ਇਸ ਨੂੰ ਮੌਂਕੀ ਪੁਆਇੰਟ ਕਹਿੰਦੇ ਹਨ। ਇਸ ਜਗ੍ਹਾ 'ਤੇ ਛੋਟਾ ਜਿਹਾ ਸੁੰਦਰ ਮੰਦਰ ਸ੍ਰੀ ਸੰਜੀਵਨੀ ਹਨੂੰਮਾਨ ਮੰਦਰ ਬਣਿਆ ਹੋਇਆ ਹੈ। ਇਹ ਮੰਦਰ ਏਅਰ ਫੋਰਸ ਫ਼ੋਜ ਦੇ ਅਧੀਨ ਹੈ। ਇਸ ਮੰਦਰ ਦੇ ਨਾਲ ਹੀ ਏਅਰ ਫੋਰਸ ਦਾ ਹੈਲੀਪੈਡ ਹੈ। ਮੰਦਰ ਬਹੁਤ ਉਚਾਈ 'ਤੇ ਹੈ ਅਤੇ ਪੈਦਲ ਜਾਣਾ ਪੈਂਦਾ ਹੈ।

ਮੋਬਾਈਲ ਫੋਨ ਅਤੇ ਕੈਮਰਾ ਜਮ੍ਹਾਂ ਕਰਵਾਉਣ ਤੋਂ ਬਾਅਦ ਹੀ ਸੈਲਾਨੀਆਂ ਨੂੰ ਆਰਮੀ ਵਲੋਂ ਪਾਸ ਦਿੱਤਾ ਜਾਂਦਾ ਹੈ। ਆਉਣ-ਜਾਣ ਲਈ ਲਗਪਗ ਇਕ ਘੰਟੇ ਦਾ ਸਮਾਂ ਲੱਗ ਜਾਂਦਾ ਹੈ। ਮੰਦਰ ਕੋਲ







ਖੜ੍ਹ ਕੇ ਚਾਰੇ ਪਾਸੇ ਪਹਾੜਾਂ ਦਾ ਇਕ ਅਦਭੁਤ ਨਜ਼ਾਰਾ ਵੇਖਣ ਨੂੰ ਮਿਲਦਾ ਹੈ। ਤੇਜ਼ ਠੰਢੀ ਹਵਾ ਸਰੀਰ ਨੂੰ ਕੰਬਣੀ ਛੇੜ ਦਿੰਦੀ ਹੈ। ਮੌਂਕੀ ਪੁਆਇੰਟ ਧਰਤੀ ਦੇ (ਸੀ-ਲੇਬਲ) ਤੋਂ 6500 ਮੀਟਰ ਉੱਚਾ ਹੈ। ਕਸੌਲੀ 'ਚ ਸਭ ਤੋਂ ਵੱਧ ਆਕਰਸ਼ਕ ਕਰਨ ਵਾਲਾ ਉਥੋਂ ਦਾ ਮੌਸਮ ਅਤੇ ਖ਼ਾਮੋਸ਼ੀ ਹੈ। ਕਸੌਲੀ 'ਚ 12 ਮਹੀਨੇ (ਪੂਰਾ ਸਾਲ) ਠੰਢ ਰਹਿੰਦੀ ਹੈ। ਦਸੰਬਰ ਅਤੇ ਜਨਵਰੀ 'ਚ ਉੱਥੇ ਬਰਫ਼ ਪੈਂਦੀ ਹੈ। ਉੱਥੋਂ ਦੀ ਸ਼ਾਂਤੀ, ਮੈਡੀਟੇਸ਼ਨ 'ਚ ਜਲਦੀ ਇਕਾਗਰਤਾ ਪੈਦਾ ਕਰ ਦਿੰਦੀ ਹੈ। ਕਸੌਲੀ 'ਚ ਮੈਡੀਟੇਸ਼ਨ ਪੁਆਇੰਟ ਵੀ ਹੈ। ਸਵੇਰੇ ਊਨੀ ਕੱਪੜੇ ਪਾ ਕੇ ਸੈਰ ਕਰਨ ਦਾ ਅਲੱਗ ਹੀ ਨਜ਼ਾਰਾ ਹੈ। ਕਸੌਲੀ ਵਿਚ ਹਰ ਦਸ ਪੰਦਰਾਂ ਕਦਮਾਂ 'ਤੇ ਤੜਕੇ ਮੰਤਰ ਮੁਗਧ ਕਰਨ ਵਾਲੇ ਭਜਨ ਚੱਲਦੇ ਰਹਿੰਦੇ ਹਨ। ਸੰਨ 2011 ਵਿਚ ਉੱਥੇ ਜਨਸੰਖਿਆ ਪੰਜ ਹਜ਼ਾਰ ਸੀ। ਹੁਣ 2019 ਵਿਚ ਛੇ ਹਜ਼ਾਰ ਦਾ ਅਨੁਮਾਨ ਹੈ। ਉਥੋਂ ਦੇ ਸਥਾਨਕ ਲੋਕ ਸਵੇਰੇ ਸ਼ਾਮ ਸਵੈਟਰ ਪਾ ਕੇ ਚੱਲਦੇ ਹਨ। ਬਜ਼ਾਰ 'ਚ ਸਫ਼ਾਈ ਬਿਹਤਰ ਹੈ।

ਕਸੌਲੀ ਬੁੱਧੀਮਾਨ ਵਿਅਕਤੀਆਂ ਦਾ ਮਨ-ਪਸੰਦ ਸ਼ਹਿਰ ਹੈ। ਇੱਥੇ ਬੀ.ਕੇ.ਨਹਿਰੂ, ਲੇਖਕ ਖੁਸ਼ਵੰਤ ਸਿੰਘ, ਅਦਾਕਾਰ ਰਾਹੁਲ ਘੋਸ਼ ਅਤੇ ਸਾਬਕਾ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਦੇ ਜੱਦੀ ਘਰ ਹਨ। ਲਾਰੰਸ ਸਕੂਲ ਸਨਾਵਰ, ਸੇਂਟ ਕਾਨਵੈਂਟ ਸਕੂਲ ਅਤੇ ਏਅਰ ਫੋਰਸ ਸਕੂਲ ਭਾਰਤ ਦੇ ਵਧੀਆ ਸਕੂਲਾਂ ਵਿੱਚੋਂ ਹਨ। ਸੁਖਬੀਰ ਬਾਦਲ, ਉਮਰ ਅਬਦੁਲਾ ਅਤੇ ਫਿਲਮ ਸਟਾਰ ਸੰਜੇ ਦੱਤ ਇਥੇ ਸਨਾਵਰ ਸਕੂਲ ਵਿਚ ਜਮਾਤੀ ਸਨ। ਕਸੌਲੀ 'ਚ ਫਿਲਮ ਮਾਇਆ ਮੇਮ ਸਾਹਿਬ ਦੀ ਪੂਰੀ ਸ਼ੂਟਿੰਗ ਹੋਈ ਸੀ। ਹੁਣ ਵੀ ਟੀ.ਵੀ. ਅਤੇ ਐਲਬਮਾਂ ਵਾਲੇ ਸ਼ੂਟਿੰਗ ਕਰਨ ਲਈ ਇੱਥੇ ਆਉਂਦੇ ਰਹਿੰਦੇ ਹਨ। ਕਸੌਲੀ ਵਿਚ ਮੰਦਰ, ਗੁਰੂਦੁਆਰਾ, ਚਰਚ ਅਤੇ ਦੋ ਸਤਿਸੰਗ ਘਰ ਮੌਜੂਦ ਹਨ।

ਕਸੌਲੀ 1842 ਬ੍ਰਿਟਿਸ਼ ਰਾਜ ਦੇ ਸਮੇਂ ਹੋਂਦ 'ਚ ਆਈ। 1844 'ਚ ਇੱਥੇ ਚਰਚ ਘਰ ਬਣਿਆ, ਜਿਸ ਦੀ ਪੁਰਾਣੀ ਇਮਾਰਤ ਅੱਜ ਵੀ ਸਲਾਮਤ ਹੈ। ਚਰਚ 'ਚ ਪ੍ਰਾਰਥਨਾ ਸਭਾ ਅੱਜ ਵੀ ਹੁੰਦੀ ਹੈ। 1880 ਵਿਚ ਇੱਥੇ ਕਸੌਲੀ ਕਲੱਬ ਬਣੀ। 100 ਸਾਲਾਂ ਤੋਂ ਵੀ ਪਹਿਲਾਂ ਵਾਲੀਆਂ ਇਮਾਰਤਾਂ ਇਥੇ ਵੇਖੀਆਂ ਜਾ ਸਕਦੀਆਂ ਹਨ।

ਜੇਕਰ ਤੁਸੀਂ ਕਸੌਲੀ ਜਾ ਰਹੇ ਹੋ, ਤਾਂ ਦੋ ਦਿਨ ਦਾ ਪ੍ਰੋਗਰਾਮ ਜ਼ਰੂਰ ਬਣਾ ਕੇ ਜਾਣਾ। ਥੋੜ੍ਹੇ ਜਿਹੇ ਗਰਮ ਕੱਪੜੇ, ਥਰਮੋਸ ਅਤੇ ਕੈਮਰਾ ਵੀ ਜ਼ਰੂਰ ਲੈ ਕੇ ਜਾਣਾ। ਚੀਲ੍ਹ ਦੇ ਰੁੱਖ, ਢਾਲਵੀਆਂ ਛੱਤਾਂ ਵਾਲੇ ਹੋਟਲ ਅਤੇ ਮਕਾਨ, ਕਸੌਲੀ ਦੀਆਂ ਉੱਚੀਆਂ-ਨੀਵੀਆਂ ਅਤੇ ਵਲ ਖਾਂਦੀਆਂ ਸੜਕਾਂ ਅਤੇ ਮੌਸਮ ਤੁਹਾਨੂੰ ਮਦਹੋਸ਼ ਕਰ ਦੇਵੇਗਾ। ਜੇਕਰ ਤੁਸੀਂ ਕਸੌਲੀ ਜਾ ਰਹੇ ਹੋ ਤਾਂ ਟੈਲੀਫੋਨ ਐਕਸਚੇਂਜ ਦੇ ਸਾਹਮਣੇ ਟੀ ਸਟਾਲ ਦੇ ਸਾਊ ਜਿਹੇ ਦੁਕਾਨਦਾਰ ਦੀ ਚਾਹ ਅਤੇ ਗਰਮ ਪਕੌੜੇ ਖਾਣਾ ਨਾ ਭੁਲਣਾ। ਜੇ ਤੁਸੀਂ ਕਸੌਲੀ ਤੋਂ ਵਾਪਸ ਆ ਰਹੇ ਹੋ ਤਾਂ ਧਰਮਪੁਰ ਸ਼ਹਿਰ ਦੇ ਬਹੁਤ ਪੁਰਾਣੇ ਅਤੇ ਛੋਟੇ ਜਿਹੇ ਰੇਲਵੇ ਸਟੇਸ਼ਨ ਦੇ ਪਲੇਟਫਾਰਮ 'ਤੇ ਡੱਠੇ ਬੈਂਚ 'ਤੇ ਬੈਠ ਕੇ ਕੀੜੀ ਚਾਲ ਤੁਰਦੀ, ਵਲ ਖਾਂਦੀ ਛੋਟੀ ਰੇਲ ਗੱਡੀ ਨੂੰ ਵੇਖਣਾ ਨਾ ਭੁੱਲਣਾ। •

ਕੌਮੀ ਪਤ੍ਰਿਕਾ

## ਸੰਪਾਦਕੀ

### ਵਿੱਤੀ ਬਾਜ਼ਾਰਾਂ ਅਤੇ ਵਪਾਰ ਨੀਤੀਆਂ

ਸੰਸਾਰ ਭਰ ਦੇ ਵਿੱਤੀ ਬਾਜ਼ਾਰਾਂ ਅਤੇ ਵਪਾਰ ਨੀਤੀਆਂ ਵਿੱਚ ਅਨਿਸ਼ਚਿਤਤਾ ਹੈ। ਕੌਮਾਂਤਰੀ ਮੁਦਰਾ ਕੋਸ਼, ਆਰਥਿਕ ਸਹਿਯੋਗ ਤੇ ਵਿਕਾਸ ਸੰਗਠਨ ਆਦਿ ਦੁਆਰਾ ਵਿਸ਼ਵ ਆਰਥਿਕ ਵਿਕਾਸ ਘਟਣ ਦੀਆਂ ਭਵਿੱਖਬਾਣੀਆਂ, ਸੋਨੇ ਦੀਆਂ ਕੀਮਤਾਂ ਵਿੱਚ ਬੇਮਿਸਾਲ ਵਾਧਾ, ਦੁਨੀਆ ਭਰ ਦੇ ਸ਼ੇਅਰ ਬਾਜ਼ਾਰਾਂ ਵਿੱਚ ਉਤਰਾਅ-ਚੜ੍ਹਾਅ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਉਪਰੋਕਤ ਤੱਥਾਂ ਦੀ ਗਵਾਹੀ ਭਰਦੇ ਹਨ। ਇਹ ਘਟਨਾਕ੍ਰਮ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਉਨ੍ਹਾਂ ਦੀਆਂ ਅਨਿਸ਼ਚਿਤ ਇਮੀਗ੍ਰੇਸ਼ਨ (ਪਰਵਾਸ) ਅਤੇ ਟੈਰਿਫ (ਵਿਦੇਸ਼ੀ ਮਾਲ ਤੇ ਕਸਟਮ ਡਿਊਟੀ) ਨੀਤੀਆਂ ਦਾ ਸਿੱਟਾ ਹੈ ਜਿਸ ਕਾਰਨ ਨਾ ਸਿਰਫ ਵਿਸ਼ਵ ਵਪਾਰ ਪ੍ਰਭਾਵਿਤ ਹੋਇਆ ਹੈ ਬਲਕਿ ਦੁਨੀਆ ਦੀ ਆਰਥਿਕ ਵਿਵਸਥਾ ਵਿਚ ਵੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਟਰੰਪ ਨੇ ਹੁਣ ਇਮੀਗ੍ਰੇਸ਼ਨ ਅਤੇ ਟੈਰਿਫ ਮੁੱਦਿਆਂ ’ਤੇ ਆਪਣਾ ਰੁਖ਼ ਕੁਝ ਨਰਮ ਕੀਤਾ ਹੈ। ਉਂਝ, ਇਹ ਕੋਈ ਪਹਿਲੀ ਵਾਰ ਨਹੀਂ ਕਿ ਅਮਰੀਕਾ ਇਉਂ ਸੁਰੱਖਿਆਵਾਦੀ ਬਣਿਆ ਹੈ। ਅਤੀਤ ਵਿੱਚ ਵੀ ਅਮਰੀਕਾ ਵਿਚ ਵੱਖੋ-ਵੱਖ ਰਾਸ਼ਟਰਪਤੀਆਂ ਨੇ ਅਜਿਹੀਆਂ ਨੀਤੀਆਂ ਅਪਣਾਈਆਂ ਹਨ। 1776 ਵਿੱਚ ਆਜ਼ਾਦੀ ਤੋਂ ਬਾਅਦ ਜਾਰਜ ਵਾਸ਼ਿੰਗਟਨ ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਬਣੇ ਜਿਨ੍ਹਾਂ ਨੇ 1790 ਵਿੱਚ ਨੈਚੁਰਲਾਈਜ਼ੇਸ਼ਨ ਐਕਟ ਲਿਆਂਦਾ। ਇਸ ਅਨੁਸਾਰ, ਗੈਰ-ਦਾਗ਼ੀ (non-tainted) ਗੋਰਿਆਂ ਨੂੰ ਅਮਰੀਕਾ ਦੀ ਨਾਗਰਿਕਤਾ ਦਿੱਤੀ ਗਈ (ਅਫਰੀਕੀ ਤੇ ਏਸ਼ਿਆਈ ਲੋਕਾਂ ਨੂੰ ਛੱਡ ਕੇ)। ਉਨ੍ਹਾਂ ਨੂੰ ਇਹ ਵੀ ਨਿਰਦੇਸ਼ ਦਿੱਤਾ ਗਿਆ ਸੀ ਕਿ ਉਨ੍ਹਾਂ ਨੂੰ ਬ੍ਰਿਟੇਨ ਜਾਂ ਫਰਾਂਸ (ਜੋ ਉਸ ਵੇਲੇ ਲੜ ਰਹੇ ਸਨ) ਦਾ ਪੱਖ ਲੈਣ ਦੀ ਲੋੜ ਨਹੀਂ। ਸਮੇਂ ਨਾਲ ਆਇਰਲੈਂਡ, ਜਰਮਨੀ, ਪੋਲੈਂਡ, ਇਟਲੀ, ਹੰਗਰੀ, ਇੱਥੋਂ ਤੱਕ ਕਿ ਚੀਨ ਦੇ ਲੋਕ ਵੀ ਅਮਰੀਕਾ ਚਲੇ ਗਏ ਪਰ 1854 ਵਿੱਚ ਅਮਰੀਕਾ ਵਿੱਚ ਰਿਪਬਲਿਕਨ ਪਾਰਟੀ ਦੇ ਉਭਾਰ ਨਾਲ ਅਮਰੀਕਾ ਨੇ ਇਮੀਗ੍ਰੇਸ਼ਨ ’ਤੇ ਸਖ਼ਤੀ ਕੀਤੀ। ਆਰਥਰ ਚੈਸਟਰ ਜੋ ਰਿਪਬਲਿਕਨ ਪਾਰਟੀ ਵੱਲੋਂ ਅਮਰੀਕੀ ਰਾਸ਼ਟਰਪਤੀ ਬਣੇ, ਨੇ ਚੀਨੀ ਬੇਦਖਲੀ ਐਕਟ ਲਿਆਂਦਾ ਜਿਸ ਅਨੁਸਾਰ ਚੀਨੀ ਮਜ਼ਦੂਰਾਂ ਦੇ ਇਮੀਗ੍ਰੇਸ਼ਨ ’ਤੇ 10 ਸਾਲਾਂ ਲਈ ਪਾਬੰਦੀ ਲਗਾਈ ਗਈ ਅਤੇ ਚੀਨੀ ਪਰਵਾਸੀਆਂ ਨੂੰ ਨੈਚੁਰਲਾਈਜ਼ਡ ਨਾਗਰਿਕ ਬਣਨ ਤੋਂ ਰੋਕਿਆ ਗਿਆ। ਰਾਸ਼ਟਰਪਤੀ ਕੈਲਵਿਨ ਕੂਲੀਜ (ਡੈਮੋਕ੍ਰੇਟ) ਦੇ ਜੌਨਸਨ-ਰੀਡ ਐਕਟ-1924 ਦੇ ਹੋਂਦ ਵਿਚ ਆਉਣ ਤੋਂ ਬਾਅਦ ਦੁਨੀਆ ਦੇ ਦੂਜੇ ਹਿੱਸਿਆਂ ਤੇ ਕੌਮੀਅਤ ਦੇ ਆਧਾਰ ’ਤੇ ਅਮਰੀਕਾ ਵਿਚ ਇਮੀਗ੍ਰੇਸ਼ਨ ਨੂੰ ਸੀਮਤ ਕਰਨ ਲਈ ਸਖਤ ਕੋਟੇ ਬਣਾਏ ਗਏ ਤਾਂ ਜੋ ਚੀਨ ਨਾਲ ਕੁਝ ਇਨਸਾਫ਼ ਹੋ ਸਕੇ। 1950 ਅਤੇ 60 ਵਾਲੇ ਦਹਾਕੇ ਵਿੱਚ ਜਦੋਂ ਅਮਰੀਕਾ ਹਾਈ-ਟੈੱਕ ਬੁਨਿਆਦੀ ਢਾਂਚਾ, ਹਾਈਵੇਅ, ਸਿਲੀਕਾਨ ਵੈਲੀ ਤੇ ਮਸ਼ੀਨਾਂ ਬਣਾਉਣ ਦੀ ਪ੍ਰਕਿਰਿਆ ’ਚ ਰੁੱਝਿਆ ਸੀ ਤਾਂ ਇਸ ਨੂੰ ਹੁਨਰਮੰਦ ਤੇ ਸਸਤੇ ਮਜ਼ਦੂਰਾਂ ਦੀ ਜ਼ਰੂਰਤ ਮਹਿਸੂਸ ਹੋਈ। ਰਾਸ਼ਟਰਪਤੀ ਲਿੰਡਨ ਜੌਹਨਸਨ (ਡੈਮੋਕ੍ਰੇਟ) ਨੇ ਇਮੀਗ੍ਰੇਸ਼ਨ ਤੇ ਰਾਸ਼ਟਰੀਅਤਾ ਐਕਟ-1963 ਲਿਆਂਦਾ ਜਿਸ ਨੇ ਨਾਗਰਿਕਤਾ ’ਚ ਕਿਸੇ ਵੀ ਰਾਸ਼ਟਰੀਅਤਾ ਦਾ ਪੱਖ ਲੈਣਾ ਬੰਦ ਕਰ ਦਿੱਤਾ। ਜਿੱਥੋਂ ਤੱਕ ਟੈਰਿਫ ਦਾ ਸਵਾਲ ਹੈ, ਰਿਪਬਲਿਕਨ ਪਾਰਟੀ ਦੇ ਪਹਿਲੇ ਤੇ ਅਮਰੀਕਾ ਦੇ 16ਵੇਂ ਰਾਸ਼ਟਪਤੀ ਅਬਰਾਹਿਮ ਲਿੰਕਨ ਨੇ 1861 ਦੇ ਮੋਰਿਲ ਟੈਰਿਫ ਐਕਟ ਦੀ ਵਰਤੋਂ ਕੀਤੀ। ਐਕਟ-ਭਾਵੇਂ ਰਾਸ਼ਟਪਤੀ ਜੌਨ ਬੁਕਾਨਨ (ਡੈਮੋਕ੍ਰੇਟ) ਦੁਆਰਾ ਲਿੰਕਨ ਦੇ ਰਾਸ਼ਟਰਪਤੀ ਬਣਨ ਤੋਂ ਦੋ ਦਿਨ ਪਹਿਲਾਂ ਹੀ ਲਿਆਂਦਾ ਗਿਆ ਸੀ (ਇਸ ਤਹਿਤ ਔਸਤ ਟੈਰਿਫ ਦਰਾਂ 17% ਤੋਂ 21% ਤੱਕ ਵਧਾ ਦਿੱਤੀਆਂ ਸਨ) ਪਰ ਲਿੰਕਨ ਦੇ ਸ਼ਾਸਨ ਦੌਰਾਨ ਇਹ ਦਰਾਂ ਸਾਲ 1865 ਤੱਕ ਵਧਾ ਕੇ 38% ਕਰ ਦਿੱਤੀਆਂ ਗਈਆਂ। ਇਹ ਦਰਾਂ ਸਾਲ 1894 ਵਿੱਚ ਰਾਸ਼ਟਰਪਤੀ ਕਲੀਵਲੈਂਡ (ਡੈਮੋਕ੍ਰੇਟ) ਨੇ ਘਟਾਈਆਂ। ਮੁੜ ਸਾਲ 1897 ਵਿੱਚ ਵਿਲੀਅਮ ਮੈਕਕਿਨਲੇ ਜਿਸ ਦੀ ਟਰੰਪ ਸਭ ਤੋਂ ਵੱਧ ਪ੍ਰਸ਼ੰਸਾ ਕਰਦੇ ਹਨ, ਨੇ ਡਿੰਗਲੇ ਐਕਟ ਲਿਆਂਦਾ ਅਤੇ ਕੁੱਲ ਟੈਰਿਫ ਦਰਾਂ 48% ਤੱਕ ਵਧਾ ਦਿੱਤੀਆਂ। ਵੁਡਰੋ ਵਿਲਸਨ (ਡੈਮੋਕ੍ਰੇਟ) ਨੇ ਸਾਲ 1913 ਵਿਚ ਇਹ ਟੈਰਿਫ ਦਰਾਂ ਘਟਾਉਣ ’ਤੇ ਜ਼ੋਰ ਲਾਇਆ। 1929 ਵਿੱਚ ਰਾਸ਼ਟਰਪਤੀ ਹਰਬਰਟ ਹੂਵਰ (ਰਿਪਬਲਿਕਨ) ਨੇ ਸਮੂਟ ਐਂਡ ਹਾਆਲੀ ਐਕਟ ਲਾਗੂ ਕਰ ਕੇ ਸਭ ਤੋਂ ਸਖ਼ਤ ਟੈਰਿਫ ਦਰਾਂ ਦਾ ਐਲਾਨ ਕੀਤਾ ਅਤੇ ਕੁੱਲ ਟੈਰਿਫ ਦਰਾਂ 60% ਤੱਕ ਵਧਾ ਦਿੱਤੀਆਂ। ਇਹ ਦਰਾਂ 1940 ਦੇ ਦਹਾਕੇ ਵਿੱਚ ਫਰੈਂਕਲਿਨ ਰੂਜ਼ਵੈਲਟ (ਡੈਮੋਕ੍ਰੇਟ) ਨੇ ਘਟਾਈਆਂ। ਜ਼ਾਹਿਰ ਹੈ ਕਿ ਸ਼ੁਰੂ ਤੋਂ ਹੀ ਰਿਪਬਲਿਕਨ ਪਾਰਟੀ ਤੋਂ ਚੁਣੇ ਹੋਏ ਰਾਸ਼ਟਰਪਤੀਆਂ ਦਾ ਰੁਝਾਨ ਅਮਰੀਕੀ ਕਾਰੋਬਾਰਾਂ/ਕਾਰੋਬਾਰੀਆਂ ਦੀ ਰੱਖਿਆ ਕਰਨ, ਅਮਰੀਕੀ ਲੋਕਾਂ ਲਈ ਨੌਕਰੀਆਂ ਯਕੀਨੀ ਬਣਾਉਣ, ਅਮਰੀਕਾ ਤੋਂ ਬਾਹਰਲੇ ਕਾਮਿਆਂ ਦੀ ਗਿਣਤੀ ਕੰਟਰੋਲ ਕਰਨ ਅਤੇ ਘਰੇਲੂ ਨਿਰਮਾਣ ਤੇ ਉਦਯੋਗਾਂ ਨੂੰ ਉਤਸ਼ਾਹਤ ਕਰਨ ਵੱਲ ਵੱਧ ਰਿਹਾ ਹੈ। ਡੋਨਲਡ ਟਰੰਪ ਵੀ ਆਪਣੇ ਪੁਰਖਿਆਂ ਦੇ ਨਕਸ਼ੇ-ਕਦਮ ’ਤੇ ਚੱਲ ਰਹੇ ਹਨ। 20 ਜਨਵਰੀ 2025 ਨੂੰ ਰਾਸ਼ਟਰਪਤੀ ਵਜੋਂ ਆਪਣੀ ਦੂਜੀ ਪਾਰੀ ਸ਼ੁਰੂ ਕਰਨ ਦੇ ਨਾਲ ਹੀ ਟਰੰਪ ਨੇ ਇਮੀਗ੍ਰੇਸ਼ਨ ਨੂੰ ਨਿਸ਼ਾਨਾ ਬਣਾਉਣ ਵੱਲ ਸਖਤ ਰੁਖ਼ ਅਪਣਾਇਆ। 20 ਜਨਵਰੀ 2021 ਤੋਂ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਵਿੱਚ ਦਾਖਲ ਹੋਏ ਜਾਂ ਅਣਅਧਿਕਾਰਤ ਤਰੀਕੇ ਨਾਲ ਅਮਰੀਕਾ ਵਿੱਚ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਦੀ ਜਾਂਚ ਦੇ ਨਿਰਦੇਸ਼ ਦੇਣ ਤੋਂ ਇਲਾਵਾ ਉਨ੍ਹਾਂ ਨੇ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਐਕਟ ਤਹਿਤ ਖ਼ਤਰਾ ਪੈਦਾ ਕਰਨ ਵਾਲਿਆਂ ਦੀ ਪਛਾਣ ਕਰ ਕੇ ਉਨ੍ਹਾਂ ਨੂੰ ਅਮਰੀਕਾ ਤੋਂ ਕੱਢਣ ਦਾ ਫੈਸਲਾ ਕੀਤਾ। ਉਨ੍ਹਾਂ ਪਰਵਾਸੀਆਂ ਦੁਆਰਾ ਪੈਦਾ ਹੋਣ ਵਾਲੇ ਜਨਤਕ ਸਿਹਤ ਜੋਖਿ ?ਮਾਂ ਦਾ ਹਵਾਲਾ ਦਿੰਦੇ ਹੋਏ ਅਮਰੀਕਾ-ਮੈਕਸਿਕੋ ਸਰਹੱਦ ’ਤੇ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕੀਤਾ ਅਤੇ ਇਸ ਸਰਹੱਦ ’ਤੇ 1500 ਫੌਜੀ ਤਾਇਨਾਤ ਕਰਨ ਦੇ ਆਦੇਸ਼ ਜਾਰੀ ਕੀਤੇ। ਜਨਵਰੀ ਤੇ ਫਰਵਰੀ ਵਿੱਚ ਟਰੰਪ ਨੇ ਸੈਂਕੜੇ ਅਣਅਧਿਕਾਰਤ ਪਰਵਾਸੀਆਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਵਿੱਚ ਭੇਜਣ ਦਾ ਆਦੇਸ਼ ਦਿੱਤਾ ਜਿਸ ਵਿਚ ਭਾਰਤੀ ਮੂਲ ਦੇ ਲੋਕ ਵੀ ਸ਼ਾਮਿਲ ਸਨ।2 ਅਪਰੈਲ ਤੋਂ ਟਰੰਪ ਨੇ ਆਪਣੀ ਟੈਰਿਫ ਨੀਤੀ ਦਾ ਐਲਾਨ ਕੀਤਾ ਜਿਸ ਅਨੁਸਾਰ ਅਮਰੀਕਾ ’ਚ ਕੁੱਲ ਟੈਰਿਫ ਦਰਾਂ ਦੇ 27% ਤੱਕ ਵਧਣ ਦੀ ਗਣਨਾ ਕੀਤੀ ਗਈ। ਨੀਤੀ ਨੂੰ ਬਾਅਦ ਵਿੱਚ 9 ਅਪਰੈਲ ਨੂੰ ਸੋਧਿਆ ਅਤੇ ਚੀਨ ਤੋਂ ਬਰਾਮਦਾਂ ਨੂੰ ਛੱਡ ਕੇ ਜ਼ਿਆਦਾਤਰ ਬਰਾਮਦ ਉਤਪਾਦਾਂ ’ਤੇ 90 ਦਿਨ ਲਈ 10% ਦਾ ਫਲੈਟ ਟੈਰਿਫ ਲਗਾਇਆ ਗਿਆ। ਟਰੰਪ ਦੀ ਟੈਰਿਫ ਨੀਤੀ ਦੇ ਪ੍ਰਸੰਗ ਵਿੱਚ ਵਿਸ਼ਵ ਅਰਥਵਿਵਸਥਾਵਾਂ ਨੇ ਤਿੰਨ ਪ੍ਰਕਾਰ ਦੀ ਪ੍ਰਤੀਕਿਰਿਆ ਦਿੱਤੀ। ਪਹਿਲੀ ਪ੍ਰਤੀਕਿਰਿਆ ਚੀਨ, ਯੂਰੋਪੀਅਨ ਯੂਨੀਅਨ, ਮੈਕਸਿਕੋ ਤੇ ਕੈਨੇਡਾ ਨੇ ਦਿੱਤੀ ਜਿਸ ਵਿਚ ਉਨ੍ਹਾਂ ਅਮਰੀਕੀ ਸੁਰੱਖਿਆਵਾਦ ਦਾ ਮੁਕਾਬਲਾ ਕਰਨ ਲਈ ਜਵਾਬੀ ਟੈਰਿਫ ਲਗਾਏ। ਦੂਜੀ ਪ੍ਰਤੀਕਿਰਿਆ ਕੋਲੰਬੀਆ, ਵੀਅਤਨਾਮ, ਫਿਜੀ ਤੇ ਤਾਇਵਾਨ ਵਰਗੇ ਦੇਸ਼ਾਂ ਵੱਲੋਂ ਆਈ ਜਿਨ੍ਹਾਂ ਟੈਰਿਫ ਸਵੀਕਾਰ ਕਰ ਕੇ ਅਮਰੀਕਾ ਦੀਆਂ ਸ਼ਰਤਾਂ ਦੀ ਲਗਭਗ ਪੂਰੀ ਤਰ੍ਹਾਂ ਪਾਲਣਾ ਕੀਤੀ। ਤੀਜੀ ਪ੍ਰਤੀਕਿਰਿਆ ਭਾਰਤ, ਜਾਪਾਨ, ਯੂਕੇ ਤੇ ਦੱਖਣੀ ਅਫਰੀਕਾ ਵਰਗੇ ਦੇਸ਼ਾਂ ਵੱਲੋਂ ਆਈ ਜਿਨ੍ਹਾਂ ਅਮਰੀਕਾ ਨਾਲ ਕੂਟਨੀਤਕ ਸਬੰਧਾਂ ਨੂੰ ਕਾਇਮ ਰੱਖਦੇ ਹੋਏ ਟੈਰਿਫ ਦਾ ਪ੍ਰਭਾਵ ਘਟਾਉਣ ਲਈ ਗੱਲਬਾਤ, ਛੋਟਾਂ ਅਤੇ ਰਿਆਇਤਾਂ ਦੀ ਪੈਰਵੀ ਕੀਤੀ। ਅਮਰੀਕਾ ਨੇ ਭਾਰਤ ਨੂੰ ਕਿਸੇ ਪ੍ਰਕਾਰ ਦੀ ਕੋਈ ਰਾਹਤ ਨਹੀਂ ਦਿੱਤੀ; ਭਾਰਤ ਤੋਂ ਅਮਰੀਕਾ ਨੂੰ ਹੋਣ ਵਾਲੇ ਬਰਾਮਦ ’ਤੇ 26% ਟੈਰਿਫ ਲਗਾਏ, ਭਾਵੇਂ ਭਾਰਤ ਨੇ 13 ਫਰਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਦੌਰਾਨ ਦੁਵੱਲੇ ਵਪਾਰ ਸਮਝੌਤੇ ’ਤੇ ਗੱਲਬਾਤ ਸ਼ੁਰੂ ਕੀਤੀ ਸੀ। ਟੈਰਿਫ ਲਾਗੂ ਹੋਣ ਤੋਂ ਪਹਿਲਾਂ (ਅਪਰੈਲ 2025) ਭਾਰਤ ਨੇ ਅਮਰੀਕੀ ਅਖਰੋਟ, ਬਦਾਮ, ਸੇਬ ਅਤੇ ਕਰੈਨਬੇਰੀ ’ਤੇ ਦਰਾਮਦ ਡਿਊਟੀ ਘਟਾਉਣ ’ਤੇ ਵਿਚਾਰ ਕੀਤਾ ਅਤੇ ਖੇਤੀਬਾੜੀ, ਉਦਯੋਗਿਕ ਤੇ ਖਪਤਕਾਰ ਵਸਤੂਆਂ ਸਮੇਤ 23 ਬਿਲੀਅਨ ਡਾਲਰ ਦੇ 55% ਅਮਰੀਕੀ ਦਰਾਮਦ ’ਤੇ ਟੈਰਿਫ ਘਟਾਉਣ ਦਾ ਪ੍ਰਸਤਾਵ ਰੱਖਿਆ। ਅਮਰੀਕੀ ਖੇਤੀਬਾੜੀ ਉਤਪਾਦ, ਪੋਲਟਰੀ ਅਤੇ ਪ੍ਰਾਸੈਸਡ ਭੋਜਨ ਵੀ ਵਿਚਾਰ ਅਧੀਨ ਸਨ। ਮਈ ਤੱਕ ਭਾਰਤ ਨੇ ਵਿਆਪਕ ਵਪਾਰ ਸਮਝੌਤੇ ਨੂੰ ਸੁਰੱਖਿਅਤ ਕਰਨ ਲਈ ਅਨੁਕੂਲ ਰੁਖ਼ ਅਪਣਾਇਆ ਪਰ ਟਰੰਪ ਭਾਰਤ ਵੱਲ ਨਰਮ ਨਹੀਂ ਹੋ ਰਹੇ।

## ਈਡੀ ਵੱਲੋਂ ਕਾਰੋਬਾਰੀ ਦੇ ਘਰ ’ਤੇ ਛਾਪਾ



**ਪਾਤੜਾਂ, 24 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਇੱਕ ਕਾਰੋਬਾਰੀ ’ਤੇ ਈਡੀ ਵੱਲੋਂ ਛਾਪਾ ਮਾਰਿਆ ਗਿਆ। ਇਸ ਦੌਰਾਨ ਪਰਿਵਾਰਕ ਮੈਂਬਰਾਂ ਨੂੰ ਘਰੋਂ ਬਾਹਰ ਨਹੀਂ ਜਾਣ ਦਿੱਤਾ ਤੇ ਬਾਹਰੋਂ ਕਿਸੇ ਨੂੰ ਅੰਦਰ ਨਹੀਂ ਆਉਣ ਦਿੱਤਾ। ਸਵੇਰੇ 11 ਵਜੇ ਆਈ ਟੀਮ ਸ਼ਾਮ ਨੂੰ 6 ਵਜੇ ਵੀ ਘਰ ਵਿੱਚ ਮੌਜੂਦ ਸੀ ਜਿਸ ਨੂੰ ਲੈ ਕੇ ਸ਼ਹਿਰ ਵਿੱਚ ਚਰਚਾਵਾਂ ਦਾ ਬਾਜ਼ਾਰ ਗਰਮ ਰਿਹਾ। ਕੋਈ ਇਸ ਨੂੰ ਈਡੀ ਅਤੇ ਕੋਈ ਇਸ ਨੂੰ ਇਨਕਮ ਟੈਕਸ ਵਿਭਾਗ ਦੀ ਟੀਮ ਦੱਸ ਰਿਹਾ ਸੀ।

ਜਾਣਕਾਰੀ ਅਨੁਸਾਰ ਪਾਤੜਾਂ ਦੇ ਮਾਡਲ ਟਾਊਨ ਵਿੱਚ ਇੱਕ ਕਾਰੋਬਾਰੀ ਦੇ ਘਰ ਵਿੱਚ 11 ਵਜੇ ਤਿੰਨ ਪ੍ਰਾਈਵੇਟ ਪੰਜਾਬ ਨੰਬਰ ਦੀਆਂ ਗੱਡੀਆਂ ਵਿੱਚ ਸੱਤ ਅਫਸਰਾਂ ਨੇ ਚਾਰ ਸੁਰੱਖਿਆ ਗਾਰਡਾਂ ਸਣੇ ਦਸਤਕ ਦਿੱਤੀ। ਜਾਂਚ ਕਰਨ ਆਈ ਟੀਮ ਨੇ ਕਾਰੋਬਾਰੀ ਅਤੇ ਇਸ ਦੇ ਪਰਿਵਾਰਕ ਮੈਂਬਰਾਂ ਨੂੰ ਘਰੋਂ ਨਹੀ ਨਿਕਲਣ ਦਿੱਤਾ ਨਾ ਹੀ ਕਿਸੇ ਨੂੰ ਘਰ ਆਉਣ ਦਿੱਤਾ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਵਪਾਰੀ ਦੇ ਘਰ ਈ.ਡੀ ਵੱਲੋਂ ਛਾਪੇਮਾਰੀ ਕੀਤੀ ਗਈ ਹੈ ਤੇ ਉਸ ਖਿਲਾਫ਼ ਪੰਜਾਬ ਵਿਜੀਲੈਂਸ ਵੱਲੋਂ ਕਾਰਾਂ ਦੀਆਂ ਜਾਅਲੀ ਐਨਓਸੀ ਨੂੰ ਲੈ ਕੇ ਉਨ੍ਹਾਂ ’ਤੇ ਪੰਜਾਬ ਦੇ ਨੰਬਰ ਲਾ ਕੇ ਅੱਗੇ ਵੇਚਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੋਇਆ ਹੈ। ਇਸ ਤੋਂ ਇਲਾਵਾ ਨਵਾਂ ਸ਼ਹਿਰ ਦੇ ਨੇੜੇ ਵਪਾਰੀ ਚਲਾਏ ਜਾ ਰਹੇ ਸੇਲਾ ਪਲਾਂਟ ਵਿੱਚ ਘਪਲੇ ਦਾ ਕੇਸ ਦਰਜ ਕੀਤਾ ਹੋਇਆ ਹੈ। ਜਾਂਚ ਕਰਨ ਆਈ ਟੀਮ ਦੇ ਅਧਿਕਾਰੀਆਂ ਨੇ ਭਾਵੇਂ ਕੋਈ ਜਾਣਕਾਰੀ ਨਹੀਂ ਦਿਤੀ ਪਰ ਲੋਕਾਂ ਵਿੱਚ ਚਰਚਾ ਹੈ ਕਿ ਉਕਤ ਪਲਾਂਟ ਵਿਚ ਕੋਈ ਵੱਡਾ ਘਪਲਾ ਕੀਤਾ ਗਿਆ ਹੈ।

ਪਾਤੜਾਂ ਦੇ ਕੁਝ ਵਪਾਰੀਆਂ ਨੇ ਦੱਸਿਆ ਹੈ ਕਿ ਕਾਰੋਬਾਰੀ ਨੂੰ ਵਪਾਰ ਵਿੱਚ ਘਾਟਾ ਪਿਆ ਹੈ। ਖ਼ਬਰ ਲਿਖੇ ਜਾਣ ਤੱਕ ਜਾਂਚ ਕਰਨ ਆਏ ਅਧਿਕਾਰੀ ਵਪਾਰੀ ਦੇ ਘਰ ਹੀ ਮੌਜੂਦ ਸਨ।

## ਇਕ ਬਜ਼ੁਰਗ ਔਰਤ ਤੋਂ ਮੋਟਰਸਾਈਕਲ ਸਵਾਰ 2 ਨੌਜਵਾਨ ਵਾਲੀਆਂ ਖੋਹ ਕੇ ਫ਼ਰਾਰ



**ਬਰਨਾਲਾ, 24 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਰਨਾਲਾ ਦੇ ਕਿਲਾ ਮੁਹੱਲਾ ਵਿਖੇ ਸ਼ੁੱਕਰਵਾਰ ਸਵੇਰੇ ਲੱਗਭਗ ਸਵਾ10 ਵਜੇ ਇਕ ਬਜ਼ੁਰਗ ਔਰਤ ਤੋਂ ਮੋਟਰਸਾਈਕਲ ਸਵਾਰ 2 ਨੌਜਵਾਨ ਵਾਲੀ ਖੋਹ ਕੇ ਫ਼ਰਾਰ ਹੋ ਗਏ। ਜਾਣਕਾਰੀ ਅਨੁਸਾਰ ਇਕ ਬਜ਼ੁਰਗ ਔਰਤ ਸ਼ੁੱਕਰਵਾਰ ਸਵੇਰੇ ਸਮਾਨ ਆਦਿ ਲੈ ਕੇ ਕਿਲਾ ਮੁਹੱਲਾ ਦੀ ਗਲੀ ’ਚੋਂ ਆਪਣੇ ਘਰ ਵੱਲ ਪੈਦਲ ਜਾ ਰਹੀ ਸੀ ਤਾਂ ਇੰਨੇ ’ਚ ਮਗਰੋਂ ਮੋਟਰਸਾਈਕਲ ’ਤੇ ਸਵਾਰ ਹੋ ਕੇ ਦੋ ਨੌਜਵਾਨ ਆਏ ਤੇ ਬਜ਼ੁਰਗ ਔਰਤ ਕੋਲ ਆ ਕੇ ਮੋਟਰਸਾਈਕਲ ਹੌਲੀ ਕਰਦਿਆਂ ਇਕ ਨੌਜਵਾਨ ਉਤਰ ਗਿਆ, ਜਦਕਿ ਦੂਜਾ ਨੌਜਵਾਨ ਮੋਟਰਸਾਈਕਲ ’ਤੇ ਹੀ ਬੈਠਾ ਰਿਹਾ।

ਨੌਜਵਾਨ ਨੇ ਬੜੀ ਤੇਜ਼ੀ ਨਾਲ ਔਰਤ ਦੇ ਕੰਨ ’ਚੋਂ ਵਾਲੀ ਝਪਟੀ ਤੇ ਫ਼ਰਾਰ ਹੋ ਗਏ। ਦੋਵੇਂ ਨੌਜਵਾਨਾਂ ਨੇ ਮੂੰਹ ਢਕੇ ਹੋਏ ਸਨ। ਜਿੰਨ੍ਹਾਂ ਦੀ ਫੁਟੇਜ਼ ਉੱਥੇ ਲੱਗੇ ਸੀਸੀਟੀਵੀ ਕੈਮਰਿਆਂ ’ਚ ਕੈਦ ਹੋ ਗਈ।ਅਤੇ ਵੀਡਿਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਗਈ ਬਜ਼ੁਰਗ ਔਰਤ ਵਲੋਂ ਰੌਲਾ ਪਾਉਣ ’ਤੇ ਮੁਹੱਲਾ ਨਿਵਾਸੀ ਇਕੱਠੇ ਹੋਣਾ ਸ਼ੁਰੂ ਹੋ ਗਏ, ਪਰ ਉਦੋਂ ਤੱਕ ਲੁਟੇਰੇ ਫ਼ਰਾਰ ਹੋ ਚੁੱਕੇ ਸਨ। ਲੋਕਾਂ ਵਲੋਂ ਸੀਸੀਟੀਵੀ ਕੈਮਰਿਆਂ ਦੀ ਫੁਟੇਜ਼ ਕੱਢ ਕੇ ਤੁਰੰਤ ਇਸ ਨੂੰ ਵਾਇਰਲ ਕਰ ਦਿੱਤਾ ਗਿਆ ਤਾਂ ਜੋ ਲੁਟੇਰੇ ਜਲਦੀ ਕਾਬੂ ਆ ਸਕਣ। ਲੋਕਾਂ ਵਲੋਂ ਇਸ ਸਬੰਧੀ ਪੁਲਿਸ ਨੂੰ ਸੂਚਿਤ ਕੀਤਾ ਗਿਆ । ਅਤੇ ਲੋਕਾ ਵਲੋ ਰੋਸ ਵਿ ਜਾਹਰ ਕੀਤਾ ਗਿਆ ਕਿ ਪੁਲੀਸ ਵਲੋਂ ਸ਼ਹਿਰ ਵਿੱਚ ਲਗਾਏ ਕੈਮਰੇ ਕੋਈ ਕੰਮ ਨਹੀਂ ਆ ਰਹੇ ਪੁਲਿਸ ਵਲੋ ਲੋਕਾਂ ਕੋਲੋ ਹੀ ਸੀ ਸੀ ਟੀ ਵੀ ਦੀ ਫੁਟੈਜ ਮੰਗੀ ਜਾ ਰਹੀ ਹੈ ਜਦ ਇਸ ਸਬੰਧੀ ਥਾਣਾ ਸਿਟੀ 1 ਦੇ ਮੁਖੀ ਲਖਵਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਲੁਟੇਰਿਆਂ ਦੀ ਭਾਲ ਲਈ ਨਾਕਾਬੰਦੀ ਕਰ ਦਿੱਤੀ ਗਈ ਹੈ ਤੇ ਪੂਰੀ ਪੁਲਿਸ ਫ਼ੋਰਸ ਅਲਰਟ ਮੋਡ ’ਤੇ ਹੈ। ਲੁਟੇਰੇ ਬਖ਼ਸ਼ੇ ਨਹੀਂ ਜਾਣਗੇ ਅਤੇ ਜਲਦ ਕਾਬੂ ਕਰ ਲਏ ਜਾਣਗੇ।

## ਮਾਮਲਾ ਗਲਾਡਾ ਤਹਿਤ 250 ਏਕੜ ਜਮੀਨ ਐਕਵਾਇਰ ਕਰਨ ਦਾ



**ਮਾਛੀਵਾੜਾ ਸਾਹਿਬ, 24 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਲੈਂਡ ਪੂਲਿੰਗ ਨੀਤੀ ਦੇ ਤਹਿਤ ਗਲਾਡਾ ਵੱਲੋਂ ਨਵੀਆਂ ਕਲੌਨੀਆਂ ਬਣਾਉਣ ਲਈ 24000 ਤੋਂ ਵੱਧ ਏਕੜ ਜਮੀਨ ਐਕਵਾਇਰ ਕਰਨ ਦਾ ਪਲਾਨ ਪਾਸ ਹੋਇਆ ਹੈ ।ਇਸ ਸਬੰਧੀ ਹਲਕਾ ਸਮਰਾਲਾ ਦੇ ਪਿੰਡ ਬਾਲਿਓ ਕੋਲ 250 ਏਕੜ ਜਮੀਨ ਗਲਾਡਾ ਵੱਲੋਂ ਐਕਵਾਇਰ ਹੋਣ ਦਾ ਪਲਾਨ ਬਣਾਇਆ ਗਿਆ ਹੈ,ਇਸਦਾ ਬਾਲਿਓ ਵਿੱਚ ਵੱਖ ਵੱਖ ਜਥੇਬੰਦੀਆਂ ,ਪਿੰਡ ਵਾਸੀਆਂ ਅਤੇ ਸਮਾਜ ਸੇਵੀਆਂ ਨੇ ਵਿਰੋਧ ਕੀਤਾ ।

ਇਸ ਦੇ ਸੰਬੰਧੀ ਮੰਗ ਪੱਤਰ ਮੌਕੇ ਤੇ ਆਏ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੂੰ ਦਿੱਤਾ ਗਿਆ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਸਰਕਾਰ ਵੱਲੋਂ ਜੋ ਪਲਾਨ ਬਣਾਇਆ ਗਿਆ ਹੈ ਜੋ ਜਮੀਨ ਅਕਵਾਇਰ ਕਰਨ ਦਾ ,ਇਸ ਨਾਲ ਕਿਸਾਨ ਦੀ ਖੇਤੀ ਖਤਮ ਹੋ ਜਾਵੇਗੀ ਅਤੇ ਸੂਬੇ ਵਿੱਚ ਖੇਤੀ ਦੀ ਜਮੀਨ ਘਟਣ ਨਾਲ ਕਿਸਾਨੀ ਦਾ ਪਤਨ ਹੋਵੇਗਾ।

ਸਭਨਾਂ ਵੱਲੋਂ ਵਿਰੋਧ ਕਰਦੇ ਹੋਏ ਇੱਕ ਸੁਰ ਵਿੱਚ ਇਸ ਪਲੈਨ ਦਾ ਸਖਤ ਵਿਰੋਧ ਕੀਤਾ

## ਜ਼ਿਲ੍ਹਾ ਤੇ ਸਬ-ਡਵੀਜ਼ਨ ਪੱਧਰ ਦੀਆਂ ਸਾਰੀਆਂ ਅਦਾਲਤਾਂ ਚ ਸਥਾਪਿਤ ਕੀਤੇ ਜਾਣਗ ਬੈਂਚ

**ਲੁਧਿਆਣਾ, 24 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ (ਡੀ.ਐਲ.ਐਸ.ਏ.) ਲੁਧਿਆਣਾ ਸੁਮਿਤ ਸੱਭਰਵਾਲ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਜ਼ਿਲ੍ਹਾ ਕਚਹਿਰੀਆਂ, ਲੁਧਿਆਣਾ ਅਤੇ ਸਿਵਲ ਕੋਰਟਸ-ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ ਵਿੱਚ ਭਲਕੇ 24 ਮਈ, 2025 ਦਿਨ ਸ਼ਨੀਵਾਰ ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਆਮ ਲੋਕਾਂ ਦੇ ਆਪਸੀ ਝਗੜਿਆਂ ਦਾ ਛੇਤੀ ਅਤੇ ਸਸਤੇ ਢੰਗ ਨਾਲ ਨਿਪਟਾਰਾ ਕਰਵਾਉਣ ਦੇ ਮੰਤਵ ਨਾਲ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕਰਵਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਆਮ ਲੋਕਾਂ ਨੂੰ ਰਾਸ਼ਟਰੀ ਲੋਕ ਅਦਾਲਤ ਦੇ ਮਾਧਿਅਮ ਰਾਹੀਂ ਆਪਣੇ ਝਗੜਿਆਂ ਦਾ ਨਿਪਟਾਰਾ ਕਰਵਾ ਕੇ ਛੇਤੀ ਅਤੇ ਸਸਤਾ ਨਿਆਂ ਪ੍ਰਾਪਤ ਕਰਨ ’ਤੇ ਵੀ ਜ਼ੋਰ ਦਿੱਤਾ।

ਉਨ੍ਹਾਂ ਦੱਸਿਆ ਕਿ ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਲੁਧਿਆਣਾ ਵਲੋਂ ’ਨੈਸ਼ਨਲ ਲੋਕ ਅਦਾਲਤ’ ਰਾਹੀਂ ਜ਼ਿਲ੍ਹਾ ਕਚਹਿਰੀਆਂ, ਲੁਧਿਆਣਾ ਅਤੇ ਸਿਵਲ ਕੋਰਟਸ-ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਵਿਖੇ ਵੱਖ-ਵੱਖ ਨਿਆਂਇਕ ਅਦਾਲਤਾਂ ਵਿੱਚ ਲੰਬਿਤ ਮਾਮਲਿਆਂ ਦਾ ਨਿਪਟਾਰਾ ਧਿਰਾਂ ਦੀ ਆਪਸੀ ਸਹਿਮਤੀ ਨਾਲ ਕਰਵਾਇਆ ਜਾਵੇਗਾ।

ਸਕੱਤਰ ਸ੍ਰੀਮਤੀ ਸੱਭਰਵਾਲ ਨੇ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਸਿਵਲ ਕੇਸ ਜਿਵੇਂ ਕਿ ਕਿਰਾਇਆ, ਬੈਂਕ ਦੀ ਰਿਕਵਰੀ, ਮਾਲ ਮਾਮਲੇ, ਬਿਜਲੀ ਅਤੇ ਪਾਣੀ ਦੇ ਬਿੱਲਾਂ (ਚੋਰੀ ਦੇ ਕੇਸਾਂ ਨੂੰ ਛੱਡ ਕੇ), ਤਨਖਾਹਾਂ ਅਤੇ ਭੱਤਿਆਂ ਅਤੇ ਸੇਵਾ ਮੁਕਤ ਲਾਭਾਂ ਨਾਲ ਸਬੰਧਤ ਮਾਮਲੇ, ਜੰਗਲਾਤ ਐਕਟ ਦੇ ਕੇਸ, ਤਬਾਹੀ ਮੁਆਵਜ਼ਾ, ਫੌਜਦਾਰੀ ਮਿਕਦਾਰ ਮਾਮਲੇ, ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੀ ਧਾਰਾ 138 ਦੇ ਅਧੀਨ ਸ਼ਿਕਾਇਤਾਂ, ਕਵਰਡ ਮਾਮਲਿਆਂ ਦੀ ਸੁਣਵਾਈ ਸਿਵਲ ਜੱਜਾਂ ਜਾਂ ਜੁਡੀਸ਼ੀਅਲ ਮੈਜਿਸਟਰੇਟਾਂ ਦੁਆਰਾ ਲੋਕ ਅਦਾਲਤ ਵਿੱਚ ਕੀਤੀ ਜਾਵੇਗੀ।

ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਅਜਿਹੇ ਪ੍ਰੀ-ਲਿਟੀਗੇਟਿਵ ਮਾਮਲਿਆਂ ਦਾ ਨਿਪਟਾਰਾ ਵੀ ਧਿਰਾਂ ਦੀ ਆਪਸੀ ਸਹਿਮਤੀ ਨਾਲ ਕਰਵਾਉਣ ਦੇ ਉਪਰਾਲੇ ਕੀਤੇ ਜਾਣਗੇ ਜਿਹੜੇ ਅਜੇ ਤੱਕ ਕਿਸੇ ਅਦਾਲਤ ਵਿੱਚ ਦਾਇਰ ਨਹੀਂ ਕੀਤੇ ਗਏ ਹਨ।

## ਸਮਾਣਾ ਸ਼ਹਿਰ ਨੂੰ ਹੋਰਨਾਂ ਸ਼ਹਿਰਾਂ ਨਾਲ ਜੋੜਦੀਆਂ ਸੜਕਾਂ ’ਤੇ ਸਕੂਲ ਲੱਗਣ ਤੇ ਛੁੱਟੀ ਸਮੇਂ ਭਾਰੀ ਵਾਹਨਾਂ ’ਤੇ ਪਾਬੰਦੀ ਸਬੰਧੀ ਹੁਕਮ ਜਾਰੀ

**ਪਟਿਆਲਾ, 24 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਸਮਾਣਾ-ਪਟਿਆਲਾ ਸੜਕ (ਐਸ.ਐਚ-10) ਪਸਿਆਣਾ ਚੌਂਕੀ ਤੱਕ, ਸਮਾਣਾ-ਪਾਤੜਾਂ ਰੋਡ ਪਿੰਡ ਕਕਰਾਲਾ ਤੱਕ, ਸਮਾਣਾ-ਭਵਾਨੀਗੜ੍ਹ ਰੋਡ ਪਿੰਡ ਫਤਿਹਗੜ ਛੰਨਾਂ ਤੱਕ ਅਤੇ ਸਮਾਣਾ-ਚੀਕਾ ਰੋਡ ਸੇਂਟ ਲਾਰੇਂਸ ਸਕੂਲ ਤੱਕ ਸਵੇਰੇ 6 ਵਜੇ ਤੋਂ ਸਵੇਰੇ 9 ਵਜੇ ਤੱਕ ਅਤੇ ਦੁਪਹਿਰ 1 ਵਜੇ ਤੋਂ ਸ਼ਾਮ 4 ਵਜੇ ਤੱਕ ਭਾਰੀ ਵਾਹਨਾਂ (ਟਿੱਪਰ, ਟਰੱਕ ਆਦਿ) ਦੇ ਅੰਦਰ ਆਉਣ ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 22 ਜੁਲਾਈ 2025 ਤੱਕ ਲਾਗੂ ਰਹਿਣਗੇ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਸਮਾਣਾ ਸ਼ਹਿਰ ਦੇ ਬੱਚੇ ਪੜਾਈ ਕਰਨ ਲਈ ਸਮਾਣਾ ਸ਼ਹਿਰ ਤੋਂ ਬਾਹਰ ਜਿਵੇਂ ਕਿ ਪਟਿਆਲਾ ਸ਼ਹਿਰ, ਪਾਤੜਾਂ ਰੋਡ ’ਤੇ, ਪਟਿਆਲਾ ਰੋਡ ’ਤੇ, ਭਵਾਨੀਗੜ੍ਹ ਰੋਡ ਅਤੇ ਚੀਕਾ ਰੋਡ ਤੇ ਬਣੇ ਵੱਖ ਵੱਖ ਸਕੂਲਾਂ ਵਿੱਚ ਸਕੂਲ ਬੱਸ ਜਾਂ ਵੈਨਾਂ ਰਾਹੀਂ ਜਾਂਦੇ ਹਨ। ਇਨ੍ਹਾਂ ਸੜਕਾਂ ਤੇ ਭਾਰੀ ਵਾਹਨ ਚੱਲਣ ਕਾਰਨ ਹਰ ਸਮੇਂ ਕੋਈ ਹਾਦਸਾ ਵਾਪਰਨ ਦਾ ਖਦਸ਼ਾ ਬਣਿਆ ਰਹਿੰਦਾ ਹੈ। ਅਜਿਹੇ ਹਾਲਤਾਂ ਨਾਲ ਅਮਨ ਕਾਨੂੰਨ ਦੀ ਸਥਿਤੀ ਦੇ ਖਰਾਬ ਹੋਣ ਦਾ ਖਦਸ਼ਾ ਵੀ ਬਣਿਆ ਰਹਿੰਦਾ ਹੈ।

## ਕੈਬਨਿਟ ਮੰਤਰੀ ਅਮਨ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਲੋਹਾਖੇੜਾ, ਰੱਤੋਕੇ ਅਤੇ ਤੱਕੀਪੁਰ ਵਿਖੇ ਡਿਫੈਂਸ ਕਮੇਟੀਆਂ ਦੀਆਂ ਮੀਟਿੰਗਾਂ



**ਸੁਨਾਮ, 24 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਵਿਧਾਨ ਸਭਾ ਹਲਕਾ ਸੁਨਾਮ ਦੇ ਹਰ ਇੱਕ ਪਿੰਡ ਅਤੇ ਸ਼ਹਿਰੀ ਖੇਤਰ ਨੂੰ ਨਸ਼ਾ ਮੁਕਤ ਕਰਨ ਦੀ ਮੁਹਿੰਮ ਜੋਸ਼ੋ-ਖਰੋਸ਼ ਨਾਲ ਚੱਲ ਰਹੀ ਹੈ ਅਤੇ ਵੱਖ-ਵੱਖ ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਦੌਰਾਨ ਲੋਕਾਂ ਦੀ ਭਰਵੀਂ ਇਕੱਤਰਤਾ ਹੋ ਰਹੀ ਹੈ।

ਇਸੇ ਲੜੀ ਤਹਿਤ ਪਿੰਡ ਲੋਹਾਖੇੜਾ, ਰੱਤੋਕੇ ਅਤੇ ਤੱਕੀਪੁਰ ਵਿਖੇ ਡਿਫੈਂਸ ਕਮੇਟੀਆਂ ਦੀਆਂ ਮੀਟਿੰਗਾਂ ਕੀਤੀਆਂ ਗਈਆਂ ਅਤੇ ਲੋਕਾਂ ਨੂੰ ਨਸ਼ਿਆਂ ਦੇ ਖਾਤਮੇ ਦੀ ਸਹੁੰ ਚੁਕਾਈ ਗਈ।

ਇਸ ਮੌਕੇ ਐੱਸ.ਡੀ.ਐਮ., ਚਰਨਜੋਤ ਸਿੰਘ ਵਾਲੀਆ ਨੇ ਕਿਹਾ ਕਿ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਪ੍ਰਣ ਕਰ ਕੇ ਅਤੇ ਹਰ ਹੀਲੇ ਉਸ ਪ੍ਰਣ ਨੂੰ ਨਿਭਾਉਣ ਵਿੱਚ ਕਿਸੇ ਵੀ ਨਾਗਰਿਕ ਨੂੰ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ।

ਹਰ ਇੱਕ ਪਿੰਡ ਵਿੱਚ ਪੇਂਡੂ ਡਿਫੈਂਸ ਕਮੇਟੀਆਂ ਕਾਰਜਸ਼ੀਲ ਹਨ ਅਤੇ ਪੂਰੀ ਉਮੀਦ ਹੈ ਕਿ ਇਹ ਡਿਫੈਂਸ ਕਮੇਟੀਆਂ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਸ਼ਿੱਦਤ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਨਸ਼ਾ ਤਸਕਰਾਂ ਦੇ ਕਾਰੋਬਾਰ ਨੂੰ ਮੁਕੰਮਲ ਤੌਰ ’ਤੇ ਬੰਦ ਕਰਵਾਉਣ ਵਿੱਚ ਯੋਗਦਾਨ ਪਾਉਣਗੀਆਂ।

ਐੱਸ.ਡੀ.ਐਮ. ਨੇ ਕਿਹਾ ਕਿ ਜਾਗਰੂਕਤਾ ਮੀਟਿੰਗਾਂ ਵਿੱਚ ਪਹੁੰਚਣ ਵਾਲੇ ਲੋਕਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਇਥੋਂ ਮਿਲਣ ਵਾਲੇ ਸੁਨੇਹੇ ਆਪਣੇ ਪਰਿਵਾਰਕ ਮੈਂਬਰਾਂ, ਦੋਸਤਾਂ-ਮਿੱਤਰਾਂ, ਗੁਆਂਢੀਆਂ ਅਤੇ ਹੋਰ ਪਤਵੰਤਿਆਂ ਨਾਲ ਨਿਰੰਤਰ ਸਾਂਝਾ ਕਰਦੇ ਰਹਿਣ ਕਿਉਂਕਿ ਲੋਕ ਲਹਿਰ ਬਣਨ ਨਾਲ ਹੀ ਅਜਿਹੀਆਂ ਸਮਾਜਿਕ ਬੁਰਾਈਆਂ ਦਾ ਖਾਤਮਾ ਸੰਭਵ ਹੁੰਦਾ ਹੈ। ਇਹ ਮੁਹਿੰਮ ਜ਼ਰੂਰ ਹੀ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰੇਗੀ।

ਐੱਸ.ਡੀ.ਐਮ. ਨੇ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰੀ ਵਾਰਡਾਂ ਵਿੱਚ ਹਰੇਕ ਨਾਗਰਿਕ ਤੱਕ ਸਿੱਧੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਨਸ਼ਾ ਮੁਕਤੀ ਯਾਤਰਾ ਆਰੰਭ ਕੀਤੀ ਗਈ ਹੈ ਤਾਂ ਜੋ ਲੋਕਾਂ ਤੋਂ ਸਿੱਧੀ ਫੀਡਬੈਕ ਲੈ ਕੇ ਨਸ਼ਿਆਂ ਦੀ ਸਪਲਾਈ ਲਾਈਨ ਤੋੜੀ ਜਾ ਸਕੇ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਦਾ ਮੁਫਤ ਅਤੇ ਢੁਕਵਾਂ ਇਲਾਜ ਕਰਵਾਇਆ ਜਾ ਸਕੇ।

ਇਸ ਮੌਕੇ ਪੀ.ਏ. ਸੰਜੀਵ ਕੁਮਾਰ, ਜਰਨੈਲ ਸਿੰਘ ਸਰਪੰਚ ਲੋਹਾਖੇੜਾ, ਜਸਪਾਲ ਸਿੰਘ ਸਰਪੰਚ ਤੱਕੀਪੁਰ, ਹਰਦੀਪ ਕੌਰ ਸਰਪੰਚ ਰੱਤੋਕੇ, ਬਲਜਿੰਦਰ ਸਿੰਘ, ਸੁਖਪਾਲ ਸਿੰਘ, ਮਨੀ ਰੱਤੋਕੇ, ਗੁਰਦੀਪ ਸਿੰਘ ਤੱਕੀਪੁਰ, ਜੋਗਾ ਸਿੰਘ ਬਾਠ ਤੱਕੀਪੁਰ, ਰਸ਼ਪਾਲ ਸਿੰਘ ਰੱਤੋਕੇ, ਬਲਵਿੰਦਰ ਸਿੰਘ ਸਰਪੰਚ, ਲਾਭ ਸਿੰਘ ਨੀਲੋਵਾਲ, ਮਨਿੰਦਰ ਸਿੰਘ ਸਰਪੰਚ, ਲਵਦੀਪ ਸ਼ਰਮਾ ਜ਼ਿਲ੍ਹਾ ਕੋਆਰਡੀਨੇਟਰ, ਸੰਦੀਪ ਦੁੱਗਾਂ, ਮਨੀ ਸਾਰੋਂ, ਐੱਸ.ਐੱਚ.ਓ. ਲੌਂਗੋਵਾਲ ਬਲਵੰਤ ਸਿੰਘ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਡਿਫੈਂਸ ਕਮੇਟੀਆਂ ਦੇ ਮੈਂਬਰ, ਪਿੰਡਾਂ ਦੇ ਵੀ ਇਹ ਫਰਜ਼ ਬਣਦਾ ਹੈ ਕਿ ਉਹ ਇਥੋਂ ਮਿਲਣ ਵਾਲੇ ਸੁਨੇਹੇ ਆਪਣੇ ਪਰਿਵਾਰਕ ਮੈਂਬਰਾਂ, ਦੋਸਤਾਂ-ਮਿੱਤਰਾਂ, ਗੁਆਂਢੀਆਂ ਅਤੇ ਹੋਰ ਪਤਵੰਤਿਆਂ ਨਾਲ ਨਿਰੰਤਰ ਸਾਂਝਾ ਕਰਦੇ ਰਹਿਣ ਕਿਉਂਕਿ ਲੋਕ ਲਹਿਰ ਬਣਨ ਨਾਲ ਹੀ ਅਜਿਹੀਆਂ ਸਮਾਜਿਕ ਬੁਰਾਈਆਂ ਦਾ ਖਾਤਮਾ ਸੰਭਵ ਹੁੰਦਾ ਹੈ।ਪੰਚ ਸਰਪੰਚ ਅਤੇ ਪਿੰਡ ਵਾਸੀ ਹਾਜ਼ਰ ਸਨ।

## ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਵੱਲੋ ਮਹਾਰਾਜਾ ਅਗਰਸੈਨ ਜੀ ਦੇ ਸਮਾਰਕ ਦਾ ਉਦਘਾਟਨ ਕਰਨਾ ਨਾਭਾ ਸ਼ਹਿਰ ਲਈ ਇਤਿਹਾਸਕ ਪਲ ਹੋਵੇਗਾ : ਦੇਵ ਮਾਨ



**ਨਾਭਾ, 24 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਰਵਾਲ ਸਭਾ ਨਾਭਾ ਵੱਲੋਂ ਮਹਾਰਾਜਾ ਅਗਰਸੈਨ ਜੀ ਦੀ ਨਵੀਂ ਉਸਾਰੀ ਦਾ ਉਦਘਾਟਨ ਸਮਾਰੋਹ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਜਿਸ ਦਾ ਅੱਜ ਜਾਇਜ਼ਾ ਲੈਣ ਲਈ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਡਿਪਟੀ ਕਮਿਸ਼ਨਰ ਮੈਡਮ ਪ੍ਰੀਤੀ ਯਾਦਵ ਪਟਿਆਲਾ, ਐਸਐਸਪੀ ਪਟਿਆਲਾ ਵਰੁਣ ਸ਼ਰਮਾ, ਏਡੀਸੀ ਮੈਡਮ ਈਸ਼ਾ ਸਿੰਗਲ ਪਟਿਆਲਾ, ਐਸਡੀਐਮ ਨਾਭਾ ਮੈਡਮ ਇਸਮਤ ਵਿਜੈ ਸਿੰਘ, ਡੀਐਸਪੀ ਨਾਭਾ ਮੈਡਮ ਮਨਦੀਪ ਕੌਰ ਵਿਸ਼ੇਸ਼ ਤੌਰ ਤੇ ਮਹਾਰਾਜ ਅਗਰਸੈਨ ਪਾਰਕ ਪਟਿਆਲਾ ਗੇਟ ਨਾਭਾ ਵਿਖੇ ਪਹੁੰਚੇ। ਉਹਨਾਂ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਕਿ ਪੁਖਤਾ ਇੰਤਜ਼ਾਮ ਕੀਤੇ ਜਾਣ ਤਾਂ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਮੁੱਖ ਮਹਿਮਾਨ ਵਜੋਂ, ਪਾਰਟੀ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਵਰਿੰਦਰ ਗੋਇਲ ਕੈਬਨਿਟ ਮੰਤਰੀ ਜੀ ਵਿਸ਼ੇਸ਼ ਮਹਿਮਾਨ ਵਜੋਂ ਨਾਭਾ ਵਿਖੇ ਉਹ ਉਦਘਾਟਨ ਕਰਨ ਲਈ ਪਹੁੰਚ ਰਹੇ ਹਨ। ਪਹੁੰਚਣ ਤੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਜਾ ਸਕੇ। ਹਲਕਾ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਇਹ ਪ੍ਰੋਗਰਾਮ ਮਿਤੀ 25 ਮਈ 2025 ਨੂੰ ਸਵੇਰੇ 11 ਵਜੇ ਮਹਾਰਾਜਾ ਅਗਰਸੈਨ ਪਾਰਕ ਪਟਿਆਲਾ ਗੇਟ ਨਾਭਾ ਵਿਖੇ ਹੋਵੇਗਾ। ਉਨ੍ਹਾਂ ਨਿਮਰਤਾ ਸਹਿਤ ਹਲਕਾ ਵਾਸੀਆਂ ਨੂੰ ਪਰਿਵਾਰ ਸਮੇਤ ਪਹੁੰਚਣ ਲਈ ਬੇਨਤੀ ਕੀਤੀ ਇਸ ਮੌਕੇ ਅਗਰਵਾਲ ਸਭਾ ਦੇ ਸਮੂਹ ਅਹੁਦੇਦਾਰ ਮੌਜੂਦ ਸਨ ।

## ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਆਰਮੀ ਭਰਤੀ ਰੈਲੀ-2025 ਲਈ ਲਿਖਤੀ ਪੇਪਰ ਦੀ ਮੁਫਤ ਕੋਚਿੰਗ ਸ਼ੁਰੂ : ਡਿਪਟੀ ਕਮਿਸ਼ਨਰ

**ਤਰਨ ਤਾਰਨ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ, ਆਈ. ਏ. ਐਸ, ਦੇ ਦਿਸ਼ਾ ਨਿਰਦੇਸ਼ ਅਨੁਸਾਰ ਜਿਲ੍ਹੇ ਦੇ ਨੌਜ਼ਵਾਨਾਂ ਨੂੰ ਕਿਹਾ ਗਿਆ ਕਿ ਜਿਨ੍ਹਾ ਪ੍ਰਾਰਥੀਆਂ ਨੇ ਆਰਮੀ ਭਰਤੀ ਰੈਲੀ - 2025 ਲਈ ਆਪਣੀ ਰਜਿਸਟ੍ਰੇਸ਼ਨ ਕਰਵਾਈ ਹੈ, ਉਹਨਾ ਦਾ ਲਿਖਤੀ ਪੇਪਰ ਮਹੀਨਾ ਜੂਨ-2025 ਵਿੱਚ ਹੋਣ ਦੀ ਉਮੀਦ ਹੈ। ਜਿਲ੍ਹਾ ਤਰਨ ਤਾਰਨ ਦੇ ਜੋ ਪ੍ਰਾਰਥੀ ਇਸ ਭਰਤੀ ਦੇ ਲਿਖਤੀ ਟੈਸਟ ਦੀ ਮੁਫਤ ਕੋਚਿਗ ਦੇ ਚਾਹਵਾਨ ਹਨ, ਉਹ ਆਪਣਾ ਨਾਮ ਇਸ ਲਿੰਕ https:// tinyurl.com/armyB@BE ਤੇ ਦਰਜ ਕਰਵਾ ਸਕਦੇ ਹਨ । ਜਿਲ੍ਹਾ ਪ੍ਰਸ਼ਾਸਨ, ਜਿਲ੍ਹਾ ਰੋਜਗਾਰ ਬਿਉਰੋ ਅਤੇ ਜਿਲ੍ਹਾ ਸਿੱਖਿਆ ਦਫਤਰ ਦੇ ਸਹਿਯੋਗ ਨਾਲ ਆਰਮੀ ਦੀ ਭਰਤੀ ਲਈ ਲਿਖਤੀ ਪੇਪਰ ਦੀ ਤਿਆਰੀ ਮੁਫਤ ਕਰਵਾਈ ਜਾ ਰਹੀ ਹੈ।

## ਵਧ ਰਹੇ ਤਾਪਮਾਨ ਨੂੰ ਲੈ ਕੇ ਸਿਹਤ ਵਿਭਾਗ ਵੱਲੋਂ ਜਨਤਾ ਲਈ ਜਾਰੀ ਕੀਤਾ ਗਿਆ ਜਾਗਰੂਕਤਾ ਸੁਨੇਹਾ



**ਮਲੇਰਕੋਟਲਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ’ਚ ਪਿਛਲੇ ਕੁਝ ਦਿਨਾਂ ਤੋਂ ਵੱਧ ਰਹੇ ਤਾਪਮਾਨ ਨੇ ਸਿਹਤ ਨਾਲ ਸਬੰਧਤ ਚਿੰਤਾਵਾਂ ਨੂੰ ਵਧਾ ਦਿੱਤਿਆ ਹਨ। ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਗਰਮੀ ਤੋਂ ਬਚਾਅ ਲਈ ਜ਼ਿਲ੍ਹਾ ਪੱਧਰੀ ਐਡਵਾਇਜਰੀ ਜਾਰੀ ਕੀਤੀ ਗਈ ਹੈ।

ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਲੋਕਾਂ ਨੂੰ ਸੁਨੇਹਾ ਦਿੰਦਿਆਂ ਆਗਾਹ ਕੀਤਾ ਕਿ ਵੱਧ ਰਿਹਾ ਤਾਪਮਾਨ ਖ਼ਾਸ ਕਰਕੇ ਬਜ਼ੁਰਗਾਂ, ਬੱਚਿਆਂ, ਗਰਭਵਤੀ ਮਹਿਲਾਵਾਂ ਅਤੇ ਨਿਰੰਤਰ ਬਾਹਰਲੇ ਕੰਮਾਂ ’ਚ ਲੱਗੇ ਮਜ਼ਦੂਰਾਂ ਲਈ ਖ਼ਤਰਨਾਕ ਸਾਬਤ ਹੋ ਸਕਦਾ ਹੈ।

ਡਾ. ਗੋਇਲ ਨੇ ਕਿਹਾ, ਲੋਕਾਂ ਨੂੰ ਜ਼ਿਲ੍ਹੇ ਵੱਲੋਂ ਜਾਰੀ ਐਡਵਾਇਜਰੀ ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਚਾਹੀਦੀ ਹੈ, ਤਾਂ ਜੋ ਹੀਟ ਸਟ੍ਰੋਕ, ਲੂ ਅਤੇ ਪਾਣੀ ਦੀ ਕਮੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ । ਪੰਜਾਬ ’ਚ ਪਿਛਲੇ ਕੁਝ ਦਿਨਾਂ ਤੋਂ ਵੱਧ ਰਹੇ ਤਾਪਮਾਨ ਨੇ ਸਿਹਤ ਨਾਲ ਸਬੰਧਤ ਚਿੰਤਾਵਾਂ ਨੂੰ ਵਧਾ ਦਿੱਤਿਆ ਹਨ। ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਗਰਮੀ ਤੋਂ ਬਚਾਅ ਲਈ ਜ਼ਿਲ੍ਹਾ ਪੱਧਰੀ ਐਡਵਾਇਜਰੀ ਜਾਰੀ ਕੀਤੀ ਗਈ ਹੈ। ਸਿਵਲ ਸਰਜਨ ਡਾ. ਸੰਜੇ ਗੋਇਲ ਨੇ ਲੋਕਾਂ ਨੂੰ ਸੁਨੇਹਾ ਦਿੰਦਿਆਂ ਆਗਾਹ ਕੀਤਾ ਕਿ ਵੱਧ ਰਿਹਾ ਤਾਪਮਾਨ ਖ਼ਾਸ ਕਰਕੇ ਬਜ਼ੁਰਗਾਂ, ਬੱਚਿਆਂ, ਗਰਭਵਤੀ ਮਹਿਲਾਵਾਂ ਅਤੇ ਨਿਰੰਤਰ ਬਾਹਰਲੇ ਕੰਮਾਂ ’ਚ ਲੱਗੇ ਮਜ਼ਦੂਰਾਂ ਲਈ ਖ਼ਤਰਨਾਕ ਸਾਬਤ ਹੋ ਸਕਦਾ ਹੈ।

ਡਾ. ਗੋਇਲ ਨੇ ਕਿਹਾ, ਲੋਕਾਂ ਨੂੰ ਜ਼ਿਲ੍ਹੇ ਵੱਲੋਂ ਜਾਰੀ ਐਡਵਾਇਜਰੀ ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਚਾਹੀਦੀ ਹੈ, ਤਾਂ ਜੋ ਹੀਟ ਸਟ੍ਰੋਕ, ਲੂ ਅਤੇ ਪਾਣੀ ਦੀ ਕਮੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ । ਉਨ੍ਹਾਂ ਅੱਗੇ ਹੋਰ ਕਿਹਾ ਕਿ ਸਾਨੂੰ ਬਿਨਾਂ ਜ਼ਰੂਰਤ ਘਰੋਂ ਬਾਹਰ ਨਿਕਲਣ ਤੋਂ ਗੁਰੇਜ਼ ਕਰੋ, ਖ਼ਾਸ ਕਰਕੇ ਦੁਪਹਿਰ 11 ਵਜੇ ਤੋਂ ਸ਼ਾਮ 4 ਵਜੇ ਤੱਕ,ਢਿੱਲੇ ਅਤੇ ਹਲਕੇ ਰੰਗਾਂ ਵਾਲੇ ਕਪੜੇ ਪਹਿਨੋ ਨੂੰ ਤਰਜੀਹ ਦੇਣ ਲਈ ਆਖਿਆ। ਉਨ੍ਹਾਂ ਸਲਾਹ ਦਿੱਤੀ ਕਿ ਧੁੱਪ ਵਿੱਚ ਨਿਕਲਦਿਆਂ ਸਿਰ ਢੱਕ ਕੇ ਰੱਖਿਆ ਜਾਵੇ। ਠੰਡਾ ਪਾਣੀ, ਨਿੰਬੂ ਪਾਣੀ, ਛਾਛ ਅਤੇ ਹੋਰ ਘਰੇਲੂ ਪਦਾਰਥਾਂ ਦੀ ਵਰਤੋਂ ਵੱਧ ਤੋਂ ਵਧ ਕਰਨ ਲਈ ਵੀ ਕਿਹਾ । ਜ਼ਿਆਦਾ ਮਸਾਲੇਦਾਰ, ਤੇਲ ਵਾਲੇ ਜਾਂ ਬਾਹਰਲੇ ਭੋਜਨ ਤੋਂ ਬਚਣ ਦੀ ਵੀ ਸਲਾਹ ਦਿੱਤੀ। ਉਨ੍ਹਾਂ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਦਿਨ ਵਿਚ ਕਈ ਵਾਰ ਪਾਣੀ ਪੀਓ, ਭਾਵੇਂ ਤਿਸ਼ਨਾ ਨਾ ਹੋਵੇ। ਜੇਕਰ ਚੱਕਰ ਆਉਣ, ਥਕਾਵਟ, ਸਿਰ ਦਰਦ ਜਾਂ ਬੇਹੋਸ਼ੀ ਜਿਹੀ ਲੱਛਣ ਪੈਦਾ ਹੋਣ, ਤਾਂ ਤੁਰੰਤ ਡਾਕਟਰੀ ਸਲਾਹ ਲਵੋ। ਡਾ. ਗੋਇਲ ਨੇ ਅਗੇ ਕਿਹਾ ਕਿ ਜ਼ਿਲ੍ਹਾ ਹਸਪਤਾਲ, ਸਿਵਲ ਹਸਪਤਾਲਾਂ ਅਤੇ ਸਿਹਤ ਕੇਂਦਰਾਂ ’ਚ ਐਮਰਜੈਂਸੀ ਦੀ ਪੂਰੀ ਤਿਆਰੀ ਕੀਤੀ ਗਈ ਹੈ। ਹਰੇਕ ਸਿਹਤ ਕੇਂਦਰ ਨੂੰ ਹੀਟ ਸਟ੍ਰੋਕ ਤੇ ਓਵਰਹੀਟਿੰਗ ਦੇ ਮਰੀਜ਼ਾਂ ਲਈ ਖ਼ਾਸ ਹਦਾਇਤਾਂ ਦਿੱਤੀਆਂ ਗਈਆਂ ਹਨ। ਸਿਹਤ ਵਿਭਾਗ ਨੇ ਪੰਚਾਇਤਾਂ, ਸਕੂਲਾਂ, ਆਗਨਵਾੜੀ ਕੇਂਦਰਾਂ ਅਤੇ ਸਥਾਨਕ ਸਰਕਾਰੀ ਅਧਿਕਾਰੀਆਂ ਰਾਹੀਂ ਲੋਕਾਂ ਤੱਕ ਐਡਵਾਇਜਰੀ ਪਹੁੰਚਾਉਣ ਦੀ ਪ੍ਰਕਿਰਿਆ ਵੀ ਤੇਜ਼ ਕਰ ਦਿੱਤੀ ਹੈ, ਤਾਂ ਜੋ ਹਰੇਕ ਨਾਗਰਿਕ ਤੱਕ ਇਹ ਜਰੂਰੀ ਜਾਣਕਾਰੀ ਪਹੁੰਚੇ।

ਉਨ੍ਹਾਂ ਅਪੀਲ ਕੀਤੀ ਗਈ ਹੈ ਕਿ ਆਪਣੇ ਆਸ-ਪਾਸ ਦੇ ਬਜ਼ੁਰਗਾਂ ਅਤੇ ਬੱਚਿਆਂ ਦੀ ਵਧੀਕ ਦੇਖਭਾਲ ਕੀਤੀ ਜਾਵੇ ਅਤੇ ਜੇਕਰ ਕੋਈ ਅਚਾਨਕ ਤਬੀਅਤ ਬਿਗੜਣ ਦੀ ਸ਼ਿਕਾਇਤ ਕਰੇ, ਤਾਂ ਨਜ਼ਦੀਕੀ ਹਸਪਤਾਲ ਜਾਂ ਐਂਬੂਲੈਂਸ (108) ਨਾਲ ਤੁਰੰਤ ਸੰਪਰਕ ਕੀਤਾ ਜਾਵੇ।ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸਜੀਲਾ ਖਾਨ,ਜਿਲ੍ਹਾ ਐਪੀਡੀਮਾਲੋਜਿਸਟ ਡਾ. ਰਮਨਦੀਪ ਕੌਰ, ਡਾ. ਮੁਨੀਰ ਮੁਹੰਮਦ, ਮਾਸ ਮੀਡੀਆ ਵਿੰਗ ਤੋਂ ਰਣਵੀਰ ਸਿੰਘ ਢੰਡੇ, ਐਨ. ਵੀ. ਬੀ. ਡੀ. ਸੀ. ਪੀ ਮੀਡੀਆ ਇੰਚਾਰਜ ਰਾਜੇਸ਼ ਰਿਖੀ ਅਤੇ ਮੁਹੰਮਦ ਰਾਸ਼ਿਦ ਵੀ ਹਾਜ਼ਰ ਸਨ ।

# ਸਾਡੀਆਂ ਭੈਣਾਂ ਦਾ ਸਿੰਧੂਰ ਮਿਟਾਉਣ ਵਾਲਿਆਂ ਦਾ ਅੰਤ ਨੇੜੇ: ਪ੍ਰਧਾਨ ਮੰਤਰੀ

## ਭਾਰਤ ਪ੍ਰਤੀ ਨਫ਼ਰਤ ਨਾਲ ਭਰੇ ਪਾਕਿਸਤਾਨ ਨੂੰ ਭੰਡਿਆ

**ਦਾਹੋਦ(ਗੁਜਰਾਤ), 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪਾਕਿਸਤਾਨ ਦਾ ਇੱਕੋ ਇੱਕ ਨਿਸ਼ਾਨਾ ਭਾਰਤ ਨਾਲ ਨਫ਼ਰਤ ਕਰਨਾ ਤੇ ਉਸ ਨੂੰ ਨੁਕਸਾਨ ਪਹੁੰਚਾਉਣ ਦੇ ਢੰਗ ਤਰੀਕੇ ਬਾਰੇ ਸੋਚਣਾ ਹੈ ਜਦੋਂਕਿ ਸਾਡੇ ਮੁਲਕ ਨੇ ਗਰੀਬੀ ਖ਼ਤਮ ਕਰਨ ਤੇ ਆਰਥਿਕ ਤਰੱਕੀ ਲਿਆਉਣ ਜਿਹੇ ਟੀਚੇ ਮਿੱਥੇ ਹੋਏ ਹਨ। ਗੁਜਰਾਤ ਦੇ ਦਾਹੋਦ ਵਿਚ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ Operation Sindoor ਦੀ ਤਾਰੀਫ਼ ਕੀਤੀ। ਉਨ੍ਹਾਂ ਕਿਹਾ ਕਿ 'ਜਿਹੜੇ ਸਾਡੀਆਂ ਭੈਣਾਂ ਦਾ ਸਿੰਧੂਰ ਮਿਟਾਉਣ ਦੀ ਹਿੰਮਤ ਕਰਦੇ ਹਨ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਅੰਤ ਨੇੜੇ ਹੈ।'

ਪ੍ਰਧਾਨ ਮੰਤਰੀ ਨੇ ਪਾਕਿਸਤਾਨ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ, "ਜਿਹੜਾ ਮੁਲਕ ਦੇਸ਼ ਵੰਡ ਮਗਰੋਂ ਹੋਂਦ ਵਿਚ ਆਇਆ ਸੀ, ਭਾਰਤ ਪ੍ਰਤੀ ਨਫ਼ਰਤ, ਗੋਲੀਬਾਰੀ ਨਾਲ ਭਰਿਆ ਅਤੇ ਇਸ ਨੂੰ ਲੈ ਕੇ ਜਿਊਂਦਾ ਹੈ। ਇਹ ਸਿਰਫ਼ ਭਾਰਤ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ। ਜਦੋਂਕਿ ਭਾਰਤ ਦਾ ਟੀਚਾ ਗਰੀਬੀ ਹਟਾਉਣਾ, ਆਰਥਿਕ ਵਿਕਾਸ ਲਿਆਉਣਾ ਤੇ ਵਿਕਸਤ ਮੁਲਕ ਬਣਨਾ ਹੈ। ਸਾਡੀ ਸਰਕਾਰ ਦੀ ਨੀਤੀ ਵਿਕਾਸ ਨੂੰ ਉਨ੍ਹਾਂ ਖੇਤਰਾਂ ਤੱਕ ਲਿਜਾਣ ਦੀ ਹੈ ਜੋ ਪੱਛੜੇ ਰਹਿ ਗਏ ਹਨ।" ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹੋਲੀ, ਦੀਵਾਲੀ ਤੇ ਗਣੇਸ਼ ਪੂਜਾ ਜਿਹੇ ਤਿਉਹਾਰਾਂ ਮੌਕੇ ਭਾਰਤ ਵਿਚ ਬਣੇ ਉਤਪਾਦ ਹੀ ਖਰੀਦਣ ਤੇ ਵਰਤਣ। ਪ੍ਰਧਾਨ ਮੰਤਰੀ ਨੇ ਕਿਹਾ 'ਸਾਨੂੰ ਆਪਣੇ ਦੇਸ਼ ਦੀ ਤਰੱਕੀ ਲਈ ਜੋ ਵੀ ਚਾਹੀਦਾ ਹੈ, ਉਹ ਭਾਰਤ ਵਿੱਚ ਹੀ ਹੋਣਾ ਚਾਹੀਦਾ ਹੈ।" ਸ੍ਰੀ ਮੋਦੀ ਇਥੇ 24,000 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ, ਜਿਸ ਵਿੱਚ ਇੱਕ ਲੋਕੋਮੋਟਿਵ ਨਿਰਮਾਣ ਪਲਾਂਟ ਵੀ ਸ਼ਾਮਲ ਹੈ, ਦੀ ਸ਼ੁਰੂਆਤ ਕਰਨ ਤੋਂ ਬਾਅਦ ਰੈਲੀ ਵਿੱਚ ਬੋਲ ਰਹੇ ਸਨ। ਉਨ੍ਹਾਂ ਨੇ ਅਹਿਮਦਾਬਾਦ-ਵੇਰਾਵਲ ਵੰਦੇ ਭਾਰਤ ਸੇਵਾ ਅਤੇ ਵਲਸਾਡ-ਦਾਹੋਦ ਐਕਸਪ੍ਰੈਸ ਟ੍ਰੇਨ ਨੂੰ ਹਰੀ ਝੰਡੀ ਦਿਖਾਈ ਅਤੇ ਇਕੱਠ ਨੂੰ ਦੱਸਿਆ ਕਿ ਅਤਿ-ਆਧੁਨਿਕ ਵੰਦੇ ਭਾਰਤ ਟਰੇਨਾਂ ਹੁਣ ਦੇਸ਼ ਭਰ ਦੇ 70 ਰੂਟਾਂ 'ਤੇ ਚੱਲ ਰਹੀਆਂ ਹਨ।

# ਪੰਜਾਬ ਦੀ ਇਤਿਹਾਸਕ ਪਹਿਲਕਦਮੀ, ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਵੱਲੋਂ ਲੋਕਾਂ ਦੀ ਖੱਜਲ-ਖੁਆਰੀ ਖਤਮ ਕਰਨ ਲਈ ਦੇਸ਼ ਦੀ ਪਹਿਲੀ ਜਾਇਦਾਦ ਰਜਿਸਟ੍ਰੇਸ਼ਨ ਪ੍ਰਣਾਲੀ ਦੀ ਸ਼ੁਰੂਆਤ

## ਲੰਬੀਆਂ ਕਤਾਰਾਂ ਅਤੇ ਵਿਚੋਲਿਆਂ ਦਾ ਦੌਰ ਖਤਮ ਹੋਇਆ, ਨਾਗਰਿਕਾਂ ਨੂੰ ਵਟਸਐਪ ਰਾਹੀਂ ਸਹੀ ਸਮੇਂ 'ਤੇ ਮਿਲੇਗੀ ਰਜਿਸਟਰੀ ਨਾਲ ਜੁੜੀ ਹਰੇਕ ਜਾਣਕਾਰੀ:ਭਗਵੰਤ ਸਿੰਘ ਮਾਨ

**ਮੁਹਾਲੀ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਲੋਕਾਂ ਨੂੰ ਨਾਗਰਿਕ ਕੇਂਦਰਿਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਅੱਜ 'ਈਜ਼ੀ ਰਜਿਸਟਰੀ' ਪ੍ਰਣਾਲੀ (ਜ਼ਮੀਨ-ਜਾਇਦਾਦ ਦੀ ਰਜਿਸਟਰੀ ਲਈ ਸੌਖਾ ਢੰਗ ਨਾਲ ਕਰਨ) ਦੀ ਸ਼ੁਰੂਆਤ ਕਰ ਦਿੱਤੀ ਹੈ ਜਿਸ ਨੂੰ ਪੰਜਾਬ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸਮਰਪਿਤ ਕੀਤਾ।

ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ, ਪੰਜਾਬ ਦੇ ਇਤਿਹਾਸ ਵਿੱਚ ਇਹ ਇਨਕਲਾਬੀ ਕਦਮ ਹੈ। ਲੋਕਾਂ ਨੂੰ ਹੁਣ ਦਫ਼ਤਰਾਂ ਵਿੱਚ ਖੱਜਲ-ਖੁਆਰ ਨਹੀਂ ਹੋਣਾ ਪਵੇਗਾ ਅਤੇ ਨਾ ਹੀ ਏਜੰਟਾਂ ਜਾਂ ਵਿਚੋਲਿਆਂ ਨਾਲ ਵਾਹ ਪਵੇਗਾ ਕਿਉਂਕਿ ਹੁਣ ਸ਼ੁਰੂ ਤੋਂ ਲੈ ਕੇ ਅੰਤ ਤੱਕ ਹਰ ਜਾਣਕਾਰੀ ਮੋਬਾਈਲ 'ਤੇ ਮਿਲਿਆ ਕਰੇਗੀ ਅਤੇ ਇਹ ਪ੍ਰਣਾਲੀ ਤੇਜ਼ ਅਤੇ ਪਾਰਦਰਸ਼ੀ ਹੋਵੇਗੀ।



ਇਸ ਪ੍ਰਾਜੈਕਟ ਦੀ ਸ਼ੁਰੂਆਤ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਅਤੇ ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਲੋਕਾਂ ਨੂੰ ਜ਼ਮੀਨ-ਜਾਇਦਾਦ ਦੀ ਰਜਿਸਟਰੀ ਲਈ ਹੁਣ ਸਥਾਨਕ ਸਬ-ਰਜਿਸਟਰਾਰ ਦਫਤਰ ਵਿੱਚ ਜਾਣ ਦੀ ਲੋੜ ਨਹੀਂ ਸਗੋਂ ਜਿੱਥੇ ਚਾਹੁਣ, ਜ਼ਿਲ੍ਹੇ ਦੇ ਕਿਸੇ ਵੀ ਸਬ-ਰਜਿਸਟਰਾਰ ਦਫ਼ਤਰ ਵਿੱਚ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਦਸਤਾਵੇਜ਼ ਤਿਆਰ ਕਰਨ ਲਈ ਹੈਲਪਲਾਈਨ ਨੰਬਰ 1076 ਰਾਹੀਂ ਸੇਵਾ ਸਹਾਇਕਾਂ ਨੂੰ ਘਰ ਵੀ ਬੁਲਾਇਆ ਜਾ ਸਕਦਾ ਹੈ। ਇਸ ਨਾਲ ਪੇਂਡੂ ਪਰਿਵਾਰਾਂ, ਸੀਨੀਅਰ ਨਾਗਰਿਕਾਂ, ਕੰਮਕਾਜ ਵਾਲੇ ਪੇਸ਼ੇਵਰਾਂ ਅਤੇ ਬਾਹਰ ਨਾ ਜਾ ਸਕਣ ਵਾਲਿਆਂ ਨੂੰ ਵੱਡੀ ਸਹੂਲਤ ਮਿਲੇਗੀ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਨਵੀਂ ਪ੍ਰਣਾਲੀ ਤਹਿਤ ਲੋਕਾਂ ਨੂੰ ਰਜਿਸਟਰੀ ਲਈ ਦਸਤਾਵੇਜ਼ ਜਮ੍ਹਾਂ ਕਰਵਾਉਣ, ਪ੍ਰਵਾਨਗੀ, ਅਦਾਇਗੀ ਅਤੇ ਦਫਤਰ ਆਉਣ ਦਾ ਸਮਾਂ ਲੈਣ ਜਿਹੀ ਸਾਰੀ ਜਾਣਕਾਰੀ ਵਟਸਐਪ ਰਾਹੀਂ ਮਿਲਿਆ ਕਰੇਗੀ ਤਾਂ ਕਿ ਉਹ ਪਲ-ਪਲ ਦੀ ਸੂਚਨਾ ਬਾਰੇ ਜਾਣੂੰ ਹੋ ਸਕਣ। ਪੰਜਾਬ ਦੇ ਮੁੱਖ ਮੰਤਰੀ ਅਤੇ ਆਪ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਹੁਣ ਬੇਯਕੀਨੀ ਦਾ ਦੌਰ ਖ਼ਤਮ ਹੋ ਗਿਆ ਹੈ ਜਿਸ ਨਾਲ ਸਿਸਟਮ ਵਿੱਚ ਲੋਕਾਂ ਦਾ ਭਰੋਸਾ ਹੋਰ ਵਧੇਗਾ। ਉਨ੍ਹਾਂ ਕਿਹਾ ਕਿ ਆਨਲਾਈਨ ਦਸਤਾਵੇਜ਼ ਜਮ੍ਹਾਂ ਕਰਵਾਉਣ, ਡਿਜੀਟਲ ਵਿਧੀ ਨਾਲ ਅਗਾਊਂ ਪੜਤਾਲ ਕਰਨ ਅਤੇ ਰਜਿਸਟਰੀ ਲਈ ਸਬ-ਰਜਿਸਟਰਾਰ ਦਫ਼ਤਰ ਜਾਣ ਲਈ ਖੁਦ ਹੀ ਸਮੇਂ ਦੀ ਚੋਣ ਕਰਨ ਵਰਗੀਆਂ ਸਹੂਲਤਾਂ ਹੋਣਗੀਆਂ ਅਤੇ ਕਿਸੇ ਵੀ ਨਾਗਰਿਕ ਨੂੰ ਹੁਣ ਲੰਮੀਆਂ ਲਾਈਨਾਂ ਵਿੱਚ ਲੱਗਣ ਅਤੇ ਦਫ਼ਤਰਾਂ ਦੇ ਵਾਰ-ਵਾਰ ਗੇੜੇ ਮਾਰਨ ਦੀ ਲੋੜ ਨਹੀਂ ਹੈ। ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 48 ਘੰਟਿਆਂ ਦੇ ਅੰਦਰ ਅਗਾਊਂ ਪੜਤਾਲ ਕਰਨੀ ਹੋਵੇਗੀ ਅਤੇ ਰਜਿਸਟਰੀ ਕਰਵਾਉਣ ਲਈ ਉਡੀਕ ਨਹੀਂ ਕਰਨੀ ਪੇਵਗੀ ਸਗੋਂ ਰਜਿਸਟਰੀ ਪਹਿਲਾਂ ਤੋਂ ਨਿਰਧਾਰਤ ਸਮੇਂ 'ਤੇ ਹੋਵੇਗੀ ਜਿਸ ਨਾਲ ਲੋਕਾਂ ਦਾ ਸਮਾਂ ਬਚੇਗਾ।

ਮੁੱਖ ਮੰਤਰੀ ਤੇ ਕੌਮੀ ਕਨਵੀਨਰ ਨੇ ਕਿਹਾ ਕਿ ਇਸ ਵਿਵਸਥਾ ਨਾਲ ਏਜੰਟ ਕਲਚਰ ਦਾ ਖਾਤਮਾ ਹੋ ਗਿਆ ਹੈ ਕਿਉਂਕਿ ਹੁਣ ਨਗਦੀ ਦੀ ਬਜਾਏ ਆਨਲਾਈਨ ਫੀਸ ਦਾ ਭੁਗਤਾਨ ਹੋਵੇਗਾ ਅਤੇ ਰਿਸ਼ਵਤ ਮੰਗਣ ਬਾਰੇ ਸ਼ਿਕਾਇਤ ਦੇਣ ਲਈ ਵਟਸਐਪ ਨੰਬਰ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੇਲ ਡੀਡ ਦਾ ਖਰੜਾ ਖੁਦ ਤਿਆਰ ਕਰਨ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਸੇਵਾ ਸਹਾਇਕਾਂ ਰਾਹੀਂ ਘਰ ਬੈਠਿਆਂ ਰਜਿਸਟਰੀ ਦੇ ਦਸਤਾਵੇਜ਼ ਤਿਆਰ ਕਰਨ ਲਈ ਸੇਵਾਵਾਂ ਹਾਸਲ ਹੋਣਗੀਆਂ ਜਿਸ ਨਾਲ ਲੋਕਾਂ ਨੂੰ ਸੇਲ ਡੀਡ ਤਿਆਰ ਕਰਨ ਲਈ ਪ੍ਰਾਈਵੇਟ ਲੋਕਾਂ ਅਤੇ ਵਿਚੋਲਿਆਂ ਰਾਹੀਂ ਵਸੂਲੀਆਂ ਜਾਂਦੀਆਂ ਮੋਟੀਆਂ ਫੀਸਾਂ ਤੋਂ ਨਿਜਾਤ ਮਿਲੇਗੀ। ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਨਾਗਰਿਕ ÷ਡਰਾਫਟ ਮਾਈ ਡੀਡ÷ ਟੂਲ ਦੀ ਵਰਤੋਂ ਕਰਕੇ ਆਪਣਾ ਦਸਤਾਵੇਜ਼ ਖੁਦ ਤਿਆਰ ਕਰ ਸਕਦੇ ਹਨ ਜਾਂ ਸੇਵਾ ਕੇਂਦਰਾਂ ਜਾਂ ਸੇਵਾ ਸਹਾਇਕਾਂ ਰਾਹੀਂ ਨਿਰਧਾਰਤ ਅਤੇ ਘੱਟ ਫੀਸ ਨਾਲ ਸਹਾਇਤਾ ਲੈ ਸਕਦੇ ਹਨ।

ਮੁੱਖ ਮੰਤਰੀ ਅਤੇ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਹ ਕਦਮ ਸਵੈ-ਨਿਰਭਰਤਾ ਵਧਾਉਂਦਾ ਹੈ ਤੇ ਪ੍ਰਾਈਵੇਟ ਲੋਕਾਂ 'ਤੇ ਨਿਰਭਰਤਾ ਘਟਾਉਂਦਾ ਹੈ ਅਤੇ ਲੋਕਾਂ ਨੂੰ ਸਰਕਾਰੀ ਸਿਸਟਮ ਵਿੱਚ ਹੋਰ ਤਾਕਤਵਰ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਰਜਿਸਟਰੀ ਦੀ ਫੀਸ ਦੇ ਭੁਗਤਾਨ ਲਈ ਬੈਂਕਾਂ ਵੱਲ ਨਹੀਂ ਭੱਜਣਾ ਪਵੇਗਾ। ਉਨ੍ਹਾਂ ਕਿਹਾ ਕਿ ਆਨਲਾਈਨ ਭੁਗਤਾਨ ਲਈ ਵਿਸ਼ੇਸ਼ ਗੇਟਵੇ ਨਾਗਰਿਕਾਂ ਨੂੰ ਡਿਜੀਟਲ ਲੈਣ-ਦੇਣ ਵਿੱਚ ਸਾਰੀਆਂ ਫੀਸਾਂ (ਜਿਵੇਂ ਸਟੈਂਪ ਡਿਊਟੀ, ਰਜਿਸਟ੍ਰੇਸ਼ਨ ਫੀਸ) ਦਾ ਭੁਗਤਾਨ ਕਰਨ ਦੀ ਆਗਿਆ ਦਿੰਦਾ ਹੈ ਜਿਸ ਨਾਲ ਬੈਂਕਾਂ ਵਿੱਚ ਆ ਕੇ ਡਿਮਾਂਡ ਡਰਾਫਟ ਤਿਆਰ ਕਰਨ ਦੀ ਲੋੜ ਨਹੀਂ ਰਹੀ ਅਤੇ ਨਗਦੀ ਕੋਲ ਹੋਣ ਕਰਕੇ ਸੁਰੱਖਿਆ ਦੀ ਚਿੰਤਾ ਵੀ ਨਹੀਂ ਰਹੇਗੀ।

# ਦਿੱਲੀ ਵਿੱਚ ਕਰੋਨਾ ਦੇ 104 ਐਕਟਿਵ ਮਾਮਲੇ

**ਨਵੀਂ ਦਿੱਲੀ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਵਿਭਾਗ ਵੱਲੋਂ ਜਾਰੀ ਅਧਿਕਾਰਤ ਅੰਕੜਿਆਂ ਅਨੁਸਾਰ ਦਿੱਲੀ ਵਿੱਚ ਕੁੱਲ 104 ਐਕਟਿਵ ਕੋਵਿਡ-19 ਮਾਮਲੇ ਸਾਹਮਣੇ ਆਏ ਹਨ। ਹਾਲਾਂਕਿ, ਸਿਹਤ ਅਧਿਕਾਰੀਆਂ ਨੇ ਕਿਹਾ ਕਿ ਪਿਛਲੇ ਹਫ਼ਤੇ 24 ਮਰੀਜ਼ ਠੀਕ ਵੀ ਹੋਏ ਹਨ। ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਦੇ ਕੋਵਿਡ-19 ਡੈਸ਼ਬੋਰਡ ਦੇ ਅਨੁਸਾਰ ਪਿਛਲੇ ਹਫ਼ਤੇ ਸਰਗਰਮ ਮਾਮਲਿਆਂ ਦੀ ਕੁੱਲ ਗਿਣਤੀ 99 ਸੀ। ਦਿੱਲੀ ਸਰਕਾਰ ਦੇ ਇੱਕ ਸੀਨੀਅਰ ਸਿਹਤ ਅਧਿਕਾਰੀ ਨੇ ਅੰਕੜਿਆਂ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸਥਿਤੀ ਕਾਬੂ ਵਿੱਚ ਹੈ ਅਤੇ ਅਧਿਕਾਰੀ ਕਿਸੇ ਵੀ ਸੰਭਾਵੀ ਵਾਧੇ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ।

ਅਧਿਕਾਰੀਆਂ ਨੇ ਕਿਹਾ ਕਿ ਦਿੱਲੀ ਵਿੱਚ ਹਾਲ ਹੀ ਦੇ ਹਫ਼ਤਿਆਂ ਵਿੱਚ ਕੋਵਿਡ ਨਾਲ ਸਬੰਧਤ ਕਿਸੇ ਵੀ ਮੌਤ ਦੀ ਰਿਪੋਰਟ ਨਹੀਂ ਆਈ ਹੈ। ਦਿੱਲੀ ਸਰਕਾਰ ਨੇ ਪਿਛਲੇ ਸ਼ੁੱਕਰਵਾਰ ਨੂੰ ਇੱਕ ਸਲਾਹਕਾਰੀ ਜਾਰੀ ਕੀਤੀ ਸੀ ਜਿਸ ਵਿੱਚ ਹਸਪਤਾਲਾਂ ਨੂੰ ਤਿਆਰੀਆਂ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ ਗਏ ਸਨ। ਸਰਕਾਰ ਵੱਲੋਂ ਜਾਰੀ ਹੁਕਮਾਂ ਵਿੱਚ ਬਿਸਤਰੇ, ਆਕਸੀਜਨ, ਜ਼ਰੂਰੀ ਦਵਾਈਆਂ ਅਤੇ ਵੈਂਟੀਲੇਟਰਾਂ ਅਤੇ BiPAP ਮਸ਼ੀਨਾਂ ਵਰਗੇ ਕਾਰਜਸ਼ੀਲ ਉਪਕਰਣ ਸ਼ਾਮਲ ਹਨ।

# ਮੋਦੀ ਸਰਕਾਰ ਦੇ 11 ਸਾਲ ਪੂਰੇ ਹੋਣ ਨੂੰ ਕਾਂਗਰਸ ਨੇ 'ਅਣਐਲਾਨੀ ਐਮਰਜੈਂਸੀ 011' ਦਾ ਨਾਂ ਦਿੱਤਾ

**ਨਵੀਂ ਦਿੱਲੀ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮੋਦੀ ਸਰਕਾਰ ਦੇ 11 ਸਾਲ ਪੂਰੇ ਹੋਣ ਦੇ ਨਾਲ ਕਾਂਗਰਸ ਨੇ ਸੋਮਵਾਰ ਨੂੰ ਦੋਸ਼ ਲਗਾਇਆ ਕਿ 'ਅਣਐਲਾਨੀ ਐਮਰਜੈਂਸੀ' 11 ਸਾਲ ਦੀ ਹੋ ਗਈ ਹੈ ਅਤੇ 'ਅੱਛੇ ਦਿਨਾਂ' ਦਾ ਵਾਅਦਾ ਹਕੀਕਤ ਵਿੱਚ ਇੱਕ ਭੈੜਾ ਸੁਪਨਾ ਸਾਬਤ ਹੋਇਆ ਹੈ। ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਦਾਅਵਾ ਕੀਤਾ ਕਿ ਪਿਛਲੇ 11 ਸਾਲਾਂ ਵਿੱਚ 140 ਕਰੋੜ ਲੋਕਾਂ ਦਾ ਹਰ ਵਰਗ ਪ੍ਰੇਸ਼ਾਨ ਰਿਹਾ ਹੈ। ਉਨ੍ਹਾਂ ਐਕਸ 'ਤੇ ਸਾਂਝੀ ਇਕ ਪੋਸਟ ਵਿਚ ਕਿਹਾ, "27 ਮਈ 2014 ਤੋਂ 11 ਸਾਲਾਂ ਵਿੱਚ ਵੱਡੇ ਵਾਅਦਿਆਂ ਨੂੰ ਸਿਰਫ਼ ਦਾਅਵਿਆਂ ਵਿੱਚ ਬਦਲ ਕੇ ਮੋਦੀ ਸਰਕਾਰ ਨੇ ਦੇਸ਼ ਨੂੰ ਇਸ ਤਰ੍ਹਾਂ ਬਰਬਾਦ ਕਰ ਦਿੱਤਾ ਹੈ ਕਿ ਅੱਛੇ ਦਿਨਾਂ ਦਾ ਵਾਅਦਾ ਹੁਣ ਇੱਕ ਭੈੜਾ ਸੁਪਨਾ ਸਾਬਤ ਹੋ ਗਿਆ ਹੈ।" ਉਨ੍ਹਾਂ ਆਪਣੀ ਪੋਸਟ ਵਿਚ ਨੌਜਵਾਨਾਂ ਲਈ ਨੌਕਰੀਆਂ, ਕਿਸਾਨਾਂ ਦੀ ਆਮਦਨੀ, ਔਰਤਾਂ ਅਤੇ ਕਮਜ਼ੋਰ ਵਰਗ ਦਾ ਮੁੱਦਾ ਚੁੱਕਿਆ। ਆਰਥਿਕਤਾ ਬਾਰੇ ਖੜਗੇ ਨੇ ਦਾਅਵਾ ਕੀਤਾ ਕਿ ਮਹਿੰਗਾਈ ਆਪਣੇ ਸਿਖਰ 'ਤੇ ਹੈ ਅਤੇ ਬੇਰੁਜ਼ਗਾਰੀ ਦਾ ਹੜ੍ਹ ਆਇਆ ਹੋਇਆ ਹੈ। ਉਨ੍ਹਾਂ ਅੱਗੇ ਦਾਅਵਾ ਕੀਤਾ ਕਿ ਖਪਤ ਠੱਪ ਹੈ, ਮੇਕ ਇਨ ਇੰਡੀਆ ਫਲੌਪ ਹੋ ਗਿਆ ਹੈ ਅਤੇ ਅਸਮਾਨਤਾ ਵੀ ਆਪਣੇ ਸਿਖਰ 'ਤੇ ਹੈ।

ਇਸ ਤੋਂ ਇਲਾਵਾ ਖੜਗੇ ਦੋਸ਼ ਲਾਇਆ "ਵਿਸ਼ਵਗੁਰੂ' ਬਣਨ ਦਾ ਵਾਅਦਾ ਸੀ, ਹਰ ਦੇਸ਼ ਨਾਲ ਸਬੰਧ ਵਿਗੜ ਗਏ। ਆਰਐਸਐਸ ਹਰ ਥੰਮ੍ਹ 'ਤੇ ਹਮਲਾ ਕਰਦਾ ਹੈ, ਈਡੀ/ਸੀਬੀਆਈ ਦੀ ਦੁਰਵਰਤੋਂ, ਸੰਸਥਾਵਾਂ ਦੀ ਖੁਦਮੁਖਤਿਆਰੀ ਬਰਬਾਦ ਹੋ ਗਈ।"

# ਡੋਨਾਲਡ ਟਰੰਪ ਨੇ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੂਤਿਨ ਨੂੰ ਦੱਸਿਆ 'ਪਾਗਲ'

## ਅਮਰੀਕੀ ਸਦਰ ਨੇ ਚੇਤਾਵਨੀ ਦਿੱਤੀ ਕਿ ਰੂਸ ਆਪਣੇ ਪਤਨ ਵੱਲ ਵੱਧ ਰਿਹੈ

**ਵਾਸ਼ਿੰਗਟਨ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਰੂਸ ਵੱਲੋਂ ਲਗਾਤਾਰ ਤੀਜੀ ਰਾਤ ਕੀਵ ਤੇ ਹੋਰਨਾਂ ਯੂਕਰੇਨੀ ਸ਼ਹਿਰਾਂ 'ਤੇ ਕੀਤੇ ਡਰੋਨ ਤੇ ਮਿਜ਼ਾਈਲ ਹਮਲਿਆਂ ਦੇ ਮੱਦੇਨਜ਼ਰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੂਤਿਨ 'ਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਉਹ 'ਪੂਰੀ ਤਰ੍ਹਾਂ ਪਾਗਲ ਹੋ ਗਿਆ' ਹੈ। ਟਰੰਪ ਨੇ ਐਤਵਾਰ ਰਾਤੀਂ ਸੋਸ਼ਲ ਮੀਡੀਆ 'ਤੇ ਇਕ ਪੋਸਟ ਵਿਚ ਲਿਖਿਆ, "ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਮੇਰੇ ਹਮੇਸ਼ਾ ਬਹੁਤ ਚੰਗੇ ਰਿਸ਼ਤੇ ਰਹੇ ਹਨ, ਪਰ ਉਨ੍ਹਾਂ ਨੂੰ ਕੁਝ ਹੋ ਗਿਆ ਹੈ। ਉਹ ਬਿਲਕੁਲ ਪਾਗਲ ਹੋ ਗਏ ਹਨ।" ਅਮਰੀਕੀ ਸਦਰ ਨੇ ਕਿਹਾ ਕਿ ਪੂਤਿਨ 'ਬਹੁਤ ਸਾਰੇ ਲੋਕਾਂ ਦੀ ਬੇਵਜ੍ਹਾ ਜਾਨ ਲੈ ਰਹੇ ਹਨ।" ਉਨ੍ਹਾਂ ਕਿਹਾ ਕਿ 'ਬਿਨਾਂ ਕਿਸੇ ਕਾਰਨ ਯੂਕਰੇਨੀ ਸ਼ਹਿਰਾਂ 'ਤੇ ਮਿਜ਼ਾਈਲ ਤੇ ਡਰੋਨ ਦਾਗੇ ਜਾ ਰਹੇ ਹਨ।"

ਰੂਸ ਨੇ ਯੂਕਰੇਨ ਦੀ ਰਾਜਧਾਨੀ ਕੀਵ ਤੇ ਦੇਸ਼ ਦੇ ਹੋਰਨਾਂ ਖੇਤਰਾਂ ਵਿਚ ਡਰੋਨ ਤੇ ਮਿਜ਼ਾਈਲ ਨਾਲ ਵੱਡੇ ਪੈਮਾਨੇ 'ਤੇ ਹਮਲਾ ਕੀਤਾ, ਜਿਸ ਵਿਚ ਘੱਟੋ ਘੱਟ 12 ਵਿਅਕਤੀਆਂ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖ਼ਮੀ ਹੋ ਗਏ। ਯੂਕਰੇਨੀ ਅਧਿਕਾਰੀਆਂ ਮੁਤਾਬਕ ਇਹ ਹਮਲਾ ਫਰਵਰੀ 2022 ਵਿਚ ਰੂਸ ਵੱਲੋਂ ਯੂਕਰੇਨ 'ਤੇ ਕੀਤੇ ਹਮਲੇ ਮਗਰੋਂ ਸਭ ਤੋਂ ਵੱਡਾ ਹਵਾਈ ਹਮਲਾ ਹੈ।

ਅਮਰੀਕੀ ਰਾਸ਼ਟਰਪਤੀ ਨੇ ਚੇਤਾਵਨੀ ਦਿੱਤੀ ਕਿ ਜੇਕਰ ਪੂਤਿਨ ਪੂਰੇ ਯੂਕਰੇਨ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ ਤਾਂ ਇਹ 'ਰੂਸ ਨੂੰ ਪਤਨ ਵੱਲ ਲੈ ਜਾਵੇਗਾ!" ਟਰੰਪ ਨੇ ਯੂਕਰੇਨੀ ਸਦਰ ਵਲੋਦੀਮੀਰ ਜ਼ੇਲੈਂਸਕੀ ਨੂੰ ਲੈ ਕੇ ਵੀ ਨਿਰਾਸ਼ਾ ਜ਼ਾਹਿਰ ਕੀਤੀ। ਉਨ੍ਹਾਂ ਕਿਹਾ ਕਿ ਉਹ 'ਜਿਸ ਤਰ੍ਹਾਂ ਨਾਲ ਗੱਲ ਕਰ ਰਿਹਾ ਹੈ, ਉਸ ਨਾਲ ਉਹ ਆਪਣੇ ਮੁਲਕ ਨੂੰ ਕੋਈ ਫਾਇਦਾ ਨਹੀਂ ਪਹੁੰਚਾ ਰਿਹਾ।" ਟਰੰਪ ਨੇ ਸੋਸ਼ਲ ਮੀਡੀਆ 'ਤੇ ਲਿਖਿਆ, "ਉਨ੍ਹਾਂ ਦੇ ਮੂੰਹ 'ਚੋਂ ਨਿਕਲੀ ਹਰ ਗੱਲ ਮੁਸ਼ਕਲਾਂ ਪੈਦਾ ਕਰਦੀ ਹੈ। ਮੈਨੂੰ ਇਹ ਪਸੰਦ ਨਹੀਂ ਹੈ ਤੇ ਚੰਗਾ ਹੋਵੇਗਾ ਜੇਕਰ ਇਸ ਨੂੰ ਰੋਕਿਆ ਜਾਵੇ।"

# ਅਤਿਵਾਦੀ ਅਰਸ਼ ਡੱਲਾ ਦਾ ਕਰੀਬੀ ਨੂੰ ਗੁਜਰਾਤ ਤੋਂ ਗ੍ਰਿਫ਼ਤਾਰ

**ਚੰਡੀਗੜ੍ਹ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਗੈਂਗਸਟਰ ਤੋਂ ਅਤਿਵਾਦੀ ਬਣੇ ਅਰਸ਼ ਡੱਲਾ ਦੇ ਇੱਕ ਕਰੀਬੀ ਸਾਥੀ ਨੂੰ ਗੁਜਰਾਤ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਲਵੀਸ਼ ਕੁਮਾਰ ਨੂੰ ਗੁਜਰਾਤ ਪੁਲੀਸ ਦੇ ਸਹਿਯੋਗ ਨਾਲ ਅਹਿਮਦਾਬਾਦ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਡੀਜੀਪੀ ਨੇ ਐਕਸ ਪੋਸਟ ਵਿਚ ਕਿਹਾ, "ਉਹ ਵਿਦੇਸ਼ੀ ਅਧਾਰਤ ਅਰਸ਼ ਡੱਲਾ ਅਤੇ ਜਿੰਦੀ ਮਹਿੰਦੀਪੁਰੀਆ (ਮਾਰੇ ਗਏ ਅਤਿਵਾਦੀ ਤੇਜਾ ਮਹਿੰਦੀਪੁਰੀਆ ਦਾ ਭਰਾ) ਦਾ ਕਰੀਬੀ ਸਾਥੀ ਹੈ।" ਉਨ੍ਹਾਂ ਕਿਹਾ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਲਵੀਸ਼ ਅਰਸ਼ ਡੱਲਾ ਦੇ ਸਿੱਧੇ ਨਿਰਦੇਸ਼ਾਂ ਹੇਠ ਕੰਮ ਕਰ ਰਿਹਾ ਸੀ, ਜਿਸ ਵਿਚ ਪੀੜਤਾਂ ਨੂੰ ਡਰਾਉਣ ਲਈ ਗੋਲੀਬਾਰੀ ਕਰਨਾ ਵੀ ਸ਼ਾਮਲ ਹੈ।

ਡੀਜੀਪੀ ਨੇ ਕਿਹਾ ਕਿ ਉਸ ਵਿਰੁੱਧ ਕਤਲ, ਗੋਲੀਬਾਰੀ ਨਾਲਾ ਜਬਰੀ ਵਸੂਲੀ ਦੀ ਕੋਸ਼ਿਸ਼ ਅਤੇ ਹੋਰ ਗੰਭੀਰ ਅਪਰਾਧਾਂ ਦੇ ਕਈ ਮਾਮਲੇ ਦਰਜ ਹਨ। ਲਵਿਸ਼ ਨੇ ਇੱਕ ਸ਼ਰਾਬ ਠੇਕੇਦਾਰ ਦੀ ਜਾਸੂਸੀ ਕੀਤੀ ਸੀ ਅਤੇ 50 ਲੱਖ ਰੁਪਏ ਦੀ ਫਿਰੌਤੀ ਮੰਗ ਲਈ ਨਿਸ਼ਾਨਾ ਬਣਾਇਆ ਸੀ। ਅਧਿਕਾਰੀ ਨੇ ਕਿਹਾ ਕਿ ਉਹ ਵਿਦੇਸ਼ੀ-ਅਧਾਰਤ ਹੈਂਡਲਰਾਂ ਨਾਲ ਲਗਾਤਾਰ ਸੰਪਰਕ ਵਿੱਚ ਰਿਹਾ ਅਤੇ ਪੰਜਾਬ ਵਿੱਚ ਇੱਕ ਸਨਸਨੀਖੇਜ਼ ਅਪਰਾਧ ਨੂੰ ਅੰਜਾਮ ਦੇਣ ਦੀ ਤਿਆਰੀ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਇਹ ਗ੍ਰਿਫ਼ਤਾਰੀ ਕੌਮਾਂਤਰੀ ਪੱਧਰ 'ਤੇ ਅਤਿਵਾਦੀ-ਗੈਂਗਸਟਰ ਨੈੱਟਵਰਕਾਂ ਵਿਰੁੱਧ ਚੱਲ ਰਹੀ ਮੁਹਿੰਮ ਵਿੱਚ ਇੱਕ ਮਹੱਤਵਪੂਰਨ ਕਦਮ ਹੈ ਅਤੇ ਇਸ ਸਬੰਧੀ ਹੋਰ ਜਾਂਚ ਕੀਤੀ ਜਾ ਰਹੀ ਹੈ।

# ਕਰਨਲ ਸੋਫ਼ੀਆ ਕੁਰੈਸ਼ੀ ਦਾ ਪਰਿਵਾਰ ਪ੍ਰਧਾਨ ਮੰਤਰੀ ਮੋਦੀ ਦੇ ਰੋਡ ਸ਼ੋਅ ਵਿਚ ਸ਼ਾਮਲ

**ਨਵੀਂ ਦਿੱਲੀ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



Operation Sindoor ਬਾਰੇ ਭਾਰਤੀ ਪ੍ਰੈੱਸ ਕਾਨਫਰੰਸਾਂ ਦੀ ਅਗਵਾਈ ਕਰਨ ਵਾਲੀ ਕਰਨਲ ਸੋਫ਼ੀਆ ਕੁਰੈਸ਼ੀ ਦਾ ਪਰਿਵਾਰ ਅੱਜ ਵਡੋਦਰਾ (ਗੁਜਰਾਤ) ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਰੋਡ ਸ਼ੋਅ ਵਿਚ ਸ਼ਾਮਲ ਹੋਇਆ। ਕੁਰੈਸ਼ੀ ਇੱਕ ਅਜਿਹੇ ਪਰਿਵਾਰ ਤੋਂ ਹੈ ਜਿਸਦੀਆਂ ਜੜ੍ਹਾਂ ਫੌਜ ਵਿੱਚ ਹਨ, ਉਹ 1999 ਵਿੱਚ ਭਾਰਤੀ ਥਲ ਸੈਨਾ ਵਿੱਚ ਸ਼ਾਮਲ ਹੋਈ ਸੀ। 2016 ਵਿੱਚ ਉਹ ਇੱਕ ਬਹੁ-ਰਾਸ਼ਟਰੀ ਫੌਜੀ ਮਸ਼ਕ ਦੀ ਅਗਵਾਈ ਕਰਨ ਵਾਲੀ ਪਹਿਲੀ ਮਹਿਲਾ ਅਧਿਕਾਰੀ ਬਣੀ। ਸੋਫੀਆ ਕੁਰੈਸ਼ੀ ਦੀ ਭੈਣ ਅਤੇ ਹੋਰ ਪਰਿਵਾਰਕ ਮੈਂਬਰ ਪ੍ਰਧਾਨ ਮੰਤਰੀ ਦੀ ਇੱਕ ਝਲਕ ਪਾਉਣ ਲਈ ਵਡੋਦਰਾ ਦੀਆਂ ਗਲੀਆਂ ਵਿੱਚ ਕਤਾਰਾਂ ਵਿੱਚ ਖੜ੍ਹੇ ਹਨ। Operation Sindoor ਲਈ ਭਾਰਤੀ ਫੌਜ ਦੀ ਪ੍ਰਸ਼ੰਸਾ ਕਰਨ ਵਾਲੇ ਪੋਸਟਰ ਪਿਛੋਕੜ ਵਿਚ ਲੱਗੇ ਸਨ। ਇਹ ਪਹਿਲਗਾਮ ਦਹਿਸ਼ਤੀ ਹਮਲੇ, ਜਿਸ ਵਿੱਚ 26 ਨਾਗਰਿਕ ਮਾਰੇ ਗਏ ਸਨ, ਪ੍ਰਤੀ ਭਾਰਤ ਦੀ ਰਾਸ਼ਟਰੀ ਪ੍ਰਤੀਕਿਰਿਆ ਸੀ। ਕਰਨਲ ਸੋਫੀਆ ਕੁਰੈਸ਼ੀ ਦੇ ਭਰਾ ਸੰਜੈ ਕੁਰੈਸ਼ੀ ਨੇ ਕਿਹਾ, "ਅੱਜ ਦੇ ਰੋਡ ਸ਼ੋਅ ਲਈ ਵੱਡੀ ਗਿਣਤੀ ਲੋਕ ਜੁੜੇ ਹਨ, ਜੋ ਬਹੁਤ ਸ਼ਾਨਦਾਰ ਹੈ। ਮੈਨੂੰ ਖੁਸ਼ੀ ਹੈ ਕਿ ਲੋਕ ਇੱਥੇ Operation Sindoor ਦੀ ਸਫਲਤਾ ਦਾ ਜਸ਼ਨ ਮਨਾਉਣ ਲਈ ਆਏ ਹਨ, ਜਿਵੇਂ ਅਸੀਂ ਇੱਥੇ ਹਾਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਇੱਥੇ ਹਨ, ਉਨ੍ਹਾਂ ਨੇ ਸਾਨੂੰ ਵਧਾਈ ਦਿੱਤੀ ਅਤੇ ਅਸੀਂ ਉਨ੍ਹਾਂ ਦਾ ਸਵਾਗਤ ਕੀਤਾ। ਅਸੀਂ ਬਹੁਤ ਖੁਸ਼ ਅਤੇ ਉਤਸ਼ਾਹਿਤ ਹਾਂ।" ਕਰਨਲ ਕੁਰੈਸ਼ੀ ਦੀ ਭੈਣ ਸ਼ਾਇਨਾ ਸੁਨੇਸਰਾ ਨੇ ਕਿਹਾ ਕਿ ਉਹ Operation Sindoor ਦਾ ਜਸ਼ਨ ਮਨਾਉਣ ਲਈ ਪ੍ਰਧਾਨ ਮੰਤਰੀ ਮੋਦੀ ਦੇ ਰੋਡ ਸ਼ੋਅ ਵਿੱਚ ਉੱਥੇ ਸਨ। ਸੁਨੇਸਰਾ ਨੇ ਕਿਹਾ, "ਆਪ੍ਰੇਸ਼ਨ ਬਾਰੇ ਆਊਟਰੀਚ ਦੀ ਅਗਵਾਈ ਦੋ ਔਰਤਾਂ ਕਰ ਰਹੀਆਂ ਸਨ, ਜਿਨ੍ਹਾਂ ਵਿੱਚੋਂ ਇੱਕ ਮੇਰੀ ਭੈਣ ਸੀ ਅਤੇ ਉਨ੍ਹਾਂ ਨੇ ਇਸ ਨੂੰ ਬਿਨਾਂ ਕਿਸੇ ਜਾਨੀ ਨੁਕਸਾਨ ਦੇ ਸਫਲਤਾਪੂਰਵਕ ਪੂਰਾ ਕੀਤਾ। ਆਪ੍ਰੇਸ਼ਨ ਦੌਰਾਨ ਦੇਸ਼ ਵਿੱਚ ਕੋਈ ਡਰ ਨਹੀਂ ਸੀ। ਪ੍ਰਧਾਨ ਮੰਤਰੀ ਮੋਦੀ ਨੂੰ ਦੇਖਣਾ ਇੱਕ ਵੱਖਰਾ ਅਹਿਸਾਸ ਸੀ।" ਰੋਡ ਸ਼ੋਅ ਵਿੱਚ ਕਈ ਅਫਰੀਕੀ ਵਿਦਿਆਰਥੀ ਵੀ ਲਾਈਨ ਵਿੱਚ ਖੜ੍ਹੇ ਸਨ।

# ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਹੇਠ ਸੀਆਰਪੀਐੱਫ ਜਵਾਨ ਗ੍ਰਿਫ਼ਤਾਰ

**ਨਵੀਂ ਦਿੱਲੀ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਪਾਕਿਸਤਾਨੀ ਖੁਫੀਆ ਅਧਿਕਾਰੀਆਂ ਨਾਲ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਨ ਦੇ ਦੋਸ਼ ਵਿੱਚ ਇੱਕ ਸੀਆਰਪੀਐੱਫ ਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਢਲੀ ਜਾਣਕਾਰੀ ਅਨੁਸਾਰ ਮੋਤੀ ਰਾਮ ਜਾਟ ਜਾਸੂਸੀ ਗਤੀਵਿਧੀਆਂ ਵਿੱਚ ਸ਼ਾਮਲ ਸੀ ਅਤੇ 2023 ਤੋਂ ਪਾਕਿਸਤਾਨ ਖੁਫੀਆ ਅਧਿਕਾਰੀਆਂ (ਪੀਆਈਓ) ਨਾਲ ਕੌਮੀ ਸੁਰੱਖਿਆ ਨਾਲ ਸਬੰਧਤ ਜਾਣਕਾਰੀ ਸਾਂਝੀ ਕਰ ਰਿਹਾ ਸੀ। ਇਸ ਸਬੰਧੀ ਜਾਂਚ ਦੌਰਾਨ ਐੱਨਆਈਏ ਨੇ ਪਾਇਆ ਕਿ ਉਹ ਪੀਆਈਓ ਤੋਂ ਵੱਖ-ਵੱਖ ਸਾਧਨਾਂ ਰਾਹੀਂ ਫੰਡ ਪ੍ਰਾਪਤ ਕਰ ਰਿਹਾ ਸੀ।

ਗ੍ਰਿਫ਼ਤਾਰੀ ਤੋਂ ਬਾਅਦ ਉਸ ਨੂੰ ਵਿਸ਼ੇਸ਼ ਐੱਨਆਈਏ ਅਦਾਲਤ ਪਟਿਆਲਾ ਹਾਊਸ ਅੱਗੇ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਸਨੂੰ 6 ਜੂਨ ਤੱਕ ਏਜੰਸੀ ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ। ਜ਼ਿਕਰਯੋਗ ਹੈ ਕਿ ਮੋਤੀ ਰਾਮ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਐੱਨਆਈਏ ਵੱਲੋਂ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

# ਡੁੱਬੇ ਲਾਇਬੇਰੀਅਨ ਜਹਾਜ਼ ਦੇ ਕੰਟੇਨਰ ਸਾਹਿਲ 'ਤੇ ਪਹੁੰਚੇ



**ਕੋਲਮ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਰਲਾ ਦੇ ਸਾਹਿਲ 'ਤੇ ਲਾਇਬੇਰੀਅਨ ਮਾਲਵਾਹਕ ਜਹਾਜ਼ ਡੁੱਬਣ ਮਗਰੋਂ ਉਸ ਵਿਚ ਰੱਖੇ ਕੰਟੇਨਰ ਪਾਣੀ ਵਿਚ ਵਹਿ ਕੇ ਇਥੇ ਸਾਹਿਲ 'ਤੇ ਆਉਣ ਲੱਗੇ ਹਨ। ਸਾਹਿਲੀ ਪੁਲੀਸ ਨੇ ਦੱਸਿਆ ਕਿ ਦੱਖਣੀ ਕੋਲਮ ਤੱਟ 'ਤੇ ਕੁਝ ਕੰਟੇਨਰ ਮਿਲੇ ਹਨ। ਪੁਲੀਸ ਨੇ ਕਿਹਾ ਕਿ ਤੱਟ 'ਤੇ ਵਹਿ ਕੇ ਆਏ ਕੰਟੇਨਰਾਂ ਦੀ ਗਿਣਤੀ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਹੈ ਤੇ ਅਧਿਕਾਰੀ ਹਾਲਾਤ ਨੂੰ ਸੰਭਾਲਣ ਲਈ ਕੰਮ ਕਰ ਰਹੇ ਹਨ। ਉੱਝ ਪ੍ਰਭਾਵਿਤ ਖੇਤਰਾਂ ਵਿਚ ਪੁਲੀਸ ਤਾਇਨਾਤ ਕਰ ਦਿੱਤੀ ਗਈ ਹੈ।

ਖ਼ਬਰਾਂ ਮੁਤਾਬਕ ਕੋਲਮ ਜ਼ਿਲ੍ਹੇ ਦੇ ਸਾਹਿਲ 'ਤੇ ਹੁਣ ਤੱਕ ਘੱਟੋ ਘੱਟ ਚਾਰ ਕੰਟੇਨਰ ਦੇਖੇ ਗਏ ਹਨ। ਅਧਿਕਾਰੀਆਂ ਨੇ ਲੋਕਾਂ ਨੂੰ ਕੰਟੇਨਰਾਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ। ਅਧਿਕਾਰੀਆਂ ਮੁਤਾਬਕ ਜਹਾਜ਼ 'ਤੇ ਕੁੱਲ 640 ਕੰਟੇਨਰ ਸੀ, ਜਿਨ੍ਹਾਂ ਵਿਚੋਂ 13 ਕੰਟੇਨਰਾਂ 'ਤੇ ਖ਼ਤਰਨਾਕ ਸਮੱਗਰੀ ਹੈ। ਚੇਤੇ ਰਹੇ ਕਿ ਕੇਰਲਾ ਦੇ ਸਾਹਿਲ 'ਤੇ ਸਮੁੰਦਰ ਵਿਚ ਐਤਵਾਰ ਨੂੰ ਮਾਲਵਾਹਕ ਜਹਾਜ਼ ਪਲਟਣ ਮਗਰੋਂ ਡੁੱਬ ਗਿਆ ਸੀ, ਜਿਸ ਕਰਕੇ ਭਾਰੀ ਮਾਤਰਾ ਵਿਚ ਤੇਲ ਦਾ ਰਿਸਾਅ ਹੋਇਆ।

# ਅਕਾਲੀ ਕੌਂਸਲਰ ਦੇ ਕਤਲ ਮਾਮਲੇ 'ਚ ਹਮਲਾਵਰ ਕਾਬੂ

## ਮੁਕਾਬਲੇ ਦੌਰਾਨ ਪੁਲੀਸ ਦੀ ਗੋਲੀ ਨਾਲ ਜ਼ਖ਼ਮੀ ਹੋਇਆ, ਹੁਣ ਤੱਕ ਚਾਰ ਗੈਂਗਸਟਰ ਕਾਬੂ

**ਅੰਮ੍ਰਿਤਸਰ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲਰ ਹਰਜਿੰਦਰ ਸਿੰਘ ਉਰਫ ਬਾਹਮਨ ਦੇ ਕਤਲ ਮਾਮਲੇ ਵਿੱਚ ਪੁਲੀਸ ਨੇ ਹਮਲਾਵਰਾਂ ਖਿਲਾਫ ਕਾਰਵਾਈ ਕਰਦਿਆਂ ਇੱਕ ਹਮਲਾਵਰ ਨੂੰ ਪੁਲੀਸ ਮੁਕਾਬਲੇ ਦੌਰਾਨ ਜ਼ਖ਼ਮੀ ਹੋਣ ਮਗਰੋਂ ਕਾਬੂ ਕਰ ਲਿਆ ਹੈ। ਹਮਲਾਵਰ ਦੀ ਸ਼ਨਾਖਤ ਗੁਰਪ੍ਰੀਤ ਸਿੰਘ ਉਰਫ ਗੋਪੀ ਵਜੋਂ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਇਸ ਸਬੰਧ ਵਿੱਚ ਆਪਣੇ ਸੋਸ਼ਲ ਮੀਡੀਆ ਖਾਤੇ ਰਾਹੀਂ ਖੁਲਾਸਾ ਕਰਦਿਆਂ ਦੱਸਿਆ ਕਿ ਲੰਘੇ ਕੱਲ੍ਹ ਵਾਪਰੀ ਇਸ ਘਟਨਾ ਵਿੱਚ ਪੁਲੀਸ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਸਿਰਫ ਅੱਠ ਘੰਟਿਆਂ ਵਿੱਚ ਹੀ ਹਮਲਾਵਰਾਂ ਨੂੰ ਕਾਬੂ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿੱਚੋਂ ਇੱਕ ਗੁਰਪ੍ਰੀਤ ਸਿੰਘ ਨੇ ਉਸ ਵੇਲੇ ਪੁਲੀਸ 'ਤੇ ਗੋਲੀ ਚਲਾਈ, ਜਦੋਂ ਫਤਾਹਪੁਰ ਇਲਾਕੇ ਵਿੱਚ ਪੁਲੀਸ ਉਸ ਨੂੰ ਕਾਬੂ ਕਰਨ ਲਈ ਪਿੱਛਾ ਕਰ ਰਹੀ ਸੀ। ਬਚਾਅ ਵਜੋਂ ਥਾਣਾ ਛੇਹਰਟਾ ਦੇ ਐੱਸਐੱਚਓ ਨੇ ਵੀ ਗੋਲੀ ਚਲਾਈ, ਜਿਸ ਨਾਲ ਸੱਜੀ ਲੱਤ ਵਿੱਚ ਗੋਲੀ ਲੱਗਣ ਨਾਲ ਉਹ ਜ਼ਖ਼ਮੀ ਹੋ ਗਿਆ। ਪੁਲੀਸ ਨੇ ਉਸ ਨੂੰ ਤੁਰੰਤ ਕਾਬੂ ਕਰ ਲਿਆ ਅਤੇ ਉਸ ਕੋਲੋਂ ਇੱਕ ਨੌਂ ਐੱਮਐੱਮ ਦਾ ਗਲੋਕ ਪਿਸਤੌਲ ਬਰਾਮਦ ਕੀਤਾ। ਉਸ ਨੂੰ ਸਿਵਲ ਹਸਪਤਾਲ ਵਿੱਚ ਇਲਾਜ ਲਈ ਲਿਆਂਦਾ ਹੈ।

# ਹਰਿਆਣਾ ਰੋਡਵੇਜ਼ ਦੀ ਬੱਸ ਪਲਟਣ ਕਾਰਨ ਵਿਦਿਆਰਥੀ ਦੀ ਮੌਤ, ਕਈ ਜ਼ਖਮੀ



**ਹਿਸਾਰ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਸਾਰ ਵਿਚ ਵਾਪਰੇ ਸੜਕ ਹਾਦਸੇ ਦੌਰਾਨ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਈ। ਜਾਣਕਾਰੀ ਅਨੁਸਾਰ ਜ਼ਿਲ੍ਹੇ ਦੀ ਹਿਸਾਰ-ਰਾਜਲੀ ਸੜਕ 'ਤੇ ਰਾਜਲੀ ਪਿੰਡ ਦੇ ਨਜ਼ਦੀਕ ਡਿੱਗੇ ਹੋਏ ਦਰੱਖਤ ਤੋਂ ਬਚਣ ਦੀ ਕੋਸ਼ਿਸ਼ ਕਰਦੇ ਸਮੇਂ ਡਰਾਈਵਰ ਵੱਲੋਂ ਵਾਹਨ ਤੋਂ ਸੰਤੁਲਨ ਗੁਆਉਣ ਤੋਂ ਬਾਅਦ ਹਰਿਆਣਾ ਰੋਡਵੇਜ਼ ਦੀ ਬੱਸ ਪਲਟ ਗਈ, ਜਿਸ ਕਾਰਨ ਇੱਕ ਵਿਦਿਆਰਥੀ ਦੀ ਮੌਤ ਹੋ ਗਈ ਅਤੇ ਹੋਰ ਜ਼ਖ਼ਮੀ ਹੋ ਗਏ।

ਸਵੇਰ ਸਮੇਂ ਹਾਦਸੇ ਦਾ ਸ਼ਿਕਾਰ ਹੋਈ ਬੱਸ ਵਿਚ ਜ਼ਿਆਦਾਤਰ ਵਿਦਿਆਰਥੀਆਂ ਸਮੇਤ ਲਗਪਗ 65 ਸਵਾਰੀਆਂ ਸਨ। ਘਟਨਾ ਉਪਰੰਤ ਨਜ਼ਦੀਕੀ ਪਿੰਡ ਵਾਸੀਆਂ ਅਤੇ ਰਾਹਗੀਰਾਂ ਨੇ ਸਵਾਰੀਆਂ ਨੂੰ ਬੱਸ ਵਿੱਚੋਂ ਕੱਢਣ ਵਿੱਚ ਮਦਦ ਕੀਤੀ, ਪਰ ਇਸ ਦੌਰਾਨ ਰਾਜਲੀ ਪਿੰਡ ਦੀ ਰਹਿਣ ਵਾਲੀ ਵੀਹ ਸਾਲਾ ਖੁਸ਼ੀ ਮੁਹੰਮਦ ਦੀ ਮੌਕੇ 'ਤੇ ਹੀ ਮੌਤ ਹੋ ਗਈ। ਬੱਸ ਪਲਟਣ ਕਾਰਨ ਚਾਰ ਵਿਦਿਆਰਥਣਾਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ, ਜਿਨ੍ਹਾਂ ਨੂੰ ਸਥਾਨਕ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

# ਸੁਪਰੀਮ ਕੋਰਟ NEET-PG 2025 ਦੀ ਪ੍ਰਸਤਾਵਿਤ ਪ੍ਰੀਖਿਆ ਵਿਰੁੱਧ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤ

**ਨਵੀਂ ਦਿੱਲੀ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸੁਪਰੀਮ ਕੋਰਟ ਨੇ ਸੋਮਵਾਰ ਨੂੰ ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ NEET-PG ਪ੍ਰੀਖਿਆ ਨੂੰ ਦੋ ਸ਼ਿਫਟਾਂ ਵਿੱਚ ਕਰਵਾਉਣ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਪੋਸਟ ਗ੍ਰੈਜੂਏਟ ਕੋਰਸਾਂ ਲਈ ਕੌਮੀ ਯੋਗਤਾ-ਕਮ-ਦਾਖਲਾ ਟੈਸਟ (NEET-PG) 2025, 15 ਜੂਨ ਨੂੰ ਕੰਪਿਊਟਰ-ਅਧਾਰਤ ਪਲੇਟਫਾਰਮ 'ਤੇ ਦੋ ਸ਼ਿਫਟਾਂ ਵਿੱਚ ਆਯੋਜਿਤ ਕੀਤਾ ਜਾਵੇਗਾ ਅਤੇ ਇਸ ਦੇ ਨਤੀਜੇ 15 ਜੁਲਾਈ ਤੱਕ ਘੋਸ਼ਿਤ ਕੀਤੇ ਜਾਣਗੇ।

ਚੀਫ਼ ਜਸਟਿਸ ਬੀ.ਆਰ. ਗਵਈ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੇ ਬੈਂਚ ਨੇ ਵਕੀਲ ਦੀਆਂ ਦਲੀਲਾਂ ਦਾ ਨੋਟਿਸ ਲਿਆ ਅਤੇ ਕਿਹਾ ਕਿ ਪਟੀਸ਼ਨ ਨੂੰ ਜਲਦੀ ਹੀ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 23 ਮਈ ਨੂੰ ਬੈਂਚ ਨੇ ਕਿਹਾ ਸੀ ਕਿ ਪਟੀਸ਼ਨ ਨੂੰ ਅਗਲੇ ਹਫ਼ਤੇ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇਗਾ, ਪਰ ਅਜਿਹਾ ਨਹੀਂ ਹੋਇਆ। ਇਸ ਸਬੰਧੀ ਮੁੜ ਧਿਆਨ ਕਰਵਾਏ ਜਾਣ 'ਤੇ ਬੈਂਚ ਨੇ ਕਿਹਾ ਕਿ ਉਹ ਇਸ ਹਫ਼ਤੇ ਮਾਮਲੇ ਨੂੰ ਸੂਚੀਬੱਧ ਕਰੇਗਾ। ਇਸ ਦੌਰਾਨ ਵਕੀਲ ਨੇ ਕਿਹਾ, "ਇਹ ਬਹੁਤ ਜ਼ਰੂਰੀ ਹੈ। ਦਾਖਲਾ ਕਾਰਡ 2 ਜੂਨ ਨੂੰ ਜਾਰੀ ਕੀਤੇ ਜਾਣਗੇ।"

ਸੀਜੇਆਈ ਨੇ ਕਿਹਾ ਕਿ ਇਸ ਨੂੰ ਇੱਕ ਜਾਂ ਦੋ ਦਿਨਾਂ ਵਿੱਚ ਸੂਚੀਬੱਧ ਕੀਤਾ ਜਾਵੇਗਾ। ਬੈਂਚ ਨੇ 5 ਮਈ ਨੂੰ ਇਸ ਪਟੀਸ਼ਨ 'ਤੇ NBE, ਨੈਸ਼ਨਲ ਮੈਡੀਕਲ ਕੌਂਸਲ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਤੋਂ ਜਵਾਬ ਮੰਗਿਆ ਸੀ। ਹਾਲ ਹੀ ਵਿੱਚ ਸਿਖਰਲੀ ਅਦਾਲਤ ਨੇ NEET-PG ਕਾਉਂਸਲਿੰਗ ਵਿੱਚ ਸੀਟ-ਬਲਾਕਿੰਗ ਨੂੰ ਰੋਕਣ ਲਈ ਕਈ ਨਿਰਦੇਸ਼ ਜਾਰੀ ਕਰਦੇ ਹੋਏ ਇੱਕ ਫੈਸਲਾ ਸੁਣਾਇਆ ਅਤੇ ਪ੍ਰੀਖਿਆ ਦੇ ਕੱਚੇ ਸਕੋਰ, ਉੱਤਰ ਕੁੰਜੀਆਂ ਅਤੇ ਨਿਯਮਿਤ(Normalization) ਫਾਰਮੂਲੇ ਦੇ ਪ੍ਰਕਾਸ਼ਨ ਦਾ ਨਿਰਦੇਸ਼ ਦਿੱਤਾ ਹੈ।

ਦੋ ਸ਼ਿਫਟਾਂ ਵਿੱਚ NEET-PG ਪ੍ਰੀਖਿਆ ਦੇ ਆਯੋਜਨ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਸ਼ਿਫਟਾਂ ਵਿਚਕਾਰ ਵੱਖ-ਵੱਖ ਮੁਸ਼ਕਲ ਪੱਧਰਾਂ ਦੇ ਕਾਰਨ ਇਸ ਵਿੱਚ ਬੇਇਨਸਾਫ਼ੀ ਦੀ ਸੰਭਾਵਨਾ ਹੈ। ਇਹ ਪਟੀਸ਼ਨ ©25 ਤੋਂ ਸਾਰੇ ਉਮੀਦਵਾਰਾਂ ਲਈ ਮੁਕਾਬਲੇ ਦੇ ਨਿਆਂਪੂਰਨ, ਨਿਰਪੱਖ, ਸਹੀ ਅਤੇ ਬਰਾਬਰੀ ਵਾਲਾ ਆਧਾਰਾਂ ਨੂੰ ਬਣਾਈ ਰੱਖਣ ਲਈ ਇੱਕ ਹੀ ਸ਼ਿਫਟ ਵਿੱਚ ਪ੍ਰੀਖਿਆ ਕਰਵਾਉਣ ਦਾ ਨਿਰਦੇਸ਼ ਦੇਣ ਦੀ ਮੰਗ ਕਰਦੀ ਹੈ। ਇਹ ਪਟੀਸ਼ਨ ਅਦਿਤੀ ਅਤੇ ਹੋਰਾਂ ਵੱਲੋਂ ਦਾਇਰ ਕੀਤੀ ਗਈ ਸੀ।

# ਪੰਜਾਬ ਦੇ ਸਕੂਲਾਂ ਵਿੱਚ ਗਰਮੀ ਦੀਆਂ ਛੁੱਟੀਆਂ 2 ਜੂਨ ਤੋਂ

**ਚੰਡੀਗੜ੍ਹ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਪੈ ਰਹੀ ਗਰਮੀ ਦੇ ਮੱਦੇਨਜ਼ਰ, ਰਾਜ ਦੇ ਸਾਰੇ ਸਰਕਾਰੀ, ਸਹਾਇਤਾ ਪ੍ਰਾਪਤ, ਮਾਨਤਾ ਪ੍ਰਾਪਤ ਅਤੇ ਨਿੱਜੀ ਸਕੂਲ 2 ਜੂਨ ਤੋਂ 30 ਜੂਨ, 2025 ਤੱਕ ਗਰਮੀਆਂ ਦੀਆਂ ਛੁੱਟੀਆਂ ਲਈ ਬੰਦ ਰਹਿਣਗੇ। ਪਿਛਲੇ ਵਰ੍ਹੇ ਇਹ ਛੁੱਟੀਆਂ ਮਈ ਮਹੀਨੇ ਹੋ ਗਈਆਂ ਸਨ। ਇਹ ਐਲਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਆਪਣੇ ਪੇਜ 'ਤੇ ਕੀਤਾ ਹੈ।

# ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਰਾਜਪੁਰਾ ਨਗਰ ਕੌਂਸਲ ਦੇ ਵਿਕਾਸ ਪ੍ਰੋਜੈਕਟਾਂ ਦਾ ਜਾਇਜ਼ਾ

**ਰਾਜਪੁਰਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਇੱਥੇ ਨਗਰ ਕੌਂਸਲ ਦਫ਼ਤਰ ਵਿਖੇ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਪ੍ਰੋਜੈਕਟਾਂ ਅਤੇ ਬੁਨਿਆਦੀ ਢਾਂਚੇ ਦੇ ਸੁਧਾਰਾਂ ਦਾ ਮੁਲਾਂਕਣ ਕਰਨ ਲਈ ਇੱਕ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਵਿੱਚ ਵਿਧਾਇਕ ਨੀਨਾ ਮਿੱਤਲ, ਏ.ਡੀ.ਸੀ. ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ, ਐਸ.ਡੀ.ਐਮ ਅਵਿਕੇਸ਼ ਗੁਪਤਾ, ਕਾਰਜ ਸਾਧਕ ਅਫ਼ਸਰ ਅਵਤਾਰ ਚੰਦ ਸਮੇਤ ਕੌਂਸਲਰ ਅਤੇ ਹੋਰ ਅਧਿਕਾਰੀ ਸ਼ਾਮਲ ਸਨ।

ਇਸ ਦੌਰਾਨ ਡਾ. ਰਵਜੋਤ ਸਿੰਘ ਨੇ ਸਫਾਈ, ਸੁੰਦਰੀਕਰਨ, ਸੜਕ ਨਿਰਮਾਣ, ਸਟਰੀਟ ਲਾਈਟਿੰਗ, ਪਾਣੀ ਦੀ ਸਪਲਾਈ ਅਤੇ ਸੀਵਰੇਜ ਪ੍ਰਬੰਧਨ, ਨਗਰ ਕੌਂਸਲ ਦੀ ਆਮਦਨ ਵਧਾਉਣ ਸਮੇਤ ਬੁਨਿਆਦੀ ਸਹੂਲਤਾਂ ਵਿੱਚ ਹੋਰ ਸੁਧਾਰਾਂ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਕੌਂਸਲਰਾਂ ਨਾਲ ਤਾਲਮੇਲ ਕਰਨ ਅਤੇ ਵਾਰਡ ਪੱਧਰ ਦੇ ਮੁੱਖ ਪ੍ਰੋਜੈਕਟਾਂ ਨੂੰ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਵਿਧਾਇਕ ਨੀਨਾ ਮਿੱਤਲ ਵੱਲੋਂ ਉਠਾਏ ਮਸਲੇ ਤੁਰੰਤ ਹੱਲ ਕਰਨ ਦੇ ਵੀ ਨਿਰਦੇਸ਼ ਦਿੱਤੇ। ਮੰਤਰੀ ਡਾ. ਰਵਜੋਤ ਸਿੰਘ ਨੇ ਨਿਗਮ ਅਧਿਕਾਰੀਆਂ ਨੂੰ ਕੌਂਸਲਰਾਂ ਨਾਲ ਮਿਲ ਕੇ ਕੰਮ ਕਰਨ ਦੀ ਤਾਕੀਦ ਕੀਤੀ। ਉਨ੍ਹਾਂ ਚੇਤਾਵਨੀ ਦਿੱਤੀ ਕਿ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਸਾਹਮਣੇ ਆਉਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਧਿਕਾਰੀ ਤੇ ਕਰਮਚਾਰੀ ਲੋਕਾਂ ਨੂੰ ਸੁਚੱਜਾ ਪ੍ਰਸ਼ਾਸਨ, ਬਿਹਤਰ ਸਹੂਲਤਾਂ ਅਤੇ ਸਮਾਂਬੱਧ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਦੇ ਲਈ ਕੋਈ ਕੁਤਾਹੀ ਨਾ ਕਰਨ ਤੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਦੂਰ ਕਰਨ ਲਈ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ। ਡਾ. ਰਵਜੋਤ ਸਿੰਘ ਨੇ ਕੌਂਸਲਰਾਂ ਤੋਂ ਫੀਡਬੈਕ ਲੈਂਦਿਆਂ ਸ਼ਹਿਰ ਦੀ ਸਫਾਈ ਦੇ ਯਤਨਾਂ ਵਿੱਚ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਨਿਰਦੇਸ਼ ਦਿੱਤੇ। ਉਨ੍ਹਾਂ ਇਹ ਵੀ ਕਿਹਾ ਕੀਤਾ ਕਿ ਉਹ ਰਾਜਪੁਰਾ ਦੀ ਸਫ਼ਾਈ ਦਾ ਨਿੱਜੀ ਤੌਰ 'ਤੇ ਕਿਸੇ ਸਮੇਂ ਸਵੇਰੇ-ਸਵੇਰੇ ਆ ਕੇ ਜਾਇਜ਼ਾ ਲੈਣਗੇ।

ਮੰਤਰੀ ਨੇ ਐਮਆਰਐਫ (ਮਟੀਰੀਅਲ ਰਿਕਵਰੀ ਫੈਸਿਲਿਟੀ) ਸੈਂਟਰਾਂ ਅਤੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਪਲਾਂਟਾਂ ਦੇ ਕੰਮਕਾਜ ਦੀ ਵੀ ਸਮੀਖਿਆ ਕੀਤੀ। ਕੂੜੇ ਦੇ ਪੁਰਾਣੇ ਢੇਰਾਂ ਦੇ ਵਿਗਿਆਨਕ ਢੰਗ ਨਾਲ ਨਿਪਟਾਰੇ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਅਧਿਕਾਰੀਆਂ ਨੂੰ ਰੋਜ਼ਾਨਾ ਗਲੀਆਂ ਦੀ ਸਫਾਈ ਯਕੀਨੀ ਬਣਾਉਣ ਲਈ ਡੰਪਿੰਗ ਸਾਈਟਾਂ ਨੂੰ ਘਟਾਉਣ ਅਤੇ ਘਰਾਂ ਤੋਂ ਕੂੜਾ ਇਕੱਠਾ ਕਰਨ ਨੂੰ ਵਧਾਉਣ ਲਈ ਠੋਸ ਕੰਮ ਕਰਨ ਦੇ ਨਿਰਦੇਸ਼ ਦਿੱਤੇ। ਡਾ. ਰਵਜੋਤ ਸਿੰਘ ਨੇ ਸ਼ਹਿਰੀ ਖੇਤਰ ਦੀ ਦਿੱਖ ਨੂੰ ਬਿਹਤਰ ਬਣਾਉਣ ਲਈ ਪੁਰਾਣੀਆਂ ਸਟਰੀਟ ਲਾਈਟਾਂ ਦੀ ਤੁਰੰਤ ਮੁਰੰਮਤ ਅਤੇ ਨਵੀਆਂ ਤੇਜ਼ੀ ਨਾਲ ਲਗਾਉਣ 'ਤੇ ਵੀ ਜ਼ੋਰ ਦਿੱਤਾ। ਕੁੱਤਿਆਂ ਦੇ ਕੱਟਣ ਦੇ ਵਧ ਰਹੇ ਮਾਮਲਿਆਂ ਨਾਲ ਨਜਿੱਠਣ ਲਈ, ਉਨ੍ਹਾਂ ਨੇ ਨਗਰ ਕੌਂਸਲ ਨੂੰ ਨਸਬੰਦੀ ਪ੍ਰੋਗਰਾਮ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ।

# ਪਟਿਆਲਾ ਜ਼ਿਲ੍ਹੇ ਅੰਦਰ ਵੱਖ-ਵੱਖ ਤਰ੍ਹਾਂ ਦੇ ਸੰਗੀਤਕ ਯੰਤਰਾਂ ਅਤੇ ਪਟਾਕਿਆਂ ਦੀ ਵਰਤੋਂ ਨਾਲ ਆਵਾਜ਼ੀ ਪ੍ਰਦੂਸ਼ਣ ਫੈਲਾਉਣ 'ਤੇ ਪਾਬੰਦੀ

**ਪਟਿਆਲਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਇਸ਼ਾ ਸਿੰਗਲ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਦੀਆਂ ਹੱਦਾਂ ਅੰਦਰ ਵੱਖ-ਵੱਖ ਤਰ੍ਹਾਂ ਦੇ ਸੰਗੀਤਕ ਯੰਤਰਾਂ ਅਤੇ ਪਟਾਕਿਆਂ ਦੀ ਵਰਤੋਂ ਨਾਲ ਆਵਾਜ਼ੀ ਪ੍ਰਦੂਸ਼ਣ ਫੈਲਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ ਜੋ 5 ਜੂਨ 2025 ਤੱਕ ਲਾਗੂ ਰਹਿਣਗੇ। ਹੁਕਮਾਂ ਅਨੁਸਾਰ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਜਥੇਬੰਦੀਆਂ ਦੇ ਆਗੂਆਂ ਤੇ ਅਹੁਦੇਦਾਰਾਂ ਵੱਲੋਂ ਕੀਤੇ ਜਾਣ ਵਾਲੇ ਜਲਸਿਆਂ, ਰੈਲੀਆਂ, ਰੋਸ ਧਰਨੇ ਆਦਿ ਮੌਕੇ 'ਤੇ ਅਤੇ ਕਿਸੇ ਵੀ ਐਨ.ਜੀ.ਓਜ਼, ਪ੍ਰਾਈਵੇਟ, ਸਮਾਜਿਕ, ਧਾਰਮਿਕ, ਵਪਾਰਕ ਸੰਸਥਾਵਾਂ/ਅਦਾਰਿਆਂ ਆਦਿ ਦੇ ਪ੍ਰਬੰਧਕਾਂ/ਅਹੁਦੇਦਾਰਾਂ ਵੱਲੋਂ ਵੱਖ-ਵੱਖ ਪ੍ਰੋਗਰਾਮ, ਸਮਾਗਮ ਆਦਿ ਮੌਕੇ ਕਿਸੇ ਵੀ ਇਮਾਰਤ, ਜਨਤਕ ਸਥਾਨਾਂ, ਖੁੱਲ੍ਹੇ ਸਥਾਨਾਂ, ਪੰਡਾਲਾਂ ਵਿੱਚ ਲਾਊਡ ਸਪੀਕਰ ਆਦਿ ਦੀ ਵਰਤੋਂ ਲਈ ਕਿਸੇ ਵੱਲੋਂ ਵੀ ਵਿਆਹ ਸ਼ਾਦੀਆਂ, ਖੁਸ਼ੀ ਦੇ ਮੌਕਿਆਂ ਅਤੇ ਵੱਖ-ਵੱਖ ਮੌਕਿਆਂ ਆਦਿ 'ਤੇ ਮੈਰਿਜ ਪੈਲਸਾਂ, ਕਲੱਬਾਂ, ਹੋਟਲਾਂ ਅਤੇ ਖੁੱਲ੍ਹੇ ਸਥਾਨ ਆਦਿ ਵਿੱਚ ਡੀ.ਜੇ. ਆਰਕੈਸਟਰਾ, ਸੰਗੀਤਕ ਯੰਤਰ ਆਦਿ ਸਬੰਧਤ ਉਪ ਮੰਡਲ ਮੈਜਿਸਟਰੇਟ ਕੋਲੋਂ ਪੰਜਾਬ ਇੰਸਟਰੂਮੈਂਟ (ਕੰਟਰੋਲ ਆਫ ਨੁਆਇਸ) ਐਕਟ, 1956 ਵਿੱਚ ਦਰਜ ਸ਼ਰਤਾਂ ਸਹਿਤ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਚਲਾਏ ਜਾਣਗੇ। ਲਾਊਡ ਸਪੀਕਰ ਅਤੇ ਕਿਸੇ ਵੀ ਹੋਰ ਸੰਗੀਤਕ/ਆਵਾਜ਼ੀ ਯੰਤਰ ਆਦਿ ਚਲਾਉਣ ਦੀ ਪ੍ਰਵਾਨਗੀ ਲੈਣ ਦੇ ਬਾਵਜੂਦ ਵੀ ਰਾਤ 10:00 ਵਜੇ ਤੋਂ ਸਵੇਰੇ 6:00 ਵਜੇ ਤੱਕ ਉਕਤ ਕਿਸੇ ਵੀ ਆਵਾਜ਼ੀ ਅਤੇ ਸੰਗੀਤਕ ਯੰਤਰਾਂ ਆਦਿ ਦੇ ਕਿਸੇ ਵੀ ਇਮਾਰਤ ਅਤੇ ਸਥਾਨ ਵਿੱਚ ਚਲਾਉਣ/ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਕਿਸੇ ਵੀ ਵਿਅਕਤੀ ਵੱਲੋਂ, ਸਬੰਧਤ ਉਪ ਮੰਡਲ ਮੈਜਿਸਟ੍ਰੇਟ ਪਾਸੋਂ ਪ੍ਰਵਾਨਗੀ ਲੈਣ ਦੇ ਬਾਵਜੂਦ ਜਿਨ੍ਹਾਂ-ਜਿਨ੍ਹਾਂ ਥਾਵਾਂ 'ਤੇ ਇਹ ਲਾਊਡ ਸਪੀਕਰ, ਆਵਾਜ਼ੀ/ਸੰਗੀਤਕ ਯੰਤਰ ਆਦਿ ਚਲਾਏ ਜਾਣਗੇ, ਦੀ ਆਵਾਜ਼ ਪ੍ਰੋਗਰਾਮ/ਸਮਾਗਮ ਵਾਲੇ ਸਥਾਨ, ਧਾਰਮਿਕ ਸਥਾਨ ਅਤੇ ਇਮਾਰਤ ਦੀ ਚਾਰਦੀਵਾਰੀ ਦੇ ਦਾਇਰੇ ਅੰਦਰ ਰਹਿਣੀ ਚਾਹੀਦੀ ਹੈ, ਜੋ ਕਿ ਭਾਰਤ ਸਰਕਾਰ ਵੱਲੋਂ ਜਾਰੀ "ਨੁਆਇਸ ਪਲਿਊਸ਼ਨ (ਰੈਗੂਲੇਸ਼ਨ ਐਂਡ ਕੰਟਰੋਲ) ਰੂਲਜ਼, 2000" ਤਹਿਤ ਜਾਰੀ ਨੋਟੀਫਿਕੇਸ਼ਨ ਮਿਤੀ 14/2/2000 ਵਿੱਚ ਵੱਖ-ਵੱਖ ਸਥਾਨਾਂ ਲਈ ਨਿਰਧਾਰਤ ਕੀਤੇ ਆਵਾਜ਼ੀ, ਸਟੈਂਡਰਡ (ਸੰਬੰਧਤ ਜਗ੍ਹਾ ਦੇ ਆਵਾਜ਼ੀ ਸਟੈਂਡਰਡ) ਤੋਂ, ਕਿਸੇ ਵੀ ਹਾਲਤ ਵਿੱਚ ਵੱਧ ਨਹੀਂ ਹੋਣੀ ਚਾਹੀਦੀ। ਕਿਸੇ ਵੀ ਆਵਾਜ਼ੀ/ਸੰਗੀਤਕ ਯੰਤਰ, ਮਸ਼ੀਨ ਆਦਿ ਜਿਸ ਦੇ ਚੱਲਣ 'ਤੇ ਪੈਦਾ ਹੋਣ ਵਾਲੀ ਆਵਾਜ਼ ਵੱਖ-ਵੱਖ ਸਥਾਨਾਂ ਲਈ ਨਿਰਧਾਰਤ ਕੀਤੀ ਆਵਾਜ਼ੀ ਸੀਮਾ ਤੋਂ ਵੱਧ ਹੋਵੇਗੀ, ਨੂੰ ਚਲਾਉਣ/ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਹ ਹੁਕਮ ਜ਼ਿਲ੍ਹੇ ਵਿੱਚ 5 ਜੂਨ 2025 ਤੱਕ ਲਾਗੂ ਰਹਿਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਆਵਾਜ਼ੀ ਅਤੇ ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣ ਸਬੰਧੀ ਅਤੇ ਲੋਕ ਹਿੱਤ ਵਿੱਚ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਵਿੱਚ ਕਿਸੇ ਵੱਲੋਂ ਵੀ ਅਜਿਹੇ ਪਟਾਕੇ ਜਿਨ੍ਹਾਂ ਦੇ ਚਲਾਏ ਜਾਣ 'ਤੇ, ਚੱਲਣ ਵਾਲੇ ਸਥਾਨ ਤੋਂ ਚਾਰ ਮੀਟਰ ਦੇ ਦਾਇਰੇ ਅੰਦਰ 125 ਡੀ.ਬੀ. (ਏ ਆਈ) ਜਾਂ 145 ਡੀ.ਬੀ (ਸੀ) ਪੀ.ਕੇ. ਤੋਂ ਵੱਧ ਆਵਾਜ਼/ਧਮਕ ਪੈਦਾ ਹੁੰਦੀ ਹੋਵੇ ਅਤੇ ਜਿਆਦਾ ਧੂੰਆਂ ਛੱਡਣ ਤੇ ਵਾਤਾਵਰਣ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕਿਆਂ ਦੇ ਬਣਾਉਣ, ਵੇਚਣ ਅਤੇ ਸਟੋਰ ਕਰਨ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਪਾਬੰਦੀਸ਼ੁਦਾ ਧਮਾਕਾਖੇਜ ਸਮੱਗਰੀ ਬਣਾਉਣ, ਵੇਚਣ ਅਤੇ ਇਸ ਪਾਬੰਦੀਸ਼ੁਦਾ ਧਮਾਕਾਖੇਜ਼ ਸਮੱਗਰੀ ਦੇ ਪਟਾਕਿਆਂ ਵਿੱਚ ਵਰਤਣ 'ਤੇ ਵੀ ਮੁਕੰਮਲ ਪਾਬੰਦੀ ਹੋਵੇਗੀ। ਇਹ ਪਾਬੰਦੀ ਨਿਰਧਾਰਤ ਆਵਾਜ਼ ਅਤੇ ਰੰਗ/ਰੌਸ਼ਨੀ ਪੈਦਾ ਕਰਨ ਵਾਲੇ ਪਟਾਕਿਆਂ 'ਤੇ ਲਾਗੂ ਨਹੀਂ ਹੋਵੇਗੀ। ਇਸ ਤੋਂ ਇਲਾਵਾ ਕਿਸੇ ਵੱਲੋਂ ਵੀ ਕਿਸੇ ਵੀ ਸਥਾਨ 'ਤੇ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਪਟਾਖੇ ਚਲਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਕਿਸੇ ਸਮੱਰਥ ਅਧਿਕਾਰੀ ਵੱਲੋਂ ਐਲਾਨੇ ਸਾਇਲੈਂਸ ਜੋਨ ਜਿਵੇਂ ਮੰਤਰਾਲਾ, ਇਨਵਾਇਰਮੈਂਟ, ਜੰਗਲਾਤ, ਹਸਪਤਾਲਾਂ, ਵਿਦਿਅਕ ਸੰਸਥਾਵਾਂ, ਅਦਾਲਤਾਂ, ਧਾਰਮਿਕ ਸਸਥਾਵਾਂ ਆਦਿ ਦੇ 100 ਮੀਟਰ ਦੇ ਘੇਰੇ ਵਿੱਚ ਪਟਾਕੇ ਚਲਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਕਿਸੇ ਵੀ ਸਥਾਨ ਅਤੇ ਗੱਡੀਆਂ ਆਦਿ ਵਿੱਚ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਕਿਸੇ ਖਾਸ ਹਾਲਾਤ ਨੂੰ ਛੱਡ ਕੇ ਹਾਰਨ ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ।

ਇਸ ਤੋਂ ਇਲਾਵਾ ਕਿਸੇ ਤਰ੍ਹਾਂ ਦੇ ਪ੍ਰੈਸ਼ਰ ਹਾਰਨ, ਵੱਖ-ਵੱਖ ਆਵਾਜ਼, ਸੰਗੀਤ ਵਾਲੇ ਅਤੇ ਕਿਸੇ ਤਰ੍ਹਾਂ ਦਾ ਆਵਾਜ਼ੀ ਪ੍ਰਦੂਸ਼ਣ ਪੈਦਾ ਕਰਨ ਵਾਲੇ ਹਾਰਨ ਨੂੰ ਕਿਸੇ ਵੀ ਸਥਾਨ 'ਤੇ ਵਜਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਪ੍ਰੈਸ਼ਰ ਹਾਰਨ ਅਤੇ ਹੋਰ ਅਜਿਹੇ ਹਾਰਨ ਜੋ ਆਵਾਜ਼ੀ ਪ੍ਰਦੂਸ਼ਣ ਪੈਦਾ ਕਰਦੇ ਹੋਣ, ਦੇ ਬਣਾਉਣ ਅਤੇ ਵੇਚਣ 'ਤੇ ਵੀ ਪੂਰਨ ਪਾਬੰਦੀ ਹੋਵੇਗੀ।

ਮਨਾਹੀ ਹੁਕਮਾਂ ਅਨੁਸਾਰ ਕਿਸੇ ਵੀ ਇਮਾਰਤ, ਵਪਾਰਕ ਸਥਾਨਾਂ, ਜਨਤਕ ਥਾਵਾਂ, ਸਿਨੇਮਿਆਂ, ਮਾਲ, ਹੋਟਲ, ਰੈਸਟੋਰੈਂਟ ਅਤੇ ਮੇਲਿਆਂ ਦੇ ਪ੍ਰਬੰਧਕਾਂ/ਮਾਲਕਾਂ ਵੱਲੋਂ ਕਿਸੇ ਵੀ ਹਾਲਤ ਵਿੱਚ ਉੱਚੀ ਆਵਾਜ਼ ਅਤੇ ਧਮਕ ਪੈਦਾ ਕਰਨ ਵਾਲੇ ਸੰਗੀਤ ਅਤੇ ਅਸ਼ਲੀਲ ਗੀਤ ਚਲਾਏ ਜਾਣ 'ਤੇ ਵੀ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਪਟਿਆਲਾ ਜ਼ਿਲ੍ਹੇ ਵਿੱਚ ਸਥਿਤ ਕਿਸੇ ਵੀ ਪਟਾਕਾ ਫੈਕਟਰੀ/ਯੂਨਿਟ ਵਿੱਚ ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਆਵਾਜ਼ ਪ੍ਰਦੂਸ਼ਣ ਅਤੇ ਵਾਤਾਵਰਣ ਪ੍ਰਦੂਸ਼ਣ ਰੋਕਣ ਸਬੰਧੀ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਨਿਰਧਾਰਤ ਆਵਾਜ਼/ਧਮਕ ਪੈਦਾ ਕਰਨ ਵਾਲੇ ਅਤੇ ਨਿਰਧਾਰਤ ਸਾਈਜ਼ ਵਾਲੇ ਪਟਾਕੇ ਹੀ ਤਿਆਰ ਕੀਤੇ ਜਾਣਗੇ। ਨਿਰਧਾਰਤ ਆਵਾਜ਼ੀ ਸੀਮਾ ਤੋਂ ਵੱਧ ਆਵਾਜ਼/ਧਮਕ ਪੈਦਾ ਕਰਨ ਵਾਲੇ ਪਟਾਕਿਆਂ, ਵਾਤਾਵਰਣ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕਿਆਂ ਅਤੇ ਪਾਬੰਦੀਸ਼ੁਦਾ ਧਮਾਕਾਖੇਜ਼ ਸਮੱਗਰੀ ਬਣਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ ਇਹ ਹੁਕਮ ਸਰਕਾਰੀ ਮਸ਼ੀਨਰੀ ਅਤੇ ਐਮਰਜੈਂਸੀ ਦੀ ਸਥਿਤੀ ਵਿੱਚ ਲਾਗੂ ਨਹੀਂ ਹੋਵੇਗਾ। ਇਹਨਾਂ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕਾਨੂੰਨ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਰਾਸ਼ਟਰੀ ਗੌਰਵ ਪੁਰਸਕਾਰ ਅਤੇ ਸ਼ਾਨੇ ਪੰਜਾਬ ਅਵਾਰਡ ਨਾਲ 55 ਸਖਸ਼ੀਅਤਾਂ ਦਾ ਸਨਮਾਨ



**ਪਟਿਆਲਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀਆ ਜਯੋਤੀ ਕਲਾ ਮੰਚ (ਰਜਿ) ਅਤੇ ਜਸ਼ਨ ਐਂਟਰਟੇਨਮੈਂਟ ਵੱਲੋਂ ਡਾਇਰੈਕਟਰ ਰਾਕੇਸ਼ ਠਾਕੁਰ ਦੀ ਨਿਰਦੇਸ਼ਨਾ ਹੇਠ ਅਤੇ ਸੰਜੇ ਗੋਇਲ ਦੀ ਸਰਪ੍ਰਸਤੀ ਹੇਠ ਭਾਰਤ ਵਿਕਾਸ ਪ੍ਰੀਸ਼ਦ ਦੇ ਹਾਲ ਵਿੱਚ ਰਾਸ਼ਟਰੀਆ ਗੌਰਵ ਪੁਰਸਕਾਰ 2025 ਅਤੇ ਸ਼ਾਨੇ ਪੰਜਾਬ ਐਵਾਰਡ 2025 ਨਾਲ ਵੱਖ -ਵੱਖ ਖੇਤਰਾਂ ਵਿੱਚ ਆਪਣਾ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸੁਰਭੀ ਗਰਗ, (ਆਈ. ਆਰ. ਐਸ) ਡਿਪਟੀ ਕਮਿਸ਼ਨਰ ਇਨਕਮ ਟੈਕਸ, ਚੰਡੀਗੜ੍ਹ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਸ਼ਨ ਐਂਟਰਟੇਨਮੈਂਟ ਦੇ ਪ੍ਰੋਡਿਊਸਰ ਐਨਆਰਆਈ, ਮੈਡਮ ਜੱਸ ਧਨੋਆ, ਡਾਇਰੈਕਟਰ ਬਿੱਟੂ ਰੰਧਾਵਾ, ਕੁੰਦਨ ਗੋਗੀਆ( ਮੇਅਰ ਪਟਿਆਲਾ), ਸੌਰਭ ਜੈਨ (ਐਮ ਡੀ ਵਰਧਮਾਨ ਹਸਪਤਾਲ), ਮੇਘਚੰਦ ਸ਼ੇਰਮਾਜਰਾ (ਚੇਅਰਮੈਨ, ਇੰਪਰੋਵੇਮੈਂਟ ਟਰੱਸਟ) ਹਰਿੰਦਰ ਕੋਹਲੀ (ਸੀ. ਡਿਪਟੀ ਮੇਅਰ) ਜਗਦੀਪ ਸਿੰਘ ਜੱਗਾ(ਡਿਪਟੀ ਮੇਅਰ), ਰਾਜੀਵ ਗੋਇਲ(ਸਮਾਜ ਸੇਵੀ), ਡਾ. ਮੀਨਾ ਗਰਗ - ਡਾ. ਨਰੇਸ਼ ਗਰਗ (ਗਰਗ ਮਿਸ਼ਨ ਹਸਪਤਾਲ), ਭਗਵਾਨ ਦਾਸ ਜੁਨੇਜਾ (ਗਰੀਨਮੈਨ), ਭੁਪਿੰਦਰ ਸਿੰਘ (ਐਮ ਡੀ, ਮਾਤਾ ਗੁਜਰੀ ਪਬਲਿਕ ਸਕੂਲ), ਕਾਂਗਰਸੀ ਆਗੂ ਸੰਜੀਵ ਸ਼ਰਮਾ, ਰੇਖਾ ਮਾਨ (ਨੈਸ਼ਨਲ ਐਵਾਰਡੀ) ਡਾ. ਸਵਰਾਜ ਸਿੰਘ (ਵਿਸ਼ਵ ਚਿੰਤਕ)ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਉੱਤੇ 55 ਸਖਸ਼ੀਅਤਾਂ ਨੂੰ ਰਾਸ਼ਟਰੀਆ ਗੌਰਵ ਪੁਰਸਕਾਰ ਤੇ ਸ਼ਾਨੇ ਪੰਜਾਬ ਐਵਾਰਡ 2025 ਦੇਕੇ ਸਨਮਾਨਤ ਕੀਤਾ ਗਿਆ। ਮੰਚ ਦੇ ਚੇਅਰਮੈਨ ਸੰਜੇ ਗੋਇਲ, ਪੈਟਰਨ ਬੀਰ ਚੰਦ ਖੁਰਮੀ, ਸੀਨੀ. ਪ੍ਰੈਜ਼ੀਡੈਂਟ ਇੰਜ. ਨਰਿੰਦਰ ਸਿੰਘ, ਅਕਸ਼ੇ ਗੋਪਾਲ (ਪੈਟਰਨ), ਤ੍ਰਿਭਵਨ ਗੁਪਤਾ, ਧੀਰਜ ਗੋਇਲ, ਵਰਿੰਦਰ ਗਰਗ (ਏ ਵੀ ਮਾਰਕੀਟਿੰਗ), ਮੋਹਨ ਸਿੰਗਲਾ, ਆਰਕੀਟੈਕਟ ਐਲ ਆਰ ਗੁਪਤਾ, ਇੰਜ. ਰਿਸ਼ੀ ਗਰਗ, ਐਡਵੋ. ਸੁਰਿੰਦਰ ਮੋਹਨ ਸਿੰਗਲਾ, ਹਰਮੇਸ਼ ਸਿੰਗਲਾ, ਪਰਵੀਨ ਗੋਇਲ, ਹਰਿੰਦਰ ਗੁਪਤਾ, ਇੰਦਰਮੋਹਨ ਸਿੰਘ ਬਜਾਜ, ਅਸ਼ੋਕ ਸਿਰਸਵਾਲ, ਗਗਨ ਗੋਇਲ, ਬਰਿੰਦਰ ਵਰਮਾ, ਅਨੂ ਮਹੰਤ, ਸੋਨੀਆ ਚੌਹਾਨ, ਮਨਜੀਤ ਗਰੇਵਾਲ, ਕਰਮਵੀਰ ਪੁਰੀ, ਦਰਸ਼ਨ ਜਿੰਦਲ, ਡਾ. ਸਤਿਆਪਾਲ ਸਲੂਜਾ, ਮੋਹਿਤ ਗੋਇਲ, ਨਵਦੀਪ ਵਰਮਾ (ਐਨ ਆਰ ਆਈ), ਨਰਿੰਦਰ ਮਿੱਤਲ, ਰਾਜੇਸ਼ ਸਿੰਗਲਾ, ਹਰਕੇਸ਼ ਮਿੱਤਲ ਬਲਬੇੜਾ ਅਤੇ ਮੰਚ ਦੇ ਹੋਰ ਅਹੁਦੇਦਾਰਾਂ ਨੇ ਵੱਖ - ਵੱਖ ਸਖਸ਼ੀਅਤਾਂ ਨੂੰ ਆਪਣੇ ਕਰ ਕਮਲਾਂ ਨਾਲ ਐਵਾਰਡ ਦੇਕੇ ਸਨਮਾਨਤ ਕੀਤਾ। ਇਸ ਦੌਰਾਨ ਜਿਹਨਾਂ ਸਖਸ਼ੀਅਤਾਂ ਨੂੰ ਰਾਸ਼ਟਰੀਆ ਗੌਰਵ ਪੁਰਸਕਾਰ ਤੇ ਸ਼ਾਨੇ ਪੰਜਾਬ ਐਵਾਰਡ ਹਾਸਲ ਹੋਇਆ, ਉਹਨਾਂ ਵਿੱਚ ਨਵਦੀਪ ਵਾਲੀਆ, ਜਗਪਾਲ ਇੰਦਰ ਸਿੰਘ, ਏ ਪੀ ਸਿੰਘ, ਡਾ. ਨਵੀਨ ਸਾਰੋਵਾਲ, ਡਾ. ਨੀਰਜ ਗੋਇਲ, ਡਾਕਟਰ ਅਸ਼ੋਕ ਜੋਸ਼ੀ, ਲਾਇਨ ਸੁਭਾਸ਼ ਡਾਬਰ, ਕੇ ਕੇ ਜੁਨੇਜਾ, ਅਸ਼ਵਨੀ ਮਹਿਤਾ, ਪ੍ਰਿੰਸੀਪਲ ਅੰਕੁਸ਼ ਕਾਂਸਲ, ਪ੍ਰੀਤ ਇੰਦਰ ਸਿੰਘ, ਮੁਕੇਸ਼ ਸਿੰਗਲਾ, ਸੁਖਦੇਵ ਸਿੰਘ ਖਾਲਸਾ, ਅਵਤਾਰ ਸਿੰਘ ਅਰੋੜਾ, ਗੌਰਵ ਸਿੰਗਲਾ, ਡਾਕਟਰ ਹਰੀਸ਼ ਚੰਦਰਾ, ਕਰਨਲ ਜੇ. ਐਸ. ਥਿੰਦ, ਅਨਿਲ ਖੰਨਾ, ਨਰਿੰਦਰ ਸਿੰਘ, ਯਸ਼ਪਾਲ ਕੱਕੜ, ਵਿਮਲ ਗਾਬਾ, ਸੰਜੀਵ ਵਰਮਾ, ਸਮੀਰ ਅਰੋੜਾ, ਰਾਕੇਸ਼ ਗਰਗ, ਰਾਹੁਲ ਮਹਿਤਾ, ਡਾਕਟਰ ਮਹੇਸ਼ ਗੌਤਮ, ਮਨੋਜ ਥਾਪਰ, ਰਮਨਪ੍ਰੀਤ ਸਿੰਘ, ਨਰੇਸ਼ ਕੁਮਾਰ ਕਾਕਾ, ਇੰਜੀਨੀਅਰ ਸੁਭਾਸ਼ ਸ਼ਰਮਾ, ਰਾਜੀਵ ਗਰਗ, ਧਰਮਪਾਲ ਗਰਗ, ਬਲਜਿੰਦਰ ਸਿੰਘ (ਭਾਨਰਾ), ਚਿੰਟੂ (ਨਾਸਰਾ), ਸੁਰੇਸ਼ ਕੁਮਾਰ, ਮਨੋਜ ਗਰਗ, ਹਰਵਿੰਦਰ ਸਿੰਘ ਹਨੀ, ਜੋਗਿੰਦਰ ਗੁਪਤਾ, ਰਮੇਸ਼ ਵਰਮਾ, ਗੋਪਾਲ ਸ਼ਰਮਾ, ਰਵਿੰਦਰ ਬੰਸਲ, ਮਨੋਜ ਰਾਜਨ, ਰਾਕੇਸ਼ ਸੂਦ, ਨਵਨੀਤ ਵਾਲੀਆ, ਬਬਲੂ ਸ੍ਰੀਵਾਸਤਵਾ, ਤਨੂ ਮਹੰਤ, ਜਸਪਾਲ ਸਿੰਘ (ਜੱਜੂ), ਹਰਪ੍ਰੀਤ ਸਿੰਘ ਹੁੰਦਲ, ਜਗਮੋਹਨ ਸਿੰਘ, ਮੋਹਿਤ ਗਰਗ, ਅਕਸ਼ੇ ਬੌਬੀ, ਸਤਵਿੰਦਰ ਸਿੰਘ ਅਤੇ ਗੁਰਜਿੰਦਰ ਸਿੰਘ ਸ਼ਾਮਿਲ ਸਨ। ਇਸ ਐਵਾਰਡ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਡਾਕਟਰ ਧਰਮਿੰਦਰ ਸੰਧੂ, ਮਮਤਾ ਠਾਕੁਰ, ਡਾਕਟਰ ਸਪਨਾ, ਬਿਲੀਅਮਜੀਤ ਸਿੰਘ, ਅੰਮ੍ਰਿਤ ਕੌਰ, ਸੁਮਨ, ਸੰਜੇ ਸਟੂਡੀਓ, ਰਾਮ ਸ਼ਰਨ, ਨੇ ਆਪਣਾ ਯੋਗਦਾਨ ਪਾਇਆ।

# ਪਲਾਸਟਿਕ ਪ੍ਰਦੂਸ਼ਣ ਦਾ ਮੁਕਾਬਲਾ ਕਰਨ ਲਈ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ



**ਮੁਹਾਲੀ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਮੁੱਖ ਦਫ਼ਤਰ ਦੇ ਹੁਕਮਾਂ ਦੀ ਪਾਲਣਾ ਵਿੱਚ ਵਿਸ਼ਵ ਵਾਤਾਵਰਣ ਦਿਵਸ ਮਨਾਉਣ ਤੋਂ ਪਹਿਲਾਂ ਵਾਤਾਵਰਣ ਇੰਜੀਨੀਅਰ, ਇੰਜੀ. ਰਣਧੀਰ ਸ਼ਰਮਾ ਦੀ ਅਗਵਾਈ ਹੇਠ ਖੇਤਰੀ ਦਫ਼ਤਰ, ਮੋਹਾਲੀ ਵੱਲੋਂ ਪਲਾਸਟਿਕ ਪ੍ਰਦੂਸ਼ਣ ਦਾ ਮੁਕਾਬਲਾ ਕਰਨ ਲਈ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਵੇਂ ਕਿ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਨੇੜੇ ਆ ਰਿਹਾ ਹੈ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਅੱਜ ਗਿਆਨ ਜੋਤੀ ਗਲੋਬਲ ਸਕੂਲ, ਸੈਕਟਰ 54, ਮੋਹਾਲੀ ਵਿਖੇ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਜਿਸਦਾ ਉਦੇਸ਼ ਇਸ ਸਾਲ ਦੇ ਵਾਤਾਵਰਣ ਦਿਵਸ ਦੇ ਥੀਮ ÷ਪਲਾਸਟਿਕ ਪ੍ਰਦੂਸ਼ਣ ਨੂੰ ਖਤਮ ਕਰੋ÷ ਨੂੰ ਮਨਾਉਣਾ ਹੈ। ਇਸ ਪ੍ਰੋਗਰਾਮ ਵਿੱਚ ਪੇਂਟਿੰਗ ਮੁਕਾਬਲਾ, ਸੈਮੀਨਾਰ ਅਤੇ ਸਹੁੰ ਚੁੱਕ ਸਮਾਰੋਹ ਸ਼ਾਮਲ ਹਨ। ਇਸ ਪ੍ਰੋਗਰਾਮ ਵਿੱਚ ਕੁੱਲ 120 ਵਿਦਿਆਰਥੀਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਦਾ ਉਦੇਸ਼ ਮੁੱਖ ਵਾਤਾਵਰਣ ਸੰਬੰਧੀ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ, ਜਿਸ ਵਿੱਚ ਪਲਾਸਟਿਕ ਦੀ ਵਰਤੋਂ ਦੇ ਨੁਕਸਾਨਦੇਹ ਪ੍ਰਭਾਵਾਂ, ਸਹੀ ਡਸਟਬਿਨ ਦੀ ਵਰਤੋਂ ਕਰਕੇ ਗਲੀਆਂ ਨੂੰ ਸਾਫ਼ ਰੱਖਣ ਦੀ ਮਹੱਤਤਾ ਸ਼ਾਮਲ ਹੈ ਅਤੇ ਪਲਾਸਟਿਕ ਪੈਕਿੰਗ ਦੀ ਬਜਾਏ ਸਟੀਲ ਦੇ ਭਾਂਡਿਆਂ ਦੀ ਵਰਤੋਂ ਕਰਨ ਦੇ ਫਾਇਦੇ। ਵਿਦਿਆਰਥੀਆਂ ਨੂੰ ਸਿੰਗਲ-ਯੂਜ਼ ਪਲਾਸਟਿਕ ਦੇ ਖ਼ਤਰਿਆਂ ਅਤੇ ਈ-ਕੂੜੇ ਦੇ ਸਹੀ ਨਿਪਟਾਰੇ ਅਤੇ ਰੀਸਾਈਕਲਿੰਗ ਬਾਰੇ ਵੀ ਜਾਗਰੂਕ ਕੀਤਾ ਗਿਆ। ਪਲਾਸਟਿਕ ਪ੍ਰਦੂਸ਼ਣ ਨੂੰ ਹਰਾਓ÷ ਵਿਸ਼ੇ 'ਤੇ ਪੇਂਟਿੰਗ ਮੁਕਾਬਲੇ ਨੇ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਦਾ ਪ੍ਰਦਰਸ਼ਨ ਕੀਤਾ ਅਤੇ ਪਲਾਸਟਿਕ ਦੀ ਰਹਿੰਦ-ਖੂੰਹਦ ਨੂੰ ਘਟਾਉਣ ਦੀ ਜ਼ਰੂਰਤ ਨੂੰ ਉਜਾਗਰ ਕੀਤਾ। ਪੀਪੀਸੀਬੀ ਟੀਮ ਦੁਆਰਾ ਆਯੋਜਿਤ ਸੈਮੀਨਾਰ ਵਿੱਚ ਸਿੰਗਲ-ਯੂਜ਼ ਪਲਾਸਟਿਕ ਦੇ ਵਿਕਲਪਾਂ ਅਤੇ ਪਲਾਸਟਿਕ ਪ੍ਰਦੂਸ਼ਣ ਨਾਲ ਨਜਿੱਠਣ ਲਈ ਮਿਸ਼ਨ ਲਾਈਫ ਪਹਿਲਕਦਮੀ ਬਾਰੇ ਵੀ ਕੀਮਤੀ ਜਾਣਕਾਰੀ ਪ੍ਰਦਾਨ ਕੀਤੀ ਗਈ। ਸਹੁੰ ਚੁੱਕ ਸਮਾਗਮ ਦੌਰਾਨ, ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਪਲਾਸਟਿਕ ਦੀ ਵਰਤੋਂ ਘਟਾਉਣ, ਵਾਤਾਵਰਣ ਅਨੁਕੂਲ ਅਭਿਆਸਾਂ ਨੂੰ ਅਪਣਾਉਣ ਅਤੇ ਸਾਫ਼ ਵਾਤਾਵਰਣ ਵਿੱਚ ਯੋਗਦਾਨ ਪਾਉਣ ਦੀ ਸਹੁੰ ਚੁੱਕੀ।

# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਫਲ਼ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਸਬੰਧੀ ਕਿੱਤਾ ਮੁਖੀ ਸਿਖਲਾਈ ਕੋਰਸ ਕਰਵਾਇਆ



**ਪਟਿਆਲਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਫਲ਼ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਦਾ ਪੰਜ-ਰੋਜ਼ਾ ਸਿਖਲਾਈ ਕੋਰਸ ਆਯੋਜਿਤ ਕੀਤਾ ਗਿਆ। ਇਸ ਸਿਖਲਾਈ ਕੋਰਸ ਵਿਚ ਨੇੜਲੇ ਪਿੰਡਾਂ ਦਿਲਾਵਰਪੁਰ, ਦੀਵਾਨਗੜ੍ਹ, ਸਾਲੂਵਾਲ, ਨਰਮਾਣਾ, ਖੇੜੀ ਜਟਾਂ ਅਤੇ ਗੁਰਦਿੱਤਪੁਰਾ ਤੋਂ 48 ਕਿਸਾਨ ਅਤੇ ਬੀਬੀਆਂ ਨੇ ਭਾਗ ਲਿਆ। ਸਿਖਲਾਈ ਦੇ ਕੋਰਸ ਕੁਆਰਡੀਨੇਟਰ ਡਾ. ਰਜਨੀ ਗੋਇਲ, ਪ੍ਰੋਫੈਸਰ (ਭੋਜਨ ਵਿਗਿਆਨ) ਨੇ ਫਲ਼ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ, ਪੈਕਿੰਗ ਅਤੇ ਲੇਬਲਿੰਗ ਬਾਰੇ ਸਿਖਲਾਈ ਦਿੱਤੀ।

ਕੋਰਸ ਦੌਰਾਨ ਸਿੱਖਿਆਰਥੀਆਂ ਨੇ ਆਪਣੇ ਹੱਥੀ ਵੱਖ-ਵੱਖ ਮੁਰੱਬੇ, ਕੈਂਡੀ, ਜੈਮ, ਆਰ.ਟੀ.ਸੀ., ਸੁਕੈਸ਼, ਬਰਫ਼ੀ ਅਤੇ ਜੂਸ ਤਿਆਰ ਕਰਨ ਦੀ ਵਿਧੀ ਨੂੰ ਜਾਣਿਆ। ਸਿੱਖਿਆਰਥੀਆਂ ਨੂੰ ਸੂਰਜੀ ਜਿਣਸ ਸੁਕਾਵਾਂ ਅਤੇ ਸੋਲਰ ਕੁਕਰ ਦੀ ਵਰਤੋਂ ਬਾਰੇ ਵੀ ਦੱਸਿਆ ਗਿਆ। ਅਗਾਂਹਵਧੂ ਕਿਸਾਨ ਸ. ਬਲਵਿੰਦਰ ਸਿੰਘ, ਪਿੰਡ ਅਲਹੋਰਾਂ ਖ਼ੁਰਦ ਨੇ ਸਿੱਖਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਸਖ਼ਤ ਮਿਹਨਤ ਲਈ ਉਤਸ਼ਾਹਿਤ ਕੀਤਾ। ਡਾ. ਗੁਰਉਪਦੇਸ਼ ਕੌਰ, ਪ੍ਰੋਫੈਸਰ (ਗ੍ਰਹਿ ਵਿਗਿਆਨ), ਕੇ.ਵੀ.ਕੇ., ਪਟਿਆਲਾ ਨੇ ਸਿੱਖਿਆਰਥੀਆਂ ਨੂੰ ਫਲ਼ਾਂ ਅਤੇ ਸਬਜ਼ੀਆਂ ਦੇ ਖ਼ੁਰਾਕੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਡਾ. ਰਚਨਾ ਸਿੰਗਲਾ, ਪ੍ਰੋਫੈਸਰ (ਬਾਗਬਾਨੀ) ਨੇ ਘਰੇਲੂ ਬਗੀਚੀ ਅਤੇ ਫਲਦਾਰ ਬੂਟਿਆਂ ਦੀ ਕਾਸ਼ਤ ਬਾਰੇ ਦੱਸਿਆ।

ਡਾ. ਹਰਦੀਪ ਸਿੰਘ ਸਭਿਖੀ, ਡਿਪਟੀ ਡਾਇਰੈਕਟਰ (ਸਿਖਲਾਈ), ਕੇ.ਵੀ.ਕੇ., ਪਟਿਆਲਾ ਨੇ ਸਿੱਖਿਆਰਥੀਆਂ ਨੂੰ ਕੇ.ਵੀ.ਕੇ. ਦੀਆ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਅਤੇ ਇਸ ਕੋਰਸ ਨੂੰ ਵਪਾਰਕ ਪੱਧਰ ਤੇ ਵਰਤਣ ਲਈ ਵੀ ਪ੍ਰੇਰਿਆ। ਇਸ ਕੋਰਸ ਦੌਰਾਨ ਪਿੰਡ ਕਲਿਆਣ ਵਿਖੇ ਸਿੱਖਿਆਰਥੀਆਂ ਨੂੰ ਪ੍ਰੋਸੈਸਿੰਗ ਯੂਨਿਟ ਦਾ ਦੌਰਾ ਵੀ ਕਰਵਾਇਆ। ਫੂਡ ਪ੍ਰੋਸੈਸਰ ਬੀਬੀ ਗੁਰਪ੍ਰੀਤ ਕੌਰ (ਕੇ.ਐਸ.ਐਗਰੋ) ਨੇ ਆਪਣੇ ਸਫਲਤਾ ਦੇ ਨੁਕਤੇ ਸਿੱਖਿਆਰਥੀਆਂ ਨਾਲ ਸਾਂਝੇ ਕੀਤੇ। ਸਿਖਲਾਈ ਵਿਚ ਹਿੱਸਾ ਲੈਣ ਵਾਲੇ ਸਾਰੇ ਸਿੱਖਿਆਰਥੀਆਂ ਨੇ ਪੀ.ਏ.ਯੂ. ਦੀਆਂ ਪ੍ਰਕਾਸ਼ਿਤ ਕਿਤਾਬਾਂ ਵੀ ਖਰੀਦੀਆਂ।

# ਪ੍ਰੀਵਾਰ ਵਿਛੋੜਾ ਪਬਲਿਕ ਸਕੂਲ ਸਰਸਾ ਨੰਗਲ ਵਿਖੇ ਗਣਿਤ ਪ੍ਰਸ਼ਨ-ਉੱਤਰੀ ਮੁਕਾਬਲੇ ਕਰਵਾਏ ਗਏ



**ਰੂਪ ਨਗਰ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟੋਰੇਟ ਆਫ਼ ਐਜੂਕੇਸ਼ਨ ਬਹਾਦਰਗੜ੍ਹ ਪਟਿਆਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਪ੍ਰਬੰਧ ਅਧੀਨ ਚਲ ਰਹੇ ਪ੍ਰੀਵਾਰ ਵਿਛੋੜਾ ਪਬਲਿਕ ਸਕੂਲ ਸਰਸਾ ਨੰਗਲ ਰੋਪੜ ਵਿਖੇ ਪ੍ਰਿੰਸੀਪਲ ਸ੍ਰ ਸਰਬਜੀਤ ਸਿੰਘ ਜੀ ਦੀ ਯੋਗ ਅਗਵਾਈ ਹੇਠ ਗਣਿਤ ਵਿਸ਼ੇ ਨਾਲ ਸੰਬੰਧਿਤ ਪ੍ਰਸ਼ਨ ਉੱਤਰੀ ਮੁਕਾਬਲੇ ਹਾਊਸ ਵਾਇਜ਼ ਕਰਵਾਏ ਗਏ। ਜਿਸ ਵਿਚ ਜੂਨੀਅਰ ਵਿੰਗ ਵਿੱਚੋ ਪਹਿਲੀ ਤੋਂ ਪੰਜਵੀਂ ਜਮਾਤ ਦੇ ਪੰਜ ਪੰਜ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਸੀਨੀਅਰ ਵਿੰਗ ਵਿੱਚੋ ਛੇਵੀਂ ਤੋਂ ਦਸਵੀਂ ਜਮਾਤ ਦੇ ਪੰਜ ਪੰਜ ਵਿਦਿਆਰਥੀਆਂ ਨੇ ਹਿੱਸਾ ਲਿਆ।

ਸੀਨੀਅਰ ਵਿੰਗ ਦੇ ਸਟੇਜ਼ ਸੈਕਟਰੀ ਦਾ ਸੰਚਾਲਨ ਸ਼੍ਰੀਮਤੀ ਪਵਨ ਰੇਖਾ ਨੇ ਕੀਤਾ ਅਤੇ ਯੂਨੀਅਰ ਵਿੰਗ ਦੇ ਸਟੇਜ ਸੈਕਟਰੀ ਦਾ ਸੰਚਾਲਨ ਸ਼੍ਰੀਮਤੀ ਪਵਨਪ੍ਰੀਤ ਕੌਰ ਨੇ ਕੀਤਾ ।ਸ਼੍ਰੀਮਤੀ ਕੁਲਵੰਤ ਕੌਰ ਅਤੇ ਚਿਤਵਨ ਕੌਰ ਨੇ ਜੂਨੀਅਰ ਵਿੰਗ ਵਿੱਚ ਜੱਜ ਵਜੋਂ ਭੂਮਿਕਾ ਨਿਭਾਈ।ਸੀਨੀਅਰ ਵਿੰਗ ਦੇ ਜੱਜਾਂ ਦੀ ਡਿਊਟੀ ਮਿਨਾਲੀ ਸਿੰਘ ਅਤੇ ਸਤਿੰਦਰ ਕੌਰ ਨੇ ਨਿਭਾਈ।

# ਬਲੱਡ ਪ੍ਰੈਸ਼ਰ ਦੀ ਨਿਯਮਤ ਜਾਂਚ ਕਰਵਾਉਣੀ ਜ਼ਰੂਰੀ: ਸਿਵਲ ਸਰਜਨ



**ਬਰਨਾਲਾ, 27 ਮਈ**
**-ਰਾਕੇਸ਼ ਗੋਇਲ-**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਹਾਈਪਰਟੈਂਨਸਨ ਦਿਵਸ ਸਬੰਧੀ ਚੈੱਕਅਪ ਅਤੇ ਜਾਗਰੂਕਤਾ ਗਤੀਵਿਧੀਆਂ 17 ਜੂਨ ਤੱਕ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਲੋਕਾਂ ਨੂੰ ਬਲੱਡ ਪ੍ਰੈਸ਼ਰ ਦੇ ਵਧਣ ਕਾਰਨ ਹੋਣ ਵਾਲੀਆਂ ਬਿਮਾਰੀਆਂ ਅਤੇ ਸਿਹਤ ਸਮੱਸਿਆਵਾਂ ਤੋਂ ਬਚਾਇਆ ਜਾ ਸਕੇ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ.ਬਲਜੀਤ ਸਿੰਘ ਨੇ ਕੀਤਾ।

ਇਸ ਸਬੰਧੀ ਡਾ.ਪ੍ਰਵੇਸ਼ ਕੁਮਾਰ ਜ਼ਿਲ੍ਹਾ ਪਰਿਵਾਰ ਭਲਾਈ ਨੋਡਲ ਅਫਸਰ- ਐਨ ਪੀ ਐਨ ਸੀ ਡੀ ਨੇ ਦੱਸਿਆ ਕਿ ਹਾਈਪਰਟੈਂਸ਼ਨ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਦਾ ਮੁੱਖ ਕਾਰਨ ਬਣਦਾ ਹੈ ਜਿਵੇਂ ਕਿ ਸਟ੍ਰੋਕ, ਦਿਲ ਦੇ ਦੌਰੇ, ਗੁਰਦੇ ਦੀ ਬਿਮਾਰੀ, ਨਿਗ੍ਹਾ ਦੀ ਕਮਜ਼ੋਰੀ ਅਤੇ ਦਿਮਾਗੀ ਕਮਜੋਰੀ ਆਦਿ ਹੋ ਸਕਦੀਆਂ ਹਨ।ਇਸ ਲਈ 30 ਸਾਲ ਦੀ ਉਮਰ ਤੋਂ ਬਾਅਦ ਸਮੇਂ-ਸਮੇਂ 'ਤੇ ਬਲੱਡ ਪ੍ਰੈਸ਼ਰ ਚੈੱਕ ਕਰਾਉਣਾ ਚਾਹੀਦਾ ਹੈ ਅਤੇ ਡਾਕਟਰ ਵੱਲੋਂ ਦਿੱਤੀ ਦਵਾਈ ਦਾ ਸੇਵਨ ਰੋਜ਼ਾਨਾ ਕਰਨਾ ਚਾਹੀਦਾ ਹੈ ।

ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਕੁਲਦੀਪ ਸਿੰਘ ਮਾਨ ਅਤੇ ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਹਰਜੀਤ ਸਿੰਘ ਨੇ ਹੰਢਿਆਇਆ, ਧੌਲਾ ਸਿਹਤ ਕੇਂਦਰਾਂ ਅਤੇ ਪਿੰਡ ਦੀਆਂ ਸੱਥਾਂ 'ਚ ਜਾ ਕੇ ਜਾਗਰੂਕ ਕੀਤਾ ਕਿ ਬਹੁਤ ਸਾਰੇ ਲੋਕ ਜੋ ਹਾਈਪਰਟੈਂਸ਼ਨ ਤੋਂ ਪੀੜਤ ਹੁੰਦੇ ਹਨ, ਉਹਨਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ ਇਸ ਬਿਮਾਰੀ ਨਾਲ ਪੀੜ੍ਹਤ ਹਨ ਕਿਉਂਕਿ ਕਈ ਵਾਰ ਕੋਈ ਲੱਛਣ ਦਿਖਾਈ ਨਹੀਂ ਦਿੰਦਾ, ਅਕਸਰ ਲੋਕਾਂ ਨੂੰ ਦਿਲ ਦਾ ਦੌਰਾ ਪੈਣ ਜਾਂ ਦੌਰਾ ਪੈਣ ਤੋਂ ਬਾਅਦ ਹੀ ਪਤਾ ਲੱਗਦਾ ਹੈ। ਬਲੱਡ ਪ੍ਰੈਸ਼ਰ ਨੂੰ ਕੰਟਰੋਲ 'ਚ ਰੱਖਣ ਲਈ ਸਵੇਰੇ ਸ਼ਾਮ ਕਸਰਤ ਕਰਨੀ ਚਾਹੀਦੀ ਹੈ ਅਤੇ ਮੌਸਮ ਅਨੁਸਾਰ ਫਲ ਸਬਜੀਆਂ ਦਾ ਸੇਵਨ ਕਰਨਾ ਚਾਹੀਦਾ ਹੈ। ਤਲਿਆ,ਮਸਾਲੇਦਾਰ ਭੋਜਨ ਅਤੇ ਵਧੇਰੇ ਨਮਕ ਖਾਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਸ਼ਰਾਬ, ਬੀੜੀ-ਸਿਗਰੇਟ ਆਦਿ ਨਸਿਆਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਤਣਾਅ ਰਹਿਤ ਰਹਿਣ ਲਈ, ਵਿਅਕਤੀ ਨੂੰ ਧਿਆਨ ਅਤੇ ਯੋਗਾ ਕਰਨਾ ਚਾਹੀਦਾ ਹੈ। ਜੀਵਨਸ਼ੈਲੀ ਵਿੱਚ ਤਬਦੀਲੀਆਂ ਕਰਨ ਨਾਲ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਐਨ.ਸੀ.ਡੀ. ਪ੍ਰੋਗਰਾਮ ਤਹਿਤ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਬਲੱਡ ਪ੍ਰੈਸ਼ਰ ਤੋਂ ਇਲਾਵਾ ਸ਼ੂਗਰ, ਤਿੰਨ ਤਰ੍ਹਾਂ ਦੇ ਕੈਂਸਰਾਂ ਦੀ ਜਾਂਚ ਅਤੇ ਦਵਾਈਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ।ਇਸ ਸਮੇਂ ਸਬ-ਸੈਂਟਰ ਹੰਢਿਆਇਆ ਅਤੇ ਧੌਲਾ ਦਾ ਸਟਾਫ ਹਾਜ਼ਰ ਸਨ।

# ਬਾਰਾਦਰੀ ਗਾਰਡਨਜ਼ ਵਿਖੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਇੱਕ ਰੋਜ਼ਾ ਯੋਗਾ ਕੈਂਪ ਲਗਾਇਆ



**ਪਟਿਆਲਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਰਾਦਰੀ ਗਾਰਡਨਜ਼ ਪਟਿਆਲਾ ਵਿਖੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਇੱਕ ਰੋਜ਼ਾ ਯੋਗਾ ਕੈਂਪ ਸਵੇਰੇ 5 ਵਜੇ ਤੋਂ 7 ਵਜੇ ਤੱਕ ਲਗਾਇਆ ਗਿਆ। ਇਸ ਕੈਂਪ ਵਿੱਚ ਮੁੱਖ ਮਹਿਮਾਨ ਤੌਰ ਤੇ ਸ੍ਰੀ ਕੁੰਦਨ ਗੋਗੀਆ ਜੀ ਮੇਅਰ ਪਟਿਆਲਾ ਅਤੇ ਡਾ. ਜੀ.ਐਸ. ਆਨੰਦ ਸਾਬਕਾ ਡਾਇਰੈਕਟਰ ਐਨ.ਆਈ.ਐਸ. ਪਟਿਆਲਾ ਗੈਸਟ ਆਫ ਆਨਰ ਉਚੇਚੇ ਤੌਰ ਤੇ ਪਹੁੰਚੇ। ਸ੍ਰੀ ਕੁੰਦਨ ਗੋਗੀਆ ਮੇਅਰ ਸਾਹਿਬ ਨੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਨਸ਼ਾ ਨੂੰ ਜੜ੍ਹ ਤੋਂ ਮੁਕਤ ਕਰਨਾ ਹੈ ਕਿਹਾ। ਉਹਨਾਂ ਨੇ ਨਸ਼ੇ ਤੋਂ ਦੂਰ, ਜੀਓ ਭਰਪੂਰ ਦਾ ਸੰਦੇਸ਼ ਦਿੱਤਾ। ਚੰਗੀ ਸਿਹਤ ਰੱਖਣ ਪ੍ਰਤੀ ਪ੍ਰੇਰਿਤ ਕੀਤਾ। ਗੈਸਟ ਆਫ ਆਨਰ ਡਾ. ਜੀ.ਐਸ. ਆਨੰਦ ਸਾਬਕਾ ਡਾਇਰੈਕਟਰ ਐਨ.ਆਈ.ਐਸ. ਨੇ ਆਪਣੇ ਵਿਚਾਰਾਂ ਤਹਿਤ ਸਾਰਿਆ ਨੂੰ ਯੋਗ, ਕਸਰਤ, ਅਤੇ ਰੋਜਾਨਾ ਸੈਰ ਕਰਨ ਲਈ ਕਿਹਾ। ਉਹਨਾਂ ਨੇ ਦੱਸਿਆ ਕਿ ਜੇ.ਐਸ. ਕੌਲੀ ਪ੍ਰਧਾਲ ਹੈਲਥ ਅਵੇਅਰਨੈਸ ਸੁਸਾਇਟੀ ਰਜਿ: ਨੇ 02–10–2015 ਤੋਂ ਲਗਾਤਾਰ ਨਿਰਵਿਘਨ ਬਾਰਾਦਰੀ ਵਿੱਚ ਯੋਗਾ ਕਲਾਸ ਉਮ ਪ੍ਰਕਾਸ਼ ਯੋਗਾ ਟੀਚਰ ਦੀ ਰਹਿਨੁਮਾਈ ਹੇਠ ਚਲਾ ਰਹੀ ਹੈ। ਇੱਕ ਰੋਜ਼ਾ ਯੋਗਾ ਕੈਂਪ ਮੰਜੂ ਕੁਮਾਰੀ ਦੀ ਅਗਵਾਈ ਵਿੱਚ ਲਗਾਇਆ ਗਿਆ। ਇਹ ਯੋਗਾ ਕਲਾਸ ਨਵੀਨਤਾ ਦੇ ਆਧਾਰ ਤੇ ਖੇਲ—ਖੇਲ ਰਾਹੀਂ ਅਤੇ ਹਾਸਿਆਂ ਰਾਹੀਂ ਸਾਡੇ ਸਰੀਰ ਦੀਆਂ ਬਲਾਕ ਨਸਾਂ ਨੂੰ ਖੋਹਲਣ ਦਾ ਇੱਕ ਨਿਵੇਕਲਾ ਉਪਰਾਲਾ ਮੰਜੂ ਕੁਮਾਰੀ ਯੋਗਾ ਟੀਚਰ ਨੇ ਦੱਸਿਆ। ਇਸ ਵਿੱਧੀ ਰਾਹੀਂ ਕਾਫੀ ਬਿਮਾਰੀਆਂ ਤੋਂ ਰਾਹਤ ਮਿਲਦੀ ਹੈ। ਇਸ ਮੌਕੇ ਹੈਲਥ ਅਵੇਅਰਨੈਸ ਸੁਸਾਇਟੀ ਬਾਰਾਦਰੀ ਗਾਰਡਨਜ਼ ਰਜਿ:, ਜ਼ਸਵੰਤ ਸਿੰਘ ਕੌਲੀ ਯੋਗਾ ਪਰਿਵਾਰ ਗਰੁੱਪ ਟੀ.ਐਸ. ਭਮਰਾ, ਰਣਜੀਤ ਕੌਰ, ਹਰਜੀਤ ਰੋਜੀ, ਫਿਟਨੈਸ ਕਲੱਬ ਪਟਿਆਲਾ ਹੈਪੀ ਵਰਮਾ, ਫਿਟਨੈਸ ਲਵਰਜ ਪੰਜਾਬ ਰਾਜਿੰਦਰ ਅੱਜੀ, ਫਰੈਂਡਜ਼ ਬਾਰਾਦਰੀ ਗਾਰਡਨਜ਼ ਜਸਜੀਤ ਰਾਜੂ, ਜਗਦੀਸ਼ ਅਹੂਜਾ ਜੱਗੀ ਗਰੁੱਪ (ਬਾਰਾਂਦਰੀ ਵਾਕ ਗਰੁੱਪ), ਸਿੰਮੀ ਭਾਟੀਆ ਭੰਗੜਾ ਗਰੁੱਪ ਉਰਵਿੰਦਰ ਕੌਰ, ਨਿਸ਼ੁਲਕ ਯੋਗਾ ਗਰੁੱਪ ਐਨ.ਡੀ.ਗੋਇਲ, ਬਟਰ ਫਲਾਈ ਗਰੁੱਪ ਸੁਮਨ ਦੇਵੀ, ਲਗਭਗ 150 ਮੈਂਬਰਜ਼ ਹਾਜਰ ਸਨ। ਅੰਤ ਵਿੱਚ ਲੱਸੀ ਦਾ ਲੰਗਰ ਵਰਤਾਇਆ ਗਿਆ।

# ਜ਼ਿਲ੍ਹੇ 'ਚ ਸ਼ਨੀਵਾਰ ਨੂੰ ਲਗਾਈ ਜਾਵੇਗੀ ਕੌਮੀ ਲੋਕ ਅਦਾਲਤ

**ਜਲੰਧਰ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜੁਡੀਸ਼ੀਅਲ ਅਦਾਲਤਾਂ ਜਲੰਧਰ, ਨਕੋਦਰ ਅਤੇ ਫਿਲੌਰ ਵਿੱਚ ਕੌਮੀ ਲੋਕ ਅਦਾਲਤ ਲਗਾਈ ਜਾ ਰਹੀ ਹੈ, ਜਿਥੇ ਲੰਬਿਤ ਸਿਵਲ ਅਤੇ ਫੌਜਦਾਰੀ ਦੇ ਸਮਝੌਤਾ ਹੋ ਸਕਣ ਵਾਲੇ ਕੇਸਾਂ ਅਤੇ ਹੋਰ ਸੰਸਥਾਵਾਂ ਜਿਵੇਂ ਬੈਂਕਾਂ, ਬਿਜਲੀ ਵਿਭਾਗ, ਵਿੱਤੀ ਸੰਸਥਾਨਾਂ ਦੇ ਪ੍ਰੀਲਿਟੀਗੇਟਿਵ ਕੇਸਾਂ ਦਾ ਫੈਸਲਾ ਰਾਜ਼ੀਨਾਮੇ ਰਾਹੀਂ ਕਰਵਾਉਣ ਲਈ ਸੁਣਵਾਈ ਕੀਤੀ ਜਾਵੇਗੀ।

ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨਿਰਭਉ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕ ਅਦਾਲਤ ਦਾ ਫੈਸਲਾ ਅੰਤਿਮ ਹੁੰਦਾ ਹੈ ਅਤੇ ਇਸ ਦੇ ਖਿਲਾਫ਼ ਕਿਤੇ ਵੀ ਅਪੀਲ ਨਹੀਂ ਕੀਤੀ ਜਾ ਸਕਦੀ।

ਸੀ.ਜੇ.ਐੱਮ.-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਾਹੁਲ ਕੁਮਾਰ ਆਜ਼ਾਦ ਨੇ ਜਿਨ੍ਹਾਂ ਧਿਰਾਂ ਨੂੰ 10.05.2025 ਨੂੰ ਮੁਲਤਵੀ ਹੋਈ ਲੋਕ ਅਦਾਲਤ ਤੋਂ ਬਾਅਦ ਆਪਣੇ ਕੇਸ ਦਾ ਨਿਪਟਾਰਾ ਕਰਾਉਣ ਲਈ 17.05.2025 ਦੀ ਤਾਰੀਕ ਦੇ ਸੰਮਨ ਜਾਰੀ ਹੋਏ ਹਨ, ਉਨ੍ਹਾਂ ਨੂੰ ਆਪਣੇ ਕੇਸ ਦਾ ਨਿਬੇੜਾ ਲੋਕ ਅਦਾਲਤ ਰਾਹੀਂ ਕਰਾਉਣ ਲਈ ਹਾਜ਼ਰ ਹੋਣ ਦੀ ਅਪੀਲ ਕੀਤੀ।

ਉਨ੍ਹਾਂ ਦੱਸਿਆ ਕਿ ਕੌਮੀ ਲੋਕ ਅਦਾਲਤ ਲਈ ਸਥਾਨ ਅਤੇ ਸਮਾਂ ਪਹਿਲਾਂ ਵਾਲਾ ਹੀ ਰਹੇਗਾ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਦੇ ਟ੍ਰੈਫਿਕ ਚਲਾਨਾਂ ਦਾ ਨਿਪਟਾਰਾ ਇਸ ਲੋਕ ਅਦਾਲਤ ਰਾਹੀਂ ਕੀਤਾ ਜਾਣਾ ਹੈ, ਉਹ ਵੀ 27 ਮਈ ਨੂੰ ਲੱਗਣ ਵਾਲੀ ਲੋਕ ਅਦਾਲਤ ਵਿਚ ਸਵੇਰੇ 8:45 ਵਜੇ ਤੋਂ ਪਹਿਲਾਂ ਕੋਰਟ ਵਿਚ ਹਾਜ਼ਰ ਹੋਣ ਤਾਂ ਜੋ ਉਨ੍ਹਾਂ ਦੇ ਚਲਾਨਾਂ ਦਾ ਨਿਪਟਾਰਾ ਲੋਕ ਅਦਾਲਤ ਵਿਚ ਸਮੇਂ ਸਿਰ ਕੀਤਾ ਜਾ ਸਕੇ।

# ਇੰਦਰਪਾਲ ਚੀਮਾਂ ਨੇ 'ਸੰਵਿਧਾਨ ਬਚਾਉ' ਰੈਲੀ ਦੇ ਸੰਬਧ ਚ ਕੀਤੀ ਸਾਧੂ ਸਿੰਘ ਧਰਮਸੋਤ ਨਾਲ ਮੁਲਾਕਾਤ



**ਨਾਭਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਦੇ ਪੰਜਾਬ ਫਾਰਮ ਹਾਊਸ ਵਿਖੇ ਕਾਂਗਰਸ ਪਾਰਟੀ ਵਲੋਂ 'ਸੰਵਿਧਾਨ ਬਚਾਓ ਰੈਲੀ' 25 ਮਈ ਐਤਵਾਰ ਨੂੰ ਕੀਤੀ ਜਾ ਰਹੀ ਹੈ। ਇਸ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਇਸ ਰੈਲੀ ਨੂੰ ਲੈ ਕੇ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਵਲੋਂ ਅਪਣੀ ਅਮਲੋਹ ਰਹਾਇਸ਼ ਤੇ ਵਰਕਰਾਂ ਤੇ ਆਗੂਆਂ ਨਾਲ ਮੀਟਿੰਗ ਕੀਤੀ ਰਹੇ ਹਨ।

ਇਸ ਮੋਕੇ ਸੰਬੋਧਨ ਕਰਦਿਆਂ ਧਰਮਸੌਤ ਨੇ ਕਿਹਾ ਕਿ ਇਹ ਸੰਵਿਧਾਨ ਬਚਾਓ ਰੈਲੀ ਇਤਿਹਾਸਿਕ ਹੋਵੇਗੀ, ਜਿਸ 'ਚ ਸੂਬਾ ਪ੍ਰਧਾਨ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ ਤੋਂ ਇਲਾਵਾ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਅਤੇ ਹੋਰ ਕਾਂਗਰਸ ਪਾਰਟੀ ਦੇ ਵੱਡੇ ਆਗੂ ਪਹੁੰਚ ਕੇ ਰੈਲੀ ਦੌਰਾਨ ਸੰਬੋਧਨ ਕਰਨਗੇ।


ਇਸ ਮੌਕੇ ਸੂਬਾ ਜੁਆਇੰਟ ਸਕੱਤਰ ਇੰਦਰਪਾਲ ਚੀਮਾ,ਸਨਦੀਪ ਸਨੀ ਦੀ ਮਜੂਦਗੀ ਵਿਚ ਨਾਭਾ ਤੋਂ 20 ਪੁਰਾਣੇ ਕਾਂਗਰਸੀ ਵਰਕਰਾਂ ਨੇ ਵੀ ਮੰਤਰੀ ਸਾਬ ਨਾਲ ਮੀਟਿੰਗ ਕੀਤੀ॥

# ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਸੁਖਦੀਪ ਹਥਨ ਨੂੰ ਗ੍ਰਿਫਤਾਰ ਕਰਨ ਦੀ ਨਿਖੇਧੀ, ਬਿਨਾਂ ਸ਼ਰਤ ਰਿਹਾਅ ਨਾ ਕਰਨ ਤੇ ਸੰਘਰਸ਼ ਦੀ ਚਿਤਾਵਨੀ

**ਮਲੇਰਕੋਟਲਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬੇਗਮਪੁਰਾ ਵਸਾਉਣ ਦੇ ਐਕਸ਼ਨ ਨੂੰ ਕੁਚਲਣ ਲਈ ਪੱਬਾਂ ਭਾਰ ਹੋਈ ਪੰਜਾਬ ਸਰਕਾਰ ਦੇ ਇਸ਼ਾਰਿਆਂ ਤੇ 20 ਮਈ ਨੂੰ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਸੁਖਦੀਪ ਹਥਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਉਸਨੂੰ ਉਸੇ ਦਿਨ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੈਂਕੜੇ ਆਗੂਆਂ ਸਮੇਤ ਮੈਜੀਸਟ੍ਰੇਟ ਦੇ ਅੱਗੇ ਪੇਸ਼ ਕਰਕੇ ਸੰਗਰੂਰ ਜੇਲ ਭੇਜ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾਈ ਆਗੂ ਸੁਖਦੀਪ ਹਥਨ ਨੂੰ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ 20 ਮਈ ਦੇ ਪ੍ਰੋਗਰਾਮ ਨਾਲ ਸਬੰਧਤ ਪੋਸਟਾਂ ਫੇਸਬੁਕ ਅਤੇ ਹੋਰਨਾਂ ਸੋਸ਼ਲ ਮੀਡੀਆ ਪਲੈਟਫਾਰਮਾ ਉੱਪਰ ਪਾਉਣ ਕਰਕੇ ਗਿਰਫਤਾਰ ਕੀਤਾ ਗਿਆ ਹੈ।



ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਮਲੇਰਕੋਟਲਾ ਦੇ ਪ੍ਰਧਾਨ ਕਮਲਦੀਪ ਕੌਰ, ਜਿਲਾ ਖਜਾਨਚੀ ਜਗਰਾਜ ਸਿੰਘ ਤੇ ਜਿਲ੍ਹਾ ਆਗੂ ਪਵਨਪ੍ਰੀਤ ਸਿੰਘ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਿਲਕੁਲ ਮੋਦੀ ਸਰਕਾਰ ਦੀ ਤਰ੍ਹਾਂ ਵਿਵਹਾਰ ਕਰ ਰਹੀ ਹੈ ਹੈ। ਜਿੱਥੇ ਮੋਦੀ ਸਰਕਾਰ ਦੇਸ਼ ਭਰ ਵਿੱਚ ਵਿਰੋਧੀ ਆਵਾਜ਼ਾਂ ਨੂੰ ਡੰਡੇ ਦੇ ਜ਼ੋਰ ਉੱਪਰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਪੰਜਾਬ ਸਰਕਾਰ ਪੰਜਾਬ ਵਿੱਚ ਉੱਠਣ ਵਾਲੀਆਂ ਵਿਰੋਧੀਆਂ ਆਵਾਜ਼ਾਂ ਨੂੰ ਦਬਾ ਰਹੀ ਹੈ।

ਪੰਜਾਬ ਸਰਕਾਰ ਲੋਕਾਂ ਦੀ ਜੁਬਾਨ ਬੰਦੀ ਦੇ ਰਾਹ ਪਈ ਹੋਈ ਹੈ। ਜਿਸ ਦੀ ਆਉਣ ਵਾਲੇ ਸਮੇਂ ਵਿੱਚ ਇਸ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ। ਆਗੂਆਂ ਨੇ ਦੱਸਿਆ ਕਿ ਸੰਗਰੂਰ ਜੇਲ ਵਿੱਚ ਬੰਦ 125 ਦੇ ਕਰੀਬ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਕਾਰਕੁਨਾਂ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਸੁਖਦੀਪ ਹੱਥਨ ਨਾਲ ਬੜਾ ਹੀ ਅਣਮਨੁੱਖੀ ਰਵਈਆ ਅਪਣਾਇਆ ਜਾ ਰਿਹਾ ਹੈ। 24 ਘੰਟੇ ਆਗੂਆਂ ਨੂੰ ਬੰਦੀ ਵਿੱਚ ਰੱਖਿਆ ਜਾ ਰਿਹਾ ਹੈ, ਉਹਨਾਂ ਨੂੰ ਪੀਣ ਲਈ ਸਾਫ ਪਾਣੀ ਤੇ ਸਾਫ ਭੋਜਨ ਨਹੀਂ ਦਿੱਤਾ ਜਾ ਰਿਹਾ।

ਇਥੋਂ ਤੱਕ ਕਿ ਪਰਿਵਾਰ ਵੱਲੋਂ ਭੇਜੇ ਕੱਪੜੇ ਅਤੇ ਹੋਰ ਜ਼ਰੂਰੀ ਸਮਾਨ ਵੀ ਕਾਰਕੁਨਾਂ ਨੂੰ ਨਹੀਂ ਦਿੱਤੇ ਜਾ ਰਹੇ। ਇਸ ਤੋਂ ਇਲਾਵਾ ਸੰਗਰੂਰ ਜੇਲ ਵਿੱਚ ਬੰਦ ਕਾਰਕੁਨਾਂ ਵਿੱਚੋਂ ਕੁਝ ਵਿਦਿਆਰਥੀ ਹਨ , ਜਿਨਾਂ ਦੇ ਪੇਪਰ ਚੱਲ ਰਹੇ ਹਨ ਪਰ ਉਹਨਾਂ ਨੂੰ ਪੇਪਰ ਦੇਣ ਦੀ ਵੀ ਇਜਾਜ਼ਤ ਨਹੀਂ ਦਿੱਤੀ ਗਈ ਜੋ ਕਿ ਸਰਾਸਰ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਹੈ ਸਿੱਖਿਆ ਕ੍ਰਾਂਤੀ ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਅੱਜ ਮਜ਼ਦੂਰ ਵਿਦਿਆਰਥੀਆਂ ਨੂੰ ਉਹਨਾਂ ਦੇ ਸਿੱਖਿਆ ਦੇ ਅਧਿਕਾਰ ਤੋਂ ਵਾਂਝਾ ਕਰ ਰਹੀ ਹੈ ਅਤੇ ਰਜਵਾੜਿਆਂ ਤੇ ਘੜੰਮ ਚੌਧਰੀਆਂ ਦੀ ਪਿੱਠ ਤੇ ਖੜੀ ਹੈ।

ਪੰਜਾਬ ਸਟੂਡੈਂਟਸ ਯੂਨੀਅਨ ਪੰਜਾਬ ਸਰਕਾਰ ਦੇ ਇਸ ਤਾਨਾਸ਼ਾਹੀ ਭਰੇ ਵਤੀਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ ਅਤੇ ਗ੍ਰਿਫ਼ਤਾਰ ਕੀਤੇ ਸਾਰੇ ਹੀ ਆਗੂਆਂ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕਰਦੀ ਹੈ ਅਤੇ ਜੇਕਰ ਇਹਨਾਂ ਆਗੂਆਂ ਨੂੰ ਰਿਹਾਅ ਨਾ ਕੀਤਾ ਗਿਆ ਤਾਂ ਇਸ ਖ਼ਿਲਾਫ਼ ਪੀ.ਐਸ.ਯੂ ਵੱਡਾ ਸੰਘਰਸ਼ ਵਿੱਢੇਗੀ।

# ਬਾਬਾ ਗਾਂਧਾ ਸਿੰਘ ਸਕੂਲ ਵਿਖੇ ਲਗਾਇਆ ਯੋਗਾ ਕੈਂਪ




**ਬਰਨਾਲਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਆਯੂਰਵੈਦਿਕ ਅਤੇ ਯੂਨਾਨੀ ਅਫ਼ਸਰ ਬਰਨਾਲਾ ਡਾ. ਅਮਨ ਕੌਸ਼ਲ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਮਹਿਲ ਕਲਾਂ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਅੱਜ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਮਹਿਲ ਕਲਾਂ ਵਿਖੇ ਯੋਗਾ ਕੈਂਪ ਲਗਾਇਆ ਗਿਆ।

ਇਸ ਦੌਰਾਨ ਡਾ. ਨਵਨੀਤ ਬਾਂਸਲ ਏਐਮਓ, ਸੀਐਚਸੀ ਮਹਿਲ ਕਲਾਂ ਨੇ ਦੱਸਿਆ ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਵੱਖ-ਵੱਖ ਯੋਗ ਆਸਣਾਂ ਦੀ ਜਾਣਕਾਰੀ ਦਿੱਤੀ ਗਈ ਅਤੇ ਉਹਨਾਂ ਕਿਹਾ ਕਿ ਯੋਗ ਇੱਕ ਪ੍ਰਾਚੀਨ ਵਿਗਿਆਨ ਹੈ ਜੋ ਮਨ, ਆਤਮਾ ਅਤੇ ਸ਼ਰੀਰ ਵਿੱਚ ਸੰਤੁਲਨ ਸਥਾਪਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਨਿਯਮਤ ਯੋਗ ਅਭਿਆਸ ਨਾਲ ਹੀ ਮਾਨਸਿਕ ਸ਼ਾਂਤੀ, ਲਚੀਲਾਪਨ ਅਤੇ ਆਤਮਿਕ ਵਿਕਾਸ ਸੰਭਵ ਹੈ।

ਡਾ. ਸੀਮਾ ਬਾਂਸਲ ਏਐਮਓ, ਪੀਐਚਸੀ ਗਹਿਲ ਨੇ ਦੱਸਿਆ ਕਿ ਯੋਗ ਆਸਣਾਂ ਨਾਲ ਮਾਸਪੇਸ਼ੀਆਂ ਮਜ਼ਬੂਤ ਹੁੰਦੀਆਂ ਹਨ, ਰੋਗ-ਰੋਧਕ ਸ਼ਕਤੀ ਵਿੱਚ ਇਜ਼ਾਫਾ ਹੁੰਦਾ ਹੈ ਅਤੇ ਤਨਾਅ, ਡਿਪ੍ਰੈਸ਼ਨ ਅਤੇ ਚਿੰਤਾ ਤੋਂ ਨਿਜਾਤ ਮਿਲਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਯੋਗ ਕਰਕੇ ਬਲੱਡ ਪ੍ਰੈਸ਼ਰ ਨਿਯੰਤਰਿਤ ਰਹਿੰਦਾ ਹੈ ਅਤੇ ਨੀਂਦ ਵੀ ਸੁਚੱਜੀ ਆਉਂਦੀ ਹੈ।

ਯੋਗ ਕੈਂਪ ਦੌਰਾਨ ਸਕੂਲ ਦੇ ਪ੍ਰਿੰਸੀਪਲ ਡਾ. ਹਿਮਾਂਸ਼ੂ ਦੱਤ ਨੇ ਪੂਰਾ ਸਹਿਯੋਗ ਦਿੱਤਾ ਅਤੇ ਵਿਦਿਆਰਥੀਆਂ ਨੂੰ ਰੋਜ਼ਾਨਾ ਯੋਗ ਅਭਿਆਸ ਕਰਨ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਉੱਪ-ਵੈਦ ਸੁਖਚੈਨ ਸਿੰਘ ਅਤੇ ਸਕੂਲ ਸਟਾਫ਼ ਵੀ ਹਾਜ਼ਰ ਰਹੇ।

# ਕਹਾਣੀ

## ਆਤਮਘਾਤ ਕਰਨੋਂ ਪਹਿਲਾਂ

ਲੱਗਦਾ ਹੈ ਯੁੱਗ ਲੰਘ ਗਏ ਨੇ ਪਰ ਮੈਨੂੰ ਪਤਾ ਨਹੀਂ ਕਿਉਂ ਇਉਂ ਹੀ ਜਾਪਦਾ ਹੈ ਕਿ ਇਹ ਸਭ ਕੁਝ ਪਲਾਂ ਵਿਚ ਹੀ ਹੋ ਨਿਬੜਿਆ ਹੈ। ਤੁਹਾਡੇ ਨਾਲ ਪਹਿਲੀ ਮੁਲਾਕਾਤ ਅਜੇ ਹੁਣੇ ਵਾਪਰੀ ਜਾਪਦੀ ਹੈ। ਮੈਂ ਯੂਨੀਵਰਸਿਟੀ ਵਿਚ ਦਾਖਲਾ ਲੈਣ ਆਇਆ ਸਾਂ ਜਦੋਂ ਪਹਿਲੀ ਵਾਰ ਤੁਹਾਨੂੰ ਦੇਖਿਆ ਸੀ। ਮੈਨੂੰ ਲੱਗਾ ਕਿ ਆਦਿ ਜੁਗਾਦਿ ਤੋਂ ਜਿਸਦੀ ਭਾਲ ਵਿਚ ਮੈਂ ਹਾਂ ਉਹ ਸਾਥੀ ਮਿਲ ਗਿਆ ਹੈ। ਮੇਰਾ ਜੀਅ ਕੀਤਾ ਕਿ ਜਾ ਕੇ ਤੁਹਾਡਾ ਹੱਥ ਫੜ ਕੇ ਆਖਾਂ 'ਯੁੱਗ ਲੰਘ ਗਏ ਨੇ ਲੁਕਣਮੀਚੀ ਖੇਲਦਿਆਂ, ਹੁਣ ਮੇਰੀਆ ਅੱਖਾਂ ਤੋਂ ਉਹਲੇ ਨਾ ਹੋਣਾ ਪਰ..... ਬਾਦ ਵਿਚ ਤੁਸੀਂ ਮਿਲੇ ਪਰ ਨਾ ਮਿਲਿਆ ਵਾਂਗ। ਮਨ ਦੀ ਗੱਲ ਕਿਵੇਂ ਆਖਾਂ? ਉਹ ਗੱਲ ਨਾ ਤਾਂ ਆਖੀ ਜਾ ਸਕਦੀ ਸੀ ਨਾ ਹੀ ਸਮਝਾਈ। ਬਸ ਮਹਿਸੂਸ ਹੀ ਕੀਤੀ ਜਾ ਸਕਦੀ ਸੀ। ਆਪਣੀ ਮਨੋਦਸ਼ਾ ਨੂੰ ਇਕ ਵਾਰ ਕਵਿਤਾ ਹੀ ਬਣਾ ਦਿੱਤਾ। ਕਲਾਸ ਵਿਚ ਇਹ ਲੰਮੀ ਨਜ਼ਮ ਰੰਗ ਵਿਚ ਸੁਣਾਈ। ਤਹਾਨੂੰ ਪਸੰਦ ਸੀ ਤੇ ਤੁਸਾਂ ਪੜ੍ਹਨ ਲਈ ਮੰਗੀ। ਮੈਂ ਬੜਾ ਹੀ ਹੌਂਸਲਾ ਕਰਕੇ ਕਵਿਤਾ ਹੇਠ ਇਹ ਲਿਖ ਕੇ ਕਿ ਕਵੀ ਬਣਾਉਣ ਵਾਲੀ ਸ਼ਖਸੀਅਤ ਲਈ ਤੇ ਖਬਰੇ ਤੁਸੀਂ ਵੀ ਫਿਰ ਮੋਹ ਦੇ ਜਾਲ ਵਿਚ ਫਸ ਗਏ।

ਕੁਦਰਤ ਦੇ ਰੰਗ ਨਿਆਰੇ ਹਨ। ਤੁਹਾਡੇ ਮੇਰੇ ਵਿਚ ਇਕ ਵੱਡਾ ਫਰਕ ਹੈ- ਅਮੀਰੀ ਤੇ ਗਰੀਬੀ ਦਾ। ਹਮੇਸ਼ਾ ਇਹ ਅਹਿਸਾਸ ਮੇਰੇ ਅੰਗ-ਸੰਗ ਰਿਹਾ। ਮੈਂ ਮਨ ਨੂੰ ਕਈ ਵਾਰੀ ਸਮਝਾਇਆ 'ਚੰਦਰਿਆ ਮੁਹੱਬਤ ਵਿਚ ਇਨ੍ਹਾਂ ਗੱਲਾਂ ਦੀ ਕੀ ਬੁਕੱਤ ਏ? ਪਰ ਮਨ ਹਮੇਸ਼ਾਂ ਹੀ ਕਹਿੰਦਾ- ਇਨਕਾਰੇ ਹਕੀਕਤ ਸੇ ਹਕੀਕਤ ਨਾ ਮਿੱਟੀ...ਤੇ ਮੈਂ ਚੁੱਪ ਕਰ ਜਾਂਦਾ।

'ਅੱਜ ਮੇਰਾ ਜਨਮਦਿਨ ਹੈ। ਤੁਸੀਂ ਵੀ ਆਉਣਾ ਤੁਹਾਡੇ ਹੀ ਬੋਲ ਸਨ। ਮੈਨੂੰ ਇੰਨੀ ਖੁਸ਼ੀ ਹੋਈ ਕਿ ਮੈਨੂੰ ਇਹੀ ਸਮਝ ਨਾ ਆਵੇ ਕਿ ਜਨਮ ਦਿਨ ਤੁਹਾਡਾ ਹੈ ਜਾਂ ਮੇਰਾ। ਮੈਂ ਬਾਜ਼ਾਰ ਗਿਆ। ਆਪਣੇ ਖਰਚ ਵਿਚ ਬਚਾਏ ਵੀਹ ਰੁਪਏ ਬੜੀ ਵੱਡੀ ਰਕਮ ਲੱਗ ਰਹੀ ਸੀ। ਮੈਂ ਇਕ ਪੈਨ ਤੇ ਕੁਝ ਕਾਵਿ ਸੰਗ੍ਰਹਿ ਲੈ ਕੇ ਆਪ ਦੇ ਘਰ ਪੁੱਜਾ। ਖੂਬ ਗਹਿਮਾ-ਗਹਿਮੀ ਸੀ। ਅਮੀਰਾਂ ਦੇ ਅਮੀਰ ਆਉਂਦੇ ਹੀ ਹਨ। ਗਰੀਬਾਂ ਦੀ ਉਥੇ ਕੀ ਬੁੱਕਤ ਹੋ ਸਕਦੀ ਸੀ? ਮੇਰਾ ਸਾਹ ਘੁੱਟ ਰਿਹਾ ਸੀ। ਮੈਂ ਆਖਿਰ ਬੜੇ ਯਤਨਾਂ ਨਾਲ ਆਪ ਤੱਕ ਪੁੱਜਣ ਵਿਚ ਕਾਮਯਾਬ ਹੋ ਹੀ ਗਿਆ। ਮੈਂ ਅਤੇ ਕਾਵਿ ਸੰਗ੍ਰਹਿ ਆਪ ਦੀ ਨਜ਼ਰ ਕੀਤੇ ਪਰ ਉਥੇ ਉਪਹਾਰਾ ਦੇ ਅੰਬਾਰ ਵਿਚ ਇਹ ਗਰੀਬ ਦੇ ਉਪਹਾਰ ਪਾਣੀ ਪਾਣੀ ਹੋਏ ਮੈਨੂੰ ਘੂਰ ਰਹੇ ਸਨ। ਮੈਂ ਆਪਣੇ ਆਪ ਵਿਚ ਸ਼ਰਮਸਾਰ ਹੋਇਆ। ਉਥੋਂ ਨਿਕਲ ਆਇਆ ਤੇ ਕਈ ਦਿਨ ਮੈਨੂੰ ਟੈਨਸ਼ਨ ਨੇ ਘੇਰੀਂ ਰੱਖਿਆ। ਜਦੋਂ ਮੈਨੂੰ ਪਹਿਲੀ ਵਾਰ ਤੁਹਾਡੇ ਪਾਪਾ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਉਨ੍ਹਾਂ ਦੇ ਵਧੀਆ ਸੂਟ-ਬੂਟ ਦੇਖ ਕੇ ਆਪਣੇ ਬਾਪੂ ਦੇ ਟਾਕੀਆਂ ਵਾਲੇ ਕੱਪੜੇ ਯਾਦ ਆਏ। ਜਦੋਂ ਤੁਹਾਡਾ ਕਾਰ ਮੇਰੇ ਉਪਰ ਧੂੜ ਪਾਉਂਦੀ ਲੰਘਦੀ ਹੈ ਤਾਂ ਮੇਰਾ ਪੁਰਾਣਾ ਸਾਈਕਲ ਮੇਰੇ ਵੱਲ ਘੂਰ-ਘੂਰ ਦੇਖਦਾ ਹੈ ਤੇ ਦੰਦੀਆਂ ਚਿੜਾਉਂਦਾ ਹੈ।

ਅਸਲ ਵਿਚ ਗੱਲ ਤਾਂ ਮਹਿਸੂਸ ਕਰਨ ਦੀ ਹੀ ਹੈ। ਮੈਂ ਬਹੁਤ ਹੀ ਭਾਵੁਕ ਹਾਂ। ਤੁਸੀਂ ਆਖੋਗੇ ਸ਼ਾਇਰ ਭਾਵੁਕ ਹੀ ਹੁੰਦੇ ਹਨ। ਇਕ ਦਿਨ ਤੁਹਾਡਾ ਨੌਕਰ ਤੁਹਾਡੇ ਲਈ ਯੂਨੀਵਰਸਿਟੀ ਡਿਨਰ ਲੈ ਕੇ ਆਇਆ ਕਿਉਂਕਿ ਤੁਸਾਂ ਲਾਇਬਰੇਰੀ ਵਿਚ ਦੇਰ ਤੱਕ ਬੈਠ ਕੇ ਕੁਝ ਲਿਖਣਾ ਸੀ। ਮੈਨੂੰ ਵੀ ਲਾਇਬਰੇਰੀ ਵਿਚ ਬੈਠਣ ਦੀ ਮਾੜੀ ਆਦਤ ਸੀ। ਤੁਸਾਂ ਲਿਖਿਆ ਅੱਜ ਮੇਰੇ ਨਾਲ ਕੰਮ ਕਰਵਾਓ। ਖਾਣਾ ਆਪਾਂ ਇਕੱਠੇ ਹੀ ਖਾ ਲਵਾਂਗੇ। ਪਰ ਜਦੋਂ ਤੁਸਾਂ ਟਿਫਨ ਖੋਲ੍ਹ ਕੇ ਖਾਣਾ ਮੇਜ਼ ਤੇ ਲਗਾਇਆ ਤਾਂ ਵੰਨ-ਸੁਵੰਨੇ ਪਦਾਰਥ ਦੇਖ ਕੇ ਮੈਨੂੰ ਆਪਣਾ ਦੁਪਹਿਰ ਦਾ ਖਾਣਾ ਯਾਦ ਆਇਆ। ਆਪਣੀਆਂ ਬਣਾਈਆਂ ਤਿੰਨ-ਚਾਰ ਮੰਨੀਆਂ ਉਪਰ ਆਚਾਰ ਜਾਂ ਪਿਆਜ਼। ਦਾਲ-ਸਬਜ਼ੀ ਤਾਂ ਕਦੇ ਹੀ ਨਸੀਬ ਹੁੰਦੀ ਸੀ। ਮੈਂ ਇਹ ਸਭ ਕੁਝ ਦੇਖ ਕੇ ਉਦਾਸ ਹੋ ਗਿਆ।

ਤੁਹਾਡੇ ਬੋਲ ਮੈਨੂੰ ਹਮੇਸ਼ਾਂ ਹੀ ਹਾਂਟ ਕਰਦੇ ਸਨ। ਤੁਸਾਂ ਕਿਸੇ ਦੇ ਵਿਆਹ ਤੋਂ ਵਾਪਸ ਆ ਕੇ ਮੈਨੂੰ ਆਖਿਆ ਕਿ ਅਸੀਂ ਵਿਆਹ ਗਏ ਸਾਂ ਸੇਠ ਘਸੀਟਾ ਮੱਲ ਦੀ ਕੁੜੀ ਦੇ। ਸਾਨੂੰ ਉਥੇ ਵੀ.ਆਈ.ਪੀ. ਟ੍ਰੀਟ ਕੀਤਾ ਗਿਆ। ਮੈਨੂੰ ਇਹ ਮਹਿਸੂਸ ਹੋਇਆ ਕਿ ਮੈਂ ਛੋਟਾ ਜਿਹਾ ਬਣ ਗਿਆ ਹਾਂ। ਪਤਾ ਨਹੀਂ ਮੈਂ ਚਾਹੁੰਦਾ ਹੋਇਆ ਵੀ ਇਹ ਕਿਉਂ ਨਾ ਆਖ ਸਕਿਆ ਕਿ ਮੈਂ ਤਾਂ ਵੀ.ਓ.ਪੀ. ਭਾਵ ਵੈਰੀ ਆਡਨਰੀ ਪਰਸਨ ਹਾਂ। ਮਨ ਕਈ ਵਾਰ ਹਾਰ ਜਾਂਦਾ ਹੈ। ਕਈ ਵਾਰ ਮੇਰਾ ਜੀਅ ਕੀਤਾ ਕਿ ਤੁਹਾਨੂੰ ਆਖਾਂ ਮੇਰੇ ਘਰ ਆਓ। ਜਦੋਂ ਤੁਹਾਡਾ ਡਰਾਇੰਗ ਰੂਮ, ਸੋਫਾ ਸੈਟ ਤੇ ਕਰਟਲ ਆਦਿ ਯਾਦ ਆਉਂਦੇ ਤਾਂ ਆਪਣਾ ਡਰਾਇੰਗ-ਕਮ-ਡਾਇੰਨਿੰਗ-ਕਮ-ਬੈਡਰੂਮ-ਕਮ ਕਿਚਨ ਅੱਖਾਂ ਸਾਮ੍ਹਣੇ ਘੁੰਮਣ ਲਗ ਜਾਂਦਾ। ਜਿਥੇ ਹਾਰਡਸੀਟ ਵਾਲੀ ਕੁਰਸੀ ਤੇ ਇਕ ਮੰਜਾ ਪਿਆ ਸੀ ਤੇ ਬਸ ਇਹ ਸੋਚ ਮੈਨੂੰ ਨਿਮਾਣਾ ਜਿਹਾ ਬਣਾ ਦਿੰਦੀ। ਮੈਂ ਉਦਾਸ ਹੋ ਕੇ ਤੁਹਾਨੂੰ ਘਰ ਬੁਲਾਉਣ ਦਾ ਖਿਆਲ ਹੀ ਮਨ ਵਿਚੋਂ ਕੱਢ ਦਿਤਾ ਪਰ ਇਕ ਦਿਨ ਅਚਾਨਕ ਤੁਸੀਂ ਮੇਰੇ ਘਰ ਪੁੱਜ ਗਏ। ਮੈਂ ਖੁਸ਼ ਸਾਂ ਜਾਂ ਉਦਾਸ? ਇਸ ਬਾਰੇ ਅੱਜ ਤਾਂਈ ਫੈਸਲਾ ਨਾ ਕਰ ਸਕਿਆ। ਤੁਸੀਂ ਕੁਝ ਪਲ ਬੈਠੇ। ਫਿਰ ਇਹ ਆਖ ਕੇ ਤੁਰ ਗਏ ਕਿ ਹੋਰ ਕਿਧਰੇ ਵੀ ਜਾਣਾ ਹੈ। ਤੁਹਾਡੇ ਜਾਣ ਦਾ ਕਾਰਨ ਤਾਂ ਬੜਾ ਹੀ ਸਪਸ਼ੱਟ ਸੀ ਕਿ ਮੇਰਾ ਕਮਰਾ ਤੁਹਾਡੇ ਮਿਆਰ ਤੋਂ ਬਹੁਤ ਹੀ ਨੀਵਾਂ ਸੀ? ਪਹਿਲਾਂ ਕਈ ਵਾਰ ਮੈਂ ਸੋਚਦਾ ਹੰਦਾ ਸਾਂ ਕਿ ਜਦੋਂ ਤੁਸੀਂ ਮੇਰੇ ਘਰ ਆਏ ਤਾਂ ਮੈਂ ਆਪ ਦਾ ਸੁਆਗਤ ਗਲਵਕੜੀ ਪਾ ਕੇ ਕਰਾਂਗਾ। ਜਨਮਾਂ ਜਨਮਾਂਤਰਾਂ ਦੀਆਂ ਵਿੱਥਾਂ ਮਿੱਟ ਜਾਣਗੀਆਂ ਪਰ ਮੇਰੀਆਂ ਬਾਹਾਂ ਖੁੱਲ੍ਹੀਆਂ ਹੀ ਰਹਿ ਗਈਆਂ। ਮੇਰਾ ਅੰਦਰ ਮਾਰੂਥਲ ਰਹਿ ਗਿਆ ਤੇ ਤੁਸੀਂ ਆ ਕੇ ਚਲੇ ਵੀ ਗਏ। ਮੇਰੇ ਮਨ ਵਿਚ ਕਿਸੇ ਮਹਾਂਪੁਰਖ ਦੀਆਂ ਇਹ ਸਤਰਾਂ ਹਮੇਸ਼ਾ ਹੀ ਘੁੰਮਦੀਆਂ ਰਹਿੰਦੀਆਂ ਹਨ.....ਮੇਰਾ ਪਿਆਰ ਤਾਂ ਸਿਰੇ ਚੜ੍ਹ ਜਾਂਦਾ ਪਰ ਤੇਰੇ ਗਹਿਣੇ ਵਿਚ ਰੋਕ ਬਣ ਗਏ ਤੇ ਇਹ ਸੋਚ ਕੇ ਮੈਂ ਵੀ ਚੁਪ ਕਰ ਜਾਂਦਾ ਹਾਂ ਕਿ ਮਨਾ ਤੇਰੀ ਦਸ਼ਾ ਵੀ ਅਜਿਹੀ ਹੀ ਹੈ।



ਤੁਹਾਡੇ ਸ਼ਹਿਰ ਤੇ ਤੁਹਾਡੇ ਤੋਂ ਵਿਛੜਨ ਦਾ ਮੈਨੂੰ ਦਿਲੀ ਅਫਸੋਸ ਹੈ ਤੇ ਦੁਖ ਹੈ ਪਰ ਮੈਂ ਹੱਸ ਕੇ ਬਰਦਾਸ਼ਤ ਕਰਾਂਗਾ। ਮਨ ਕਹਿੰਦਾ.....ਤੈਂ ਤਾਂ ਮਿਲਣ ਦਾ ਸੁਖ ਵੀ ਬਰਦਾਸ਼ਤ ਹੀ ਕੀਤਾ ਹੈ। ਮੈਂ ਦੁਖੀ ਹੋਏ ਨੇ ਆਪਣੈ ਮਿੱਤਰ ਨੂੰ ਕਿਹਾ ਕਿ ਮੈਂ ਇਹ ਸ਼ਹਿਰ ਛੱਡ ਕੇ ਚਲੇ ਜਾਣਾ ਹੈ ਦੂਰ ਜਿੱਥੇ ਪਿਆਰ ਦੇ ਰਾਹ ਵਿਚ ਗਰੀਬੀ-ਅਮੀਰੀ ਦੀ ਜੰਜ਼ੀਰ ਨਾ ਹੋਵੇ। ਉਹ ਹੱਸਦਾ ਹੈ ਤੇ ਮੈਨੂੰ ਕਹਿੰਦਾ ਹੈ ਤੂੰ ਨਿਹੁੰ ਲਾਉਣਾ ਸੀ ਚੰਦਰਿਆ ਕਿਸੇ ਗਰੀਬ ਨਾਲ ਜਿਹੜੀ ਝੌਂਪੜੀ ਤੈਨੂੰ ਨਿੱਘ ਦਿੰਦੀ ਪਰ ਮੈਂ ਤਾਂ ਮੱਥਾ ਲਗਾਇਆ ਹੈ ਉੱਚੇ ਚੁਬਾਰਿਆ ਨਾਲ! ਪੱਕੇ ਚੁਬਾਰਿਆਂ ਨਾਲ! ਠੀਕ ਹੈ। ਹੁਣ ਮੱਥਾ ਤੇ ਭਜੇਗਾ ਹੀ। ਤੇ ਉਹ ਇਹ ਕਹਿੰਦਿਆਂ ਉਦਾਸੀ ਦੇ ਵਹਿਣ ਵਿਚ ਵਹਿ ਗਿਆ।

ਤੁਹਾਨੂੰ ਮੇਰੀਆਂ ਗੱਲਾਂ ਮਾੜੀਆਂ ਲੱਗਣ ਗੀਆਂ ਪਰ ਅੱਜ ਆਖਰੀ ਵਾਰ ਮੈਨੂੰ ਸਾਰੀਆ ਉਹ ਗੱਲਾਂ ਕਹਿ ਲੈਣ ਦਿਓ ਜਿਨ੍ਹਾਂ ਨੇ ਸਾਰੀ ਉਮਰ ਸੌਣ ਨਹੀਂ ਦੇਣਾ।

ਕਈ ਵਾਰੀ ਮੇਰਾ ਜੀਅ ਕੀਤਾ ਕਿ ਆਪ ਆਖਾਂ ਕਿ ਇਹ ਗੱਲ ਯਾਦ ਰੱਖੀਓ ਮੇਰੇ ਜਿੰਨਾ ਪਿਆਰ ਤੁਹਾਨੂੰ ਕਿਸੇ ਨੇ ਨਹੀਂ ਕਰ ਸਕਣਾ ਪਰ ਮੈਂ ਅਕਸਰ ਮਹਿਸੂਸ ਕੀਤਾ ਹੈ ਕਿ ਜਦੋਂ ਕਦੇ ਵੀ ਆਪ ਨੇ ਪਿਆਰ ਜਤਾਇਆ ਹੈ ਤਾਂ ਮੈਨੂੰ ਇਉਂ ਜਾਪਿਆ ਜਿਵੇਂ ਆਪ ਮੇਰੇ ਤੇ ਅਹਿਸਾਨ ਕਰ ਰਹੇ ਹੋਵੋ। ਮੈਂ ਕਿਸੇ ਦੇ ਅਹਿਸਾਨ ਹੇਠ ਦੱਬ ਕੇ ਜੀਣ ਨਾਲੋਂ ਮਰਨਾ ਚੰਗਾ ਸਮਝਦਾ ਹਾਂ। ਮੈਂ ਆਪਣੇ ਸਾਰੇ ਪਿਆਰਿਆਂ ਨੂੰ ਤੂੰ ਕਹਿ ਕੇ ਸੰਬੋਧਨ ਕਰਦਾ ਹਾਂ ਪਰ ਕਈ ਵਾਰੀ ਚਾਹਿਆ ਕਿ ਤੁਹਾਨੂੰ ਵੀ ਤੂੰ ਕਹਾਂ ਪਰ ਤੁਹਾਡਾ ਮੇਰਾ ਫਰਕ ਤੂੰ ਨੂੰ ਤੁਸੀਂ ਵਿਚ ਬਦਲ ਕੇ ਮੈਨੂੰ ਜਲੀਲ ਕਰਦਾ ਰਿਹਾ। ਮੈਂ ਕਈ ਦਿਨਾਂ ਤੋਂ ਅੰਤਾਂ ਦਾ ਉਦਾਸ ਹਾਂ।

ਮਨ ਕਹਿੰਦਾ ਹੈ ਤੇਰਾ ਪਿਆਰ ਨੇਪਰੇ ਨਹੀਂ ਜੇ ਚੜ੍ਹਨਾ ਤੇ ਮੈਂ ਮਨ ਨੂੰ ਖਿੜ ਕੇ ਆਖਦਾ ਹਾਂ। ਮੇਰਾ ਹੁਣ ਕੁਝ ਵੀ ਨੇਪਰੇ ਨਹੀਂ ਚੜ੍ਹਨਾ ਚਾਹੀਦਾ। ਮੈਂ ਆਪਣੀ ਪੜ੍ਹਾਈ ਤੇਰੇ ਸ਼ਹਿਰ ਵਿਚ, ਨਿੱਕੇ ਮੋਟੇ ਸ਼ੁਰੂ ਕੀਤੇ ਕੰਮ, ਗੱਲ ਕੀ ਸਭ ਕੁਝ ਅਧੂਰਾ ਛੱਡ ਕੇ ਉਜੜ ਕੇ ਜਾ ਰਿਹਾ ਹਾਂ। ਪਰ ਕਿਉਂ? ਸਮਝ ਨਹੀਂ ਆਉਂਦੀ। ਮਨ ਮਹਿਸੂਸ ਕਰਦਾ ਹੈ ਤੈਨੂੰ ਛੱਡਣਾ! ਤੇਰੇ ਸ਼ਹਿਰ ਨੂੰ ਛੱਡਣਾ। ਆਤਮਘਾਤ ਹੀ ਤਾਂ ਹੈ। ਸਾਡੀ ਫਕੀਰਾਂ ਦੀ ਦੁਆ ਹੈ ਰੱਬ ਤੁਹਾਨੂੰ ਸੁਖੀ ਰੱਖੇ ਤੇ ਮੇਰੇ ਜਿਹੇ ਗਰੀਬਾਂ ਨਾਲ ਮੁੜ ਅਜਿਹਾ ਭਿਆਨਕ ਮਖੋਲ ਨਾ ਕਰੋ।

# ਲਾਰਾ-ਲੱਪਾ

ਗੀਤ ਦੇ ਪੂਰੇ ਬੋਲ ਤਾਂ 'ਲਾਰਾ ਲੱਪਾ, ਲਾਰਾ ਲੱਪਾ ਲਾਈ ਰੱਖਦਾ, ਅੱਡੀ ਟੱਪਾ, ਅੱਡੀ ਟੱਪਾ ਲਾਈ ਰੱਖਦਾ' ਹਨ, ਪ੍ਰੰਤੂ ਗੱਲ ਮੂਲ ਰੂਪ ਵਿਚ ਲਾਰੇ ਉਰਫ ਝੂਠੇ ਵਾਅਦਿਆਂ ਦੀ ਹੈ। ਇਹ ਜਿਸ ਨਾਲ ਕੀਤੇ ਜਾਂਦੇ ਹਨ ਉਹ ਪੈਂਦੀ ਸੱਟੇ ਖੁਸ਼ ਹੋ ਕੇ ਟੱਪਣ ਨੱਚਣ ਲੱਗ ਜਾਂਦਾ ਹੈ ਪਰ ਸਮਾਂ ਪੈਣ 'ਤੇ ਨਿਰਾਸ਼ਾ ਤੇ ਖਿੱਝ ਦਾ ਸ਼ਿਕਾਰ ਹੋ ਜਾਂਦਾ ਹੈ। ਲਾਰਾ ਲਾਉਣ ਵਾਲਾ ਜ਼ੋਰਾਵਰ ਤੇ ਚਾਲਾਕ ਹੋਣ ਕਾਰਨ ਉਸਨੂੰ ਕੋਈ ਸਜ਼ਾ ਨਹੀਂ ਦਿੱਤੀ ਜਾ ਸਕਦੀ।

ਲਾਰੇ ਲਾਉਣ ਤੇ ਮੂਰਖ ਬਣਾਉਣ ਦਾ ਮਾੜਾ ਮੋਟਾ ਕੰਮ ਧੁਰ ਤੋਂ ਚੱਲਿਆ ਆ ਰਿਹਾ ਹੈ। ਹੋਰ ਨਾ ਸਹੀ ਕਈ ਵਾਰ ਨਿਆਣਿਆਂ ਦੀਆਂ ਫਰਮਾਇਸ਼ਾਂ ਕਾਰਨ ਮਾੜੇ ਮੋਟੇ ਲਾਰੇ ਲਾ ਕੇ ਸਾਰਨਾ ਪੈਂਦਾ ਹੀ ਹੈ। ਫਿਰ ਸਿਆਣਿਆਂ ਵਿਚ ਕਈਆਂ ਨੂੰ ਆਪਣੇ ਤੋਂ ਘੱਟ ਚਾਲਾਕ ਬੰਦਿਆਂ ਨੂੰ ਮੂਰਖ ਬਣਾਉਣ ਦੀ ਆਦਤ ਹੁੰਦੀ ਹੈ। ਇਹ ਨਾਲ ਦੇ ਭੌਂਦੂਆਂ ਨੂੰ ਸਬਜ਼ਬਾਗ ਦਿਖਾ ਕੇ ਭੋਟ ਲੈਂਦੇ ਹਲ।

ਇਨ੍ਹਾਂ ਦੇ ਤੇ ਚਾਲਾਕੀ ਦੇ ਮਾਰੇ ਹੋਏ ਹੱਥ ਮਲਦੇ ਰਹਿ ਜਾਂਦੇ ਹਨ ਪਰ ਜਿੱਥੇ ਸੰਗ ਸ਼ਰਮ ਦੀ ਸਮੁੱਚੀ ਘਾਟ ਆ ਜਾਵੇ ਉਥੇ 'ਲਾਰਾ ਲੱਪਾ ਲਾਈ ਰੱਖਦਾ' ਦੀ ਖੇਡ ਪੂਰੇ ਜ਼ੋਰ ਨਾਲ ਚਲਦੀ ਹੈ। ਕਹਿਣੀ ਤੇ ਕਰਨੀ ਦੇ ਸੁਮੇਲ ਦਾ ਫਿਕਰ ਕੀਤਾ ਹੀ ਨਹੀਂ ਜਾਂਦਾ। ਯੋਗ ਅਯੋਗ, ਗਲਤ-ਠੀਕ ਦਾ ਚੇਤਾ ਹੀ ਨਹੀਂ ਕੀਤਾ ਜਾਂਦਾ। ਬੱਸ ਗੱਡੀ ਰਿੜ੍ਹਨੀ ਚਾਹੀਦੀ ਹੈ ਚਾਹੇ ਕੱਚੇ ਰਿੜ੍ਹੇ ਤੇ ਚਾਹ ਪੱਕੇ।

ਸਾਡੇ ਸਿਆਸਤਦਾਨ ਲਾਰੇ ਲਾਉਣ ਤੇ ਬੁੱਧੂ ਬਣਾਉਣ ਦਾ ਕੰਮ ਰੱਜ ਕੇ ਕਰਦੇ ਹਨ। ਚੋਣਾਂ ਵੇਲੇ ਤਾਂ ਸਵਰਗ ਦੇ ਝੂਟੇ ਦੁਆਉਣ ਦਾ ਵਾਅਦਾ ਕਰਦੇ ਹਨ। ਗਰੀਬੀ, ਬੇਰੁਜ਼ਗਾਰੀ ਤੇ ਹੋਰ ਸਮੱਸਿਆਵਾਂ ਦੇ ਹੱਲ ਲਈ ਨਵੇਂ-ਨਵੇਂ ਨੁਸਖੇ ਪਰਚਾਰੇ ਜਾਂਦੇ ਹਨ। ਲੋਕਾਂ ਦੀ ਮਜਬੂਰੀ ਇਹ ਹੁੰਦੀ ਹੈ ਕਿ 'ਹਮਾਮ ਵਿਚ ਸਭ ਇਕੋ ਜਿਹੇ' ਹੁੰਦੇ ਹਨ ਤੇ ਵੋਟ ਪਾਉਣ ਦੀ ਰਸਮ ਅਦਾ ਕਰਨੀ ਹੀ ਪੈਂਦੀ ਹੈ। ਕੋਈ ਵਿਸ਼ੇਸ਼ ਵਰਗ ਨੂੰ ਵਿਸ਼ੇਸ਼ ਰਿਆਇਤਾਂ ਦਾ ਵਾਅਦਾ ਕਰਦਾ ਹੈ ਤੇ ਕੋਈ ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਸੱਤਾ ਸੰਭਾਲਦੇ ਸਾਰ ਨੌਕਰੀ ਦੇਣ ਦਾ ਲਾਰਾ ਲਾਉਂਦਾ ਹੈ। ਹਰ ਲੋੜ ਮੁਫਤ ਜਾਂ ਸਸਤੇ ਰੇਟ 'ਤੇ ਪੂਰੀ ਕਰਨ ਦਾ ਹੋਕਾ ਦੱਬ ਕੇ ਦਿੱਤਾ ਜਾਂਦਾ ਹੈ ਪਰ ਸੱਤਾ ਸੰਭਾਲਣਪਿੱਛੋਂ ਮਤਲਬ ਨਿਕਲ ਗਿਆ ਤੋਂ ਪਹਿਚਾਨਤੇ ਨਹੀਂ ਵਾਲੀ ਹਾਲਤ ਹੁੰਦੀ ਹੈ। ਜੇ ਕੋਈ ਜਲਸਾ-ਜਲੂਸ ਕੱਢ ਕੇ ਪ੍ਰੋਟੈਸਟ ਕਰਦਾ ਹੈ ਤਾਂ ਡਾਂਗਾਂ ਪੈਂਦੀਆਂ ਹਨ।

ਨਿੱਜੀ ਪੱਧਰ 'ਤੇ ਵੀ ਬਹੁਗਿਣਤੀ ਸਿਆਸਤਦਾਨ ਲਾਰਿਆਂ ਨਾਲ ਹੀ ਸਾਰਦੇ ਹਨ। ਦੋ ਟੁੱਕ ਜਵਾਬ ਦੇਣ ਨਾਲ ਪਤਾ ਨਹੀਂ ਵੋਟਾਂ ਖਰਾਬ ਹੋਣ ਦਾ ਡਰ ਹੁੰਦਾ ਹੈ। ਸੋ ਹਰੇਕ ਨੂੰ ਪੈਂਦੀ ਸੱਟੇ ਪੁੱਤ ਦੇਣ ਦਾ ਯਤਨ ਹੀ ਹੁੰਦਾ ਹੈ ਪਿੱਛੋਂ ਭਾਵੇਂ ਪੱਲੇ ਕੱਖ ਵੀ ਨਾ ਪਾਉਣ।

### ਵਿਅੰਗ



ਇਹ ਹਾਲਤ ਚਿੰਤਾਜਨਕ ਹੈ। ਲੋਕਾਂ ਦੇ ਨੁਮਾਇੰਦਿਆਂ ਤੋਂ ਲੋਕਾਂ ਦਾ ਵਿਸ਼ਵਾਸ ਹੀ ਉੱਠਦਾ ਜਾ ਰਿਹਾ ਹੈ। ਸਪੱਸ਼ਟਤਾ ਹੋਣੀ ਜ਼ਰੂਰੀ ਹੈ ਤਾਂ ਜੋ ਲਾਰਿਆਂ ਕਾਰਨ ਕੁੱਤੇ ਝਾਕ ਤੋਂ ਮੁਕਤੀ ਮਿਲੇ। ਗੱਲ ਓਨੀ ਹੀ ਕਹਿਣੀ ਚਾਹੀਦੀ ਹੈ, ਜਿੰਨੀ ਹੋਵੇ ਜਾਂ ਹੋ ਸਕੇ। ਆਸ ਕਰਦੇ ਹਾਂ ਕਿ ਸਾਡੇ ਸਮੁੱਚੇ ਤੌਰ 'ਤੇ ਆਏ ਨੈਤਿਕ ਨਿਘਾਰ ਨੂੰ ਠੱਲ ਪਏਗੀ ਤੇ ਲਾਰਿਆਂ ਦਾ ਦੌਰ ਖਤਮ ਹੋਏਗਾ।

ਹੁਣ ਤਾਂ ਸਾਡੇ ਸਮਾਜਿਕ ਜੀਵਨ ਵਿਚ ਵੀ ਲਾਰਾ ਲਾ ਕੇ ਕਿਸੇ ਨੂੰ ਭੜਕਾਈ ਫਿਰਨਾ ਯੋਗਤਾ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਕਿਸੇ ਨੂੰ ਸਪਸ਼ਟ ਜਵਾਬ ਦੇ ਕੇ ਮਗਰੋਂ ਲਾਹੁਣ ਦੀ ਥਾਂ ਲਾਰੇ ਲਾ ਕੇ ਹੰਭਾਉਣ ਨੂੰ ਜ਼ਿਆਦਾ ਚੰਗਾ ਸਮਝਿਆ ਜਾਂਦਾ ਹੈ। ਸਬੰਧਤ ਬੰਦਾ ਅੱਕ ਕੇ ਆਪਣੇ-ਆਪ ਖਹਿੜਾ ਛੱਡ ਜਾਂਦਾ ਹੈ। ਪਰ ਇਹ ਪੈਦਾਵਾਰ ਬਹੁਤ ਘਟੀਆ ਤੇ ਅਣ-ਮਨੁੱਖੀ ਹੈ। ਮਨੁੱਖੀ ਜੀਵਨ ਸਪਸ਼ਟ ਤੇ ਪਾਰਦਰਸ਼ੀ ਹੋਣਾ ਚਾਹੀਦਾ ਹੈ। ਲੁਕੋਬਾਜ਼ੀ ਤਾਂ ਮੜੱਪਣ ਨੂੰ ਲੋੜੀਂਦੀ ਹੈ। ਨਿੱਜੀ ਪੱਧਰ 'ਤੇ ਵਿਸ਼ੇਸ਼ ਕਰਕੇ ਸਾਨੂੰ ਸਪਸ਼ਟ ਤੇ ਦੋ ਟੁੱਕ ਹੋਣਾ ਚਾਹੀਦਾਹੈ। ਕਿਸੇ ਨੂੰ ਲਾਰੇ ਲਾ ਕੇ ਮੂਰਖ ਬਣਾਉਣ ਤੋਂ ਸਦਾ ਪਰਹੇਜ਼ ਕਰਨਾ ਚਾਹੀਦਾ ਹੈ। ਜਿਹੜਾ ਸਾਡੇ 'ਤੇ ਆਸ ਰੱਖਦਾ ਹੈ ਉਸ ਨੂੰ ਠੀਕ-ਠਾਕ ਦੱਸਦੇ ਵਿਹਲਾ ਕਰ ਦੇਣਾ ਚਾਹੀਦਾ ਹੈ ਤਾਂ ਜੋ ਉਹ ਕਿਤੇ ਹੋਰ ਯਤਨ ਕਰੇ। ਸੋ 'ਲਾਰਾ ਲੱਪਾ ਲਾਈ ਰੱਖਦਾ' ਦਾ ਸਿਲਸਿਲਾ ਬੱਚਿਆਂ ਨੂੰ ਟਾਲਣ ਜਾਂ ਰਿਝਾਉਣ ਲਈ ਤਾਂ ਠੀਕ ਹੈ ਪਰ ਸਿਆਣਿਆਂ ਲਈ ਇਹ ਇਕ ਘਟੀਆ ਖੇਡ ਹੈ, ਜਿਸ ਤੋਂ ਹਰੇਕ ਨੂੰ ਪਰਹੇਜ਼ ਕਰਨਾ ਚਾਹੀਦਾ ਹੈ। ਸਾਡੇ ਸਿਆਸਤਦਾਨਾਂ ਨੂੰ ਵਿਸ਼ੇਸ਼ ਕਰਕੇ ਇਸ ਘਟੀਆ ਕਲਾ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਬਾਕੀ ਸਾਰੀ ਆਪੋ ... ਆ

## ਲੱਲੂ ਦੀਆਂ ਝੱਲ-ਵਲੱਲੀਆਂ

ਰਾਜੂ ਆਪਣੇ ਹੀ ਪਿੰਡ ਦੇ ਇਕ ਕਿਸਾਨ ਦੇ ਮੱਝਾਂ 'ਤੇ ਪਾਲੀ ਲੱਗਾ ਹੋਇਆ ਸੀ। ਰਾਜੂ ਜ਼ੁਬਾਨ ਦਾ ਥੋੜ੍ਹਾ ਥਥਲਾ ਸੀ, ਜਿਸ ਕਰਕੇ ਅਕਸਰ ਹੀ ਉਸ ਦੀ ਕਹੀ ਗੱਲ ਕਈ ਵਾਰ ਮਜ਼ਾਕ ਦਾ ਪਾਤਰ ਬਣ ਜਾਂਦੀ ਸੀ। ਕਿਸਾਨ ਦੇ ਘਰਾ ਕੁਕੜੀਆਂ ਰੱਖੀਆਂ ਹੋਈਆਂ ਸਨ, ਜਿਨ੍ਹਾਂ ਦੀ ਕੁੜ-ਕੁੜ ਦੀ ਲੈਅ ਵਿਚ ਹੀ ਰਾਜੂ ਮਗਨ ਹੋਇਆ ਕੰਮ ਵਿਚ ਲੱਗਾ ਰਹਿੰਦਾ ਸੀ। ਇਕ ਦਿਨ ਸ਼ਾਮ ਦੇ ਵੇਲੇ ਰਾਜੂ ਮੱਝਾਂ ਨੂੰ ਪੱਠਾ ਪਾਉਣ ਵਿਚ ਰੁੱਝਿਆ ਹੋਇਆ ਸੀ ਕਿ ਕਿਸਾਨ ਦੀ ਘਰਵਾਲੀ ਨੇ ਰਾਜੂ ਨੂੰ ਆਵਾਜ਼ ਮਾਰੀ, ਵੇ ਰਾਜੂ, ਵੇ ਰਾਜੂ, ਰਾਜੂ ਆਵਾਜ਼ ਸੁਣਦਿਆਂ ਹੀ ਬੋਲਿਆ, "ਤੀਆ ਬੀਬੀ'। ਵੇ ਰਾਜੂ ਆਪਣੀ ਕਕੜੀ ਪਤਾ ਨਹੀਂ ਕਿਥੇ ਅੰਡਾ ਦੇ ਆਉਂਦੀ ਐ ਪਤਾ ਨਹੀਂ ਲਗਦਾ ਤੂੰ ਇਹਦੀ ਨਿਗ੍ਹਾ ਰੱਖੀਂ। ਰਾਜੂ ਬੋਲਿਆ 'ਬੀਬੀ ਮੈਨੂੰ ਪਤਾ ਤਾਲੀ ਤਿੱਥੇ ਅੰਡਾ ਦਿੰਦੀ ਐ? ਬੀਬੀ ਬੋਲੀ ਚੰਗਾ ਤੂੰ ਹੁਣ ਨਿਗ੍ਹਾ ਰੱਖੀਂ ਤੇ ਅੱਗੇ ਤੋਂ ਇਹਨੂੰ ਉਥੇ ਅੰਡਾ ਨਾ ਦੇਣ ਦੇਵੀਂ। ਰਾਜੂ ਨੇ ਉਸੇ ਦਿਨ ਹੀ ਮਾਲਕਾਂ ਦਾ ਹੁਕਮ ਮੰਨਦਿਆਂ ਕੁਕੜੀ 'ਤੇ ਸੀ. ਬੀ. ਆਈ. ਵਾਂਗ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਇਕ ਦਿਨ ਰਾਜੂ ਨੇ ਕੁਕੜੀ ਨੂੰ ਹੌਲੀ-ਹੌਲੀ ਟਰਾਲੀ ਵਾਲੇ ਸ਼ੈੱਡ ਦੇ ਨੇੜੇ ਪਹੁੰਚਦਿਆਂ ਵੇਖਿਆ ਅਤੇ ਉਹ ਥੋੜੀ ਜਿਹੀ ਉੱਡ ਕੇ ਕੰਧ 'ਤੇ ਚੜ੍ਹ ਕੇ ਸ਼ੈੱਡ ਉਪਰ ਜਾ ਚੜ੍ਹੀ। ਰਾਜੂ ਵੀ ਕੁਝ ਸਮਾਂ ਰੁਕ ਕੇ ਕੰਧ 'ਤੇ ਬਾਂਦਰ



ਵਾਂਗ ਟਪੂਸੀ ਮਾਰ ਕੇ ਜਾ ਚੜ੍ਹਿਆ, ਤਦ ਤਕ ਕੁਕੜੀ ਨੇ ਅੰਡਾ ਲਾਹ ਲਿਆ ਸੀ। ਜਿਉਂ ਹੀ ਕੁਕੜੀ ਨੇ ਰਾਜੂ ਨੂੰ ਵੇਖਿਆ ਤੇ ਉਸ ਨੇ ਡਰਦਿਆਂ ਖੰਭ ਖਿਲਾਰ ਲਏ ਅਤੇ ਅੰਡੇ ਤੋਂ ਉੱਠ ਖੜ੍ਹੀ। ਜਿਉਂ ਹੀ ਰਾਜੂ ਨੇ ਅੰਡਾ ਵੇਖਿਆ ਅਤੇ ਖੁਸ਼ੀ ਵਿਚ ਰੌਲਾ ਪਾਉਣ ਲੱਗ ਪਿਆ, 'ਹਾਏ ਨੀ ਬੀਬੀ ਤੁੱਤਰੀ..ਹਾਏ ਨੀ ਬੀਬੀ ਤੁੱਤਰੀ'। ਘਰ ਵਾਲਿਆਂ ਨੇ ਸਮਝਿਆ ਸ਼ਾਇਦ ਕੁੱਕੜੀ ਨੂੰ ਬਿੱਲਾ ਪੈ ਗਿਆ, ਉਹ ਫਟਾਫਟ ਡਾਂਗਾਂ ਚੁੱਕ ਲਿਆਏ। ਉਨ੍ਹਾਂ ਰਾਜੂ ਨੂੰ ਪੁੱਛਿਆ ਕਿ ਕੀ ਹੋਇਆ ਕੁੱਕੜੀ ਨੂੰ? ਰਾਜੂ ਬੋਲਿਆ, 'ਤੁਥ ਨੀ ਤੁਥ ਨੀ ਤੁੱਤਰੀ ਨੇ ਅੰਦਾ ਦੇਤਾ ਥੈੱੜ 'ਤੇ'। ਘਰ ਵਾਲੇ ਰਾਜੂ ਦੀ ਸਫਲਤਾ 'ਤੇ ਖੁਸ਼ ਹੋ ਕੇ ਉੱਚੀ ਉੱਚੀ ਹੱਸਣ ਲੱਗ ਪਏ। ਹੌਲੀ-ਹੌਲੀ ਪਿੰਡ ਵਿਚ ਵੀ ਰਾਜੂ ਦੇ ਬੋਲੇ ਸ਼ਬਦ , 'ਹਾਏ ਨੀ ਬੀਬੀ ਤੁੱਤਰੀ..ਹਾਏ ਨੀ ਬੀਬੀ ਤੁੱਤਰੀ' ਦਾ ਪਤਾ ਲੱਗ ਗਿਆ। ਹੁਣ ਲੋਕ ਉਸ ਨੂੰ ਜਦੋਂ ਹਾਏ ਨੀ ਬੀਬੀ ਤੁੱਤਰੀ ਕਹਿ ਕੇ ਛੇੜਦੇ ਹਨ ਤਾਂ ਰਾਜੂ ਉਨ੍ਹਾਂ ਨੂੰ ਫੇਰ ਤੋਤਲੀ ਜ਼ੁਬਾਨ ਵਿਚ ਬੁਰਾ-ਭਲਾ ਕਹਿਣ ਲੱਗ ਪੈਂਦਾ ਹੈ।

-ਗੁਰਪ੍ਰੀਤ ਸਿੰਘ ਚੌਹਾਨ

# ਵਿਅੰਗ

## ਰੜਕੇ 'ਤੇ ਰੜਕਾ

ਹੁਣ ਬਸ ਵੀ ਕਰ ਦਲੀਪ ਕੁਰੇ ਕਿਉਂ ਵਿਚਾਰੇ ਨੂੰ ਰੜਕੇ ਨਾਲ ਧੈਂਬੜੀ ਜਾਨੀਂ ਐਂ। ਨਹੀਂ ਜਿਹੋ ਜੀ ਮਿਟੀ ਕੁੱਟ ਲਈ ਉਹੋ ਜਿਹਾ ਛੜਾ ਕੁੱਟ ਲਿਆ। ਹੁਣ ਗੋਹਾ ਕੂੜਾ ਕਰਕੇ ਪੰਪ 'ਤੇ ਮੂਰਤੀ ਹੱਥ-ਮੂੰਹ ਧੋਣ ਆ ਲੱਗੀ ਤਾਂ ਛੜਾ ਗਿੱਟਿਆਂ 'ਤੇ ਹੀ ਅੱਖਾਂ ਗੱਡੀ ਖੜ੍ਹਾ ਹੈ। ਉਹ ਤਾਂ ਟੋਕਰਾ ਚੁੱਕ ਕੇ ਚਲੀ ਗਈ ਐ ਪਰ ਛੜਾ ਤਾਂ ਥਾਂ 'ਤੇ ਹੀ ਪੱਥਰ ਦਾ ਬੁੱਤ ਬਣਿਆ ਖੜ੍ਹਾ ਹੈ।

ਸਬੱਬ ਨਾਲ ਇਕ ਘਰ ਚੋਰੀ ਹੋ ਗਈ ਸੀ ਤੇ ਪੁਲਿਸ ਵੀ ਆ ਗਈ ਹੈ। ਥਾਣੇਦਾਰ ਨੇ ਸ਼ੱਕੀ ਲਪੋਟ ਸੰਖ ਜਿਹਾ ਦੇਖ ਕੇ ਛੜੇ ਦੇ ਚਾਰ ਕੁ ਸੋਟੀਆਂ ਜੜ ਦਿੱਤੀਆਂ ਪਰ ਛੜਾ ਫਿਰ ਵੀ ਟੱਸ ਤੋਂ ਮੱਸ ਨਾ ਹੋਇਆ। ਉਏ ਮੈਂ ਤੇਰੇ ਕਦੇ ਦਾ ਸੋਟੀਆਂ ਮਾਰੀ ਜਾਨੈਂ ਪਰ ਤੂੰ ਤਾਂ ਹਿੱਲਿਆ ਹੀ ਨਹੀਂ।

ਬੱਲੇ ਓਏ ਸਰਦਾਰ ਜੀ ਤੇਰੇ ਸਾਡੇ ਤਾਂ ਸੌ-ਸੌ ਰੜਕੇ ਮਾਰ ਕੇ ਵੀ ਕਦੇ ਕਿਸੇ ਤੀਵੀਂ ਨੇ ਕੁਝ ਨਹੀਂ ਪੁੱਛਿਆ ਪਰ ਤੂੰ ਤਾਂ ਚਾਰ ਕੁ ਛਮਕਾਂ ਮਾਰ ਕੇ ਹੀ ਪੁੱਛਦੈਂ ਹਾਏਂ ਕਿਉਂ ਖੜ੍ਹਾ ਹੈਂ। ਇਹ ਲੋਕਲ ਛੜੇ ਬੜੇ ਘੋਰੀ ਤੇ ਕੋਹੜੀ ਹੁੰਦੇ ਹਨ। ਹੁਣ ਖਾਨਦਾਨੀ ਤੇ ਜੱਦੀ ਪੁਸ਼ਤੀ ਛੜਿਆਂ ਦੀ ਜਾਣਕਾਰੀ ਲੈ ਲਵੋ।

ਇਹ ਕਬੂਤਰ ਚੀਨੇ ਤਾਂ ਬਹੁਤ ਹੀ ਸ਼ੌਕੀਨ ਹੁੰਦੇ ਹਨ। ਇਹ ਮੇਕਅੱਪ ਦਾ ਜ਼ਰੂਰੀ ਸਾਮਾਨ ਭਾਵ ਸ਼ੀਸ਼ਾ, ਮੋਚਣਾ ਹਮੇਸ਼ਾ ਖੀਸੇ ਵਿਚ ਪਾਈ ਰੱਖਦੇ ਹਨ। ਇਨ੍ਹਾਂ ਖਾਨਦਾਨੀ ਛੜਿਆਂ ਦੀ ਜਾਣਕਾਰੀ ਵੀ ਲੈ ਲਓ। ਜਿਵੇਂ ਮੇਰੇ ਪੜਦਾਦਾ ਸ਼੍ਰੀ ਬਸਰੇ ਦੀ ਲੜਾਈ ਤੋਂ ਮੁੜਦੇ ਹੋਏ ਕਿਤੋਂ ਅੱਧਖੜ ਜਿਹੀ ਤੀਵੀਂ ਲੈ ਆਏ ਤਾਂ ਜੰਮ ਪਏ ਸਾਡੇ ਦਾਦਾ ਜੀ। ਸਾਡਾ ਦਾਦਾ ਕਲਕੱਤੇ ਡਰਾਈਵਰ ਸੀ ਤੇ ਉਹ ਇਕ ਬੰਗਾਲਣ ਨੂੰ ਲੈ ਆਇਆ ਤੇ ਪ੍ਰਗਟ ਹੋ ਗਏ ਸਾਡੇ ਬਾਪੂ ਜੀ। ਬਾਪੂ ਨੂੰ ਇਕ ਵਾਰ ਢਾਈ ਮਹੀਨੇ ਦੀ ਕੈਦ ਹੋ ਗਈ ਤਾਂ ਉਹ ਜੇਲ੍ਹ ਵਿਚ ਰੋਟੀਆਂ ਪਕਾਉਣ ਵਾਲੀ ਬੰਤੀ ਨੂੰ ਹੀ ਟਾਹ ਕੇ ਲੈ ਆਇਆ। ਇਹ ਖਾਨਦਾਨੀ ਛੜੇ ਸਿਹਰੇ ਬੰਨ੍ਹ ਕੇ ਘੋੜੀ ਭਾਵੇਂ ਕਦੇ ਨਹੀਂ ਚੜ੍ਹੇ ਪਰ ਇਨ੍ਹਾਂ ਦਾ ਟੱਟੂ ਟਪੂਸੀਆਂ ਮਾਰਦਾ ਘੋੜੀ ਤੋਂ ਵੀ ਮੂਹਰੇ ਜਾਂਦਾ ਹੈ। ਇਹ ਬਾਹਰਲੀਆਂ ਤੀਵੀਆਂ ਚੰਗੀਆਂ ਹੀ ਰਹਿੰਦੀਆਂ ਹਨ। ਜ਼ਰਾ ਕੁ ਲਾਡ ਲਡਾਉਣ ਨਾਲ ਹੀ ਬਾਗੋ-ਬਾਗ ਹੋ ਜਾਂਦੀਆਂ ਹਨ।



ਇਨ੍ਹਾਂ ਛੜਿਆਂ ਦੇ ਮੁੱਲ 'ਤੇ ਵੀ ਇਕ ਪੰਛੀ ਝਾਤ ਮਾਰ ਲਵੋ। ਜਿਊਂਦਾ ਲੱਖ ਦਾ ਤੇ ਮਰਿਆ ਹੋਇਆ ਛੜਾ ਸਵਾ ਲੱਖ ਦਾ ਬਣ ਜਾਂਦਾ ਹੈ। ਆਹ ਲੱਭੂ ਛੜੇ ਦੀ ਗੱਲ ਹੀ ਲੈ ਲਓ, ਵਿਆਹੇ ਵਰ੍ਹੇ ਤਾਂ ਠੰਢ ਵਿਚ ਘਰ ਬੈਠੇ ਨਿੱਘ ਮਾਣਦੇ ਹਨ ਤੇ ਲੱਭੂ ਧੁੰਦ ਤੇ ਕੋਰੇ ਵਿਚ ਸਰ੍ਹੋਂ ਦੀ ਰਾਖੀ ਬੈਠੇ। ਕਿਸੇ ਵੀ ਆਈ ਲਿਹਾਜਣ ਤੇ ਮਜਾਜਣ ਨੂੰ ਇਕ ਚੀਰਨੀ ਸਾਗ ਵੀ ਤੋੜਨ ਨਹੀਂ ਦਿੰਦਾ। ..ਤੇਆਈ ਨੂੰ ਖਾਲੀ ਵੀ ਨਹੀਂ ਮੋੜਦਾ। ਆਪ ਡੇਕਾਂ 'ਤੇ ਚੜ੍ਹ ਕੇ ਪਿੰਡ ਵੱਲ ਦੇਖੀ ਜਾਊ ਕੋਈ ਆਉਂਦਾ ਤਾਂ ਨਹੀਂ ਤੇ ਗੁਆਂਢੀਆਂ ਦੇ ਖੇਤ ਵਿਚੋਂ ਪੰਡ ਤੁੜਵਾ ਕੇ ਲਿਹਾਜਣ ਨਾਲ ਮੂੰਹ ਮੁਲਾਹਜ਼ਾ ਵੀ ਰੱਖ ਲੈਂਦੇ। ਦਿਆਲ ਕੁਰੇ ਆਪਾਂ ਕਦੇ ਖਾਲੀ ਮੋੜਨੈ। ਹੁਣ ਮਾਰਆ ਹੋਇਆ ਛੜਾ ਸਵਾ ਲੱਖ ਦਾ ਬਣਦਾ ਵੀ ਵੇਖ ਲਓ। ਪਾਰਿਆਂ ਹੜ੍ਹਾਂ ਮੌਕੇ ਲੱਭੂ ਰਾਤ ਨੂੰ ਪਰੀਲੋਕ ਨੂੰ ਗਮਨ ਕਰ ਗਿਆ ਤੇ ਘਰਦਿਆਂ ਨੇ ਛੱਪੜ ਕੰਢੇ ਰਾਤ ਨੂੰ ਹੀ ਅੱਧੀਆਂ ਕੁ ਲੱਤਾਂ ਪਾਣੀ ਵਿਚ ਲਮਕਾ ਕੇ ਰੱਖ ਆਂਦਾ। ਸਵੇਰੇ ਸਾਰੇ ਪਿੰਡ ਵਿਚ ਰੌਲਾ ਪੈ ਗਿਆ ਕਿ ਲੱਭੂ ਤਾਂ ਜੰਗਲ ਪਾਣੀ ਗਿਆ ਹੜ੍ਹ ਵਿਚ ਰੁੜ੍ਹ ਕੇ ਮਰ ਗਿਆ ਹੈ। ਮਰ ਕੇ ਵੀ ਹੜ੍ਹ ਵਿਚ ਰੁੜ੍ਹੇ ਦਾ ਮੁਆਵਜ਼ਾ ਪੱਚੀ ਹਜ਼ਾਰ ਘਰਦਿਆਂ ਨੂੰ ਸਰਕਾਰ ਤੋਂ ਦੁਆ ਗਿਆ। ਇਸ ਤਰ੍ਹਾਂ ਜਿਊਂਦਾ ਲੱਖ ਤੇ ਮਰ ਕੇ ਛੜਾ ਸਵਾ ਲੱਖ ਦਾ ਬਣ ਗਿਆ ਹੈ।

ਹੁਣ ਫੂਕੀਏ ਕਿਵੇਂ ਸੁੱਕਾ ਬਾਲਣ ਤਾਂ ਹੜ੍ਹਾਂ ਵਿਚ ਰੁੜ੍ਹ ਗਿਐ। ਮੈਨੂੰ ਇਨ੍ਹਾਂ ਦੀਆਂ ਆਦਤਾਂ ਦਾ ਪਤਾ ਹੈ। ਜੇ ਕਿਸੇ ਅਖਬਾਰ ਵਿਚੋਂ ਸੁਨੱਖੀ ਜਿਹੀ ਤੀਵੀਂ ਦੀ ਕੋਈ ਤਸਵੀਰ ਲੱਭ ਪਵੇ ਤਾਂ ਇਹ ਕੱਟ ਕੇ ਆਟੇ ਨਾਲ ਕੰਧ 'ਤੇ ਜੜ ਦਿੰਦੇ ਹਨ। ਸੁੱਕ ਕੇ ਉਹ ਛੇਤੀ ਹੀ ਹੇਠਾਂ ਡਿੱਗ ਪੈਂਦੀ ਐ। ਮੈਂ ਰੜਕੇ ਨਾਲ ਅੱਧੀ ਕੁ ਟੋਕਰੀ ਫੂਸ ਪੱਲਾ ਕੱਠਾ ਕਰਕੇ ਸਿਵਿਆਂ ਵਿਚ ਅਰਥੀ ਦੇ ਨਾਲ ਹੀ ਲੈ ਗਿਆ। ਦੋ ਕੁ ਬੁੱਕ ਹੇਠਾਂ ਵਿਛਾਕੇ ਉੱਤੇ ਲੱਭੂ ਨੂੰਪਾ ਦਿੱਤਾ ਤੇ ਬਾਕੀ ਬਚਿਆ ਫੂਸ ਉੱਤੇ ਪਾ ਕੇ ਜਦੋਂ ਅੱਗ ਬਾਲੀ ਤਾਂ ਲਓ ਜੀ ਅੱਵ ਤਾਂ ਫੱਕ ਕਰਕੇ ਸਿਵੇ ਦੇ ਅੰਦਰ ਜਾ ਵੜੀ।

ਜਿਵੇਂ ਭੂੰਡ ਪਟਾਕਿਆਂ ਦੀ ਪਟਾਰੀ ਨੂੰ ਅੱਗ ਲੱਗੀ ਹੁੰਦੀ ਐ ਐਦਾਂ ਛੜੇ ਵਿਚੋਂ ਲੱਗ ਪਈਆਂ ਛੁਰਲੀਆਂ ਤੇ ਫੁੱਲਝੜੀਆਂ ਚੱਲਣ। ਰੰਗ-ਬਿਰੰਗੀਆਂ ਮਤਾਬੀ ਵਰਗੀਆਂ ਲਾਟਾਂ ਨਾਲ ਤਾਂ ਪੂਰੇ ਸਿਵੇ ਜਗਮਾ ਉੱਠੇ ਐ। ਗਿੱਲੇ ਫੂਸ ਨਾਲ ਹੀ ਛੜਾ ਮਚ ਗਿਆ ਹੈ। ਅਸਲ ਵਿਚ ਫੂਸ ਛੜੇ ਦੀ ਅੱਗ ਨਾਲ ਮਚਿਐ। ਅੱਗ ਤਾਂ ਲੱਗੀ ਹੀ ਛੜੇ ਨੂੰ ਸੀ। ਫੂਸ ਤਾਂ ਵਿਚਾਰੇ ਪਹਿਲਾਂ ਹੀ ਹੋਏ ਪਏ ਹੁੰਦੇ ਐ।

-ਸੁਖਦਵੇ ਸਿੰਘ ਮਲਕ

## ਮਿੰਨੀ ਕਹਾਣੀਆਂ

### ਹਿੰਮਤ

ਦੇਵੀ ਦਿਆਲ ਚੌਂਕ ਵਿਚ ਉਸ ਨੇ ਬਿੱਲੂ ਬਦਮਾਸ਼ ਨੂੰ ਲਲਕਾਰਿਆ ਜਦੋਂ ਉਸ ਨੇ ਸ਼ਰੇਆਮ ਸ਼ਹਿਰ ਦੀ ਇਕ ਸ਼ਰੀਫ ਤੇ ਸੁੰਦਰ ਕੁੜੀ ਦੀ ਚੁੰਨੀ ਉਤਾਰ ਕੇ ਉਸ ਨੂੰ ਬੇਇੱਜ਼ਤ ਕਰਨਾ ਚਾਹਿਆ। ਹੋਰ ਕਿਸੇ ਦੀ ਵੀ ਹਿੰਮਤ ਨਹੀਂ ਸੀ ਪਈ ਕਿ ਅਨੀਤਾ ਦੀ ਇੱਜ਼ਤ ਆਬਰੂ ਬਚਾਉਣ ਖਾਤਰ ਕੋਈ ਮਰਦ ਮੂਹਰੇ ਆਉਂਦਾ। ਪ੍ਰੰਤੂ ਰਣਜੀਤ ਨੇ ਬਿੱਲੂ ਬਦਮਾਸ਼ ਦੀ ਬਾਂਹ ਫੜ ਕੇ ਉਸ ਨੂੰ ਰੋਕਦਿਆਂ ਕਿਹਾ, "ਭਲਮਾਨਸੀ ਨਾਲ ਕੁੜੀ ਦੀ ਚੁੰਨੀ ਵਾਪਸ ਕਰਦੇ ਨਹੀਂ ਹਸ਼ਰ ਮਾੜਾ ਹੋਵੇਗਾ।" "ਉਏ ਕੱਲ੍ਹ ਦੀ ਭੂਤਨੀ ਸਿਵਿਆਂ ਵਿਚ ਅੱਧ; ਬਿੱਲੂ ਬਦਮਾਸ਼ ਨੇ ਜਦੋਂ ਬਾਂਹ ਛੁੜਾ ਕੇ ਰਣਜੀਤ ਨੂੰ ਗਲਾਵੇਂ ਤੋਂ ਪਕੜ ਕੇ ਉਸ ਦੇ ਘਸੁੰਨ ਮਾਰਨਾ ਚਾਹਿਆ ਤਾਂ ਰਣਜੀਤ ਨੇ ਉਸ ਦੀ ਗੱਲ 'ਤੇ ਖਿੱਚ ਕੇ ਚਪੇੜ ਮਾਰੀ। ਬਿੱਲੂ ਉਸ ਦੀ ਇਕ ਚਪੇੜ ਨਾਲ ਜਿਵੇਂ ਭਵੰਤਰਿਆ ਗਿਆ। ਫਿਰ ਕਈ ਚਪੇੜਾਂ ਉਸ ਨੇ ਬਿੱਲੂ ਬਦਮਾਸ਼ ਦੇ ਚਿਹਰੇ 'ਤੇ ਰਸੀਦ ਕਰ ਦਿੱਤੀਆਂ। ਬਿੱਲੂ ਬਦਮਾਸ਼ ਆਪਣੀ ਬੇਇੱਜ਼ਤੀ ਮਹਿਸੂਸ ਕਰਦਾ ਹੋਇਆ ਉਥੋਂ ਇਕਦਮ ਤਿੱਤਰ ਹੋ ਗਿਆ। ਰਣਜੀਤ ਨੇ ਕੁੜੀ ਦੀ ਚੁੰਨੀ ਉਸ ਨੂੰ ਫੜਾਉਂਦਿਆਂ ਭਰਾਵਾਂ ਵਾਂਗ ਕਿਹਾ, "ਫਿਕਰ ਨਾ ਕਰੀਂ ਗੁੱਡੀ! ਜਦੋਂ ਤੱਕ ਅਸੀਂ ਜਿਉਂਦੇ ਆਂ, ਉਦੋਂ ਤੱਕ ਤੇਰੇ ਵਰਗੀਆਂ ਕੁੜੀਆਂ ਵੱਲ ਕੋਈ ਵੀ ਬਦਮਾਸ਼ ਅੱਖ ਉਠਾ ਕੇ ਨਹੀਂ ਝਾਕ ਸਕਦਾ।" ਦੂਸਰੇ ਦਿਨ ਜਦੋਂ ਰਣਜੀਤ ਉਸ ਚੌਕ ਵਿਚੋਂ ਗੁਜ਼ਰਨ ਲੱਗਾ ਤਾਂ ਸਾਹਮਣਿਉਂ ਉਸ ਨੂੰ ਬਿੱਲੂ ਬਦਮਾਸ਼ ਤੇ ਉਸ ਦੇ ਹੋਰ ਸਾਥੀ ਹਾਕੀਆਂ, ਚਾਕੂਆਂ ਤੇ ਹੋਰ ਤਰ੍ਹਾਂ-ਤਰ੍ਹਾਂ ਦੇ ਹਥਿਆਰਾਂ ਨਾਲ ਲੈਸ ਟੱਕਰ ਪਏ। ਰਣਜੀਤ ਪਹਿਲਾਂ ਤਾਂ ਉਨ੍ਹਾਂ ਨੂੰ ਵੇਖ ਕੇ ਰਤਾ ਘਬਰਾ ਗਿਆ ਪਰ ਫਿਰ ਜਲਦੀ ਹੀ ਉਹ ਸੰਭਾਲਿਆ ਤੇ ਤੇਜ਼ੀ ਨਾਲ ਇਕ ਦੁਕਾਨ ਵਿਚ ਜਾ ਵੜਿਆ। ਇਕ ਲੱਕੜਨੁਮਾ ਹਥਿਆਰ ਲੈ ਕੇ ਮੈਦਾਨ ਵਿਚ ਆ ਡਟਿਆ। ਉਸ ਦਾ ਹੌਸਲਾ ਤੇ ਹਿੰਮਤ ਦੇਖ ਕੇ ਕੋਈ ਹੋਰ ਮਦਰ ਲਏ ਮੈਦਾਨ 'ਚ ਨਿੱਤਰ ਆਏ। "ਹਿੰਮਤ ਨਾ ਹਾਰੀਂ ਵੀਰਾ! ਅਸੀਂ ਵੀ ਤੇਰੇ ਨਾਲ ਆਂ।" ਉਥੋਂ ਲੰਘਦੀਆਂ ਤਿੰਨ-ਚਾਰ ਔਰਤਾਂ ਦੇ ਹੱਥਾਂ 'ਚ ਚੂੜੀਆਂ ਦੀ ਜਗ੍ਹਾ ਸੈਂਡਲ ਤੇ ਜੁਤੀਆਂ ਸਨ।



-ਸੁਖਮਿੰਦਰ ਸੇਖੋਂ

### ਜ਼ਹਿਰ

ਵਾਰ-ਵਾਰ ਵਿਦਿਆਰਥੀਆਂ ਦੇ ਇਹ ਕਹਿਣ 'ਤੇ ਇਹ ਤਾਂ ਮੈਂ ਪੜ੍ਹੀ ਹੋਈ ਆ, ਇਹ ਤਾਂ ਮੈਂ ਪੜ੍ਹੀ ਹੋਈ ਆ।" ਲਾਇਬਰੇਰੀ ਇੰਚਾਰਜ ਅਧਿਆਪਕ ਨੇ ਇਹ ਕਹਿਣਾ ਸ਼ੁਰੂ ਕੀਤਾ, "ਚੀਚੂ ਦੀ ਸਿਆਣਪ" ਕਿਸ ਨੂੰ ਚਾਹੀਦੀ ਹੈ? ਵੀਰਪਾਲ ਬੋਲੀ, "ਮੈਨੂੰ।"

'ਲੰਡੋਰਾ ਬਾਂਦਰ ਉਸੇ ਵਰਗੀਆਂ ਹਰਕਤਾਂ ਕਰਨ ਵਾਲਾ ਜਿੰਦਰ ਬੋਲਿਆ, "ਜੀ ਮੈਨੂੰ।" ਬਾਕੀ ਵਿਦਿਆਰਥੀ ਮਿੰਨਾ ਜਿਹਾ ਮੁਸਕਰਾਏ।

'ਜ਼ਹਿਰ ਕਿਸਨੇ ਲੈਣੀ ਹੈ? ਸਭ ਤੋਂ ਹੁਸ਼ਿਆਰ ਸੋਨੂੰ ਬੋਲਿਆ, "ਜੀ ਜ਼ਹਿਰ ਮੈਂ ਲੈਣੀ ਹੈ।" ਸਾਰੀ ਕਲਾਸ ਖਿੜ-ਖਿੜ ਕੇ ਹੱਸਣ ਲੱਗੀ।

-ਬਲਜੀਤ ਕੌਰ ਮਾਨ

## ਕਾਵਿ ਰਚਨਾ

### ਤਨਹਾਈ

ਆਪਣੇ ਮਨ ਦੇ ਸੱਖਣੇ ਖੋਲ੍ਹ 'ਚ ਵਿਲਕ ਰਹੀ ਤਨਹਾਈ ਹਾਂ
ਹਾਦਸਿਆਂ ਦੇ ਛੇਕ ਪੁਆ ਕੇ ਮੈਂ ਵੰਝਲੀ ਅਖਵਾਈ ਹਾਂ।
ਆਪਾਂ ਰਲ ਕੇ ਇਸ 'ਚ ਆਪਣੇ ਖਾਬ ਦੀ ਬੇੜੀ ਤਾਰਾਂਗੇ।
ਤੂੰ ਮੇਰਾ ਸਾਗਰ ਵੇ ਅੜਿਆ! ਮੈਂ ਤੇਰੀ ਗਹਿਰਾਈ ਹਾਂ।
ਆ ਜਾ ਹੁਣ ਚਾਅ ਲੈ ਮੈਨੂੰ ਹਾਦਸਿਆਂ ਦੇ ਪਾਣੀ 'ਚੋਂ
ਬਗਲਾ ਬਣ ਕੇ ਆ ਵੇ ਅੜਿਆ! ਮੈਂ ਮੱਛਲੀ ਦਰਿਆਈ ਹਾਂ।
ਲੈ ਵੇ ਇਸ਼ਕਾਂ! ਮੈਂ ਵੀ ਅੱਜ ਇਹ ਰੀਤ ਨਿਭਾ 'ਤੀ ਤੇਰੀ ਵੇ,
ਇਕ ਬੇਦਰਦੀ ਤੋਂ ਦਿਲ ਉਤੇ ਚੋਟ ਲੁਆ ਕੇ ਆਈ ਹਾਂ।
ਹਿਜਰ ਤੇਰੇ ਦੀ ਅੱਗ 'ਚ ਹੁਣ ਤੱਕ ਅੱਖਰ-ਅੱਖਰ ਬਲਦੀ ਹਾਂ,
ਤੇਰਾ ਹੀ ਚਾਨਣ ਹਾਂ ਚੰਨ੍ਹਾ! ਤੇਰੀ ਹੀ ਰੁਸ਼ਨਾਈ ਹਾਂ।
ਐਵੇਂ ਤੈਨੂੰ ਭਰਮ ਜਿਹੈ ਕਿ ਮੈਂ ਜਜ਼ਬੇ ਦੀ ਟੀਸੀ ਹਾਂ,
ਇਕ ਦਿਨ ਦੱਸਾਂਗੀ ਦਰਦਾਂ ਦੀ ਕਿੰਨੀ ਡੂੰਘੀ ਖਾਈ ਹਾਂ।
ਨਜ਼ਰ ਤੇਰੀ ਦੇ ਉਤੇ ਹੁਣ ਤਾਂ ਹੋਂਦ ਮੇਰੀ ਦਾ ਨੁਕਤਾ ਵੇ,
ਨਾ ਤੱਕੇ ਤਾਂ ਜ਼ਰਾ ਵੀ ਨਹੀਂ, ਤੱਕ ਲਏਂ ਫੇਰ ਖੁਦਾਈ ਹਾਂ।
ਦੋ ਘੁੱਟਾਂ ਹੀ ਦੇਦੇ ਮੈਨੂੰ ਆਪਣੇ ਪਿਆਰ ਸਮੁੰਦਰ 'ਚੋਂ
ਸੈ ਜਨਮਾਂ ਦੇ ਲੰਘ ਕੇ ਥਲ ਮੈਂ ਤੇਰੇ ਤੀਕਣ ਆਈ ਹਾਂ।
ਆਪਣੇ ਮਨ ਦੇ ਸੱਖਣੇ ਖੋਲ੍ਹ 'ਚ ਵਿਲਕ ਰਹੀ ਤਨਹਾਈ ਹਾਂ।
ਹਾਦਸਿਆਂ ਦੇ ਛੇਕ ਪੁਆ ਕੇ ਮੈਂ ਵੰਝਲੀ ਅਖਵਾਈ ਹਾਂ।

-ਸਿਮਰਨਜੋਤ

### ਗਜ਼ਲ

ਬੱਸ ਇਕ ਜਾਦੂ ਕਰ ਦੇ ਮੌਲਾ
ਖਾਲੀ ਜੇਬਾਂ ਭਰ ਦੇ ਮੌਲਾ
ਰੱਜੇ ਨੂੰ ਸੰਤੋਖ ਅਤਾ ਕਰ
ਭੁੱਖੇ ਨੂੰ ਟੁੱਕਰ ਦੇ ਮੌਲਾ।
ਤੱਕ-ਤੱਕ ਮੈਨੂੰ ਸੜਦੇ ਨੇ ਜੋ,
ਘਰ ਓਨ੍ਹਾਂ ਦੇ ਭਰ ਦੇ ਮੌਲਾ
ਪੰਛੀ ਬਣ ਅੰਬਰ 'ਚ ਉੱਡਾਂ,
ਪੈਰਾਂ ਬਦਲੇ ਪਰ ਦੇ ਮੌਲਾ।
ਮੋਇਆਂ ਬਖਸ਼ ਕਫਨ ਦੋ ਗਜ਼ ਦਾ,
ਜੀਂਦੇ ਜੀ ਚਾਦਰ ਦੇ ਮੌਲਾ
ਖਾਲਿਕ ਦੇ ਮਖਲੂਕ ਵਿਚਾਲੇ
ਕਦ ਤੱਕ ਰਹਿਣ ਪਰਦੇ ਮੌਲਾ
ਮੰਜ਼ਿਲ ਦੀ ਮੈਨੂੰ ਤਾਂਘ ਨਹੀਂ,
ਹਾਲੇ ਹੋਰ ਸਫਰ ਦੇ ਮੌਲਾ।
ਮਿਹਰ ਤਿਰੀ ਦਾ ਕਰ ਭਰਵਾਸਾ
ਭੁੱਲ ਅਸੀਂ ਹਾਂ ਕਰਦੇ ਮੌਲਾ।
ਤੂੰ ਮਾਲਕ ਮਰਜ਼ੀ ਦਾ ਆਪਣੀ,
ਜੋ ਕਰਨਾ ਈ ਕਰ ਦੇ ਮੌਲਾ।

-ਸਦਾ ਅੰਬਾਲਵੀ

## ਕਹਾਣੀ-ਜੇਲ੍ਹ

ਉਹ ਸਦਾ ਹੀ ਖੁੱਲ੍ਹੇ ਆਸਮਾਨ ਵਿਚ ਆਜ਼ਾਦੀ ਨਾਲ ਉੱਡਣਾ ਚਾਹੁੰਦਾ ਸੀ। ਉਸ ਨੂੰ ਆਪਣੇ ਮਾਂ-ਬਾਪ ਦੀ ਹਰ ਗੱਲ ਉੱਤੇ ਰੋਕ-ਟੋਕ ਚੰਗੀ ਨਹੀਂ ਲੱਗਦੀ। ਬਚਪਨ ਤੋਂ ਬਾਅਦ ਜਵਾਨੀ ਵਿਚ ਕਦਮ ਰੱਖ ਲਿਆ। ਹੁਣ ਉਹ ਕਾਲਜ ਜਾਣ ਲੱਗ ਪਿਆ ਸੀ। ਉਸ ਦੇ ਘਰ ਦੇ ਬਾਹਰ ਇਕ ਨਿੰਮ ਸੀ, ਜਿਸ ਦੀ ਸੰਘਣੀ ਛਾਂ ਹੇਠ ਉਸ ਦੇ ਬਾਪੂ ਜੀ ਤੇ ਬੇਬੇ ਬੈਠਦੇ ਸਨ। ਉਹ ਸਵੇਰੇ ਜਦੋਂ ਜਾਂਦਾ ਤਾਂ ਉਸ ਦੇ ਬਾਪੂ ਜੀ ਉਸ ਤੋਂ ਹਮੇਸ਼ਾ ਪੁੱਛਦੇ, ਉਹ ਕਿਥੇ ਜਾ ਰਿਹਾ ਹੈ ਤੇ ਕਦੋਂ ਵਾਪਸ ਆਏਗਾ। ਉਸ ਨੂੰ ਹਮੇਸ਼ਾ ਹੀ ਇਨ੍ਹਾਂ ਸਵਾਲਾਂ ਦਾ ਜਵਾਬ ਦੇਣਾ ਪੈਂਦਾ ਸੀ। ਜੇ ਉਹ ਰਾਤ ਨੂੰ ਲੇਟ ਹੋ ਜਾਂਦਾ ਤਾਂ ਉਸ ਦੇ ਬਾਪੂ ਤੇ ਬੇਬੇ ਦੋਵੇਂ ਉਸ ਨਿੰਮ ਦੇ ਹੇਠ ਪਏ ਮੰਜੇ 'ਤੇ ਬੈਠਦੇ ਅਤੇ ਉਸ ਦਾ ਇੰਤਜ਼ਾਰ ਕਰਦੇ ਰਹਿੰਦੇ। ਜਦੋਂ ਉਹ ਆਉਂਦਾ ਤਾਂ ਫਿਰ ਉਹੀ ਸਵਾਲ ਪੁੱਛੇ ਜਾਂਦੇ ਸਨ। ਉਹ ਇਨ੍ਹਾਂ ਰੋਜ਼-ਰੋਜ਼ ਦੇ ਸਵਾਲਾਂ-ਜਵਾਬਾਂ ਤੋਂ ਦੁਖੀ ਹੋ ਗਿਆ ਸੀ। ਉਸ ਦੇ ਬਾਪੂ ਜੀ ਹਮੇਸ਼ਾ ਉਸ ਨੂੰ ਕਹਿੰਦੇ ਕਿ ਉਹ ਘਰ ਵੇਲੇ ਨਾਲ ਆ ਜਾਇਆ ਕਰੇ, ਕਿਉਂਕਿ ਦੌਲਤ ਕਦੇ ਵੀ ਮਿਲ ਸਕਦੀ ਹੈ ਪਰ ਇਕ ਵਾਰ ਗਈ ਇੱਜ਼ਤ ਕਦੇ ਵਾਪਸ ਨਹੀਂ ਮਿਲਦੀ। ਉਹ ਉਨ੍ਹਾਂ ਦੀਆਂ ਗੱਲਾਂ ਉੱਤੇ ਕਦੇ ਧਿਆਨ ਨਾ ਦਿੰਦਾ, ਉਹ ਇਹੀ ਸਮਝਦਾ ਸੀ ਕਿ ਬੁੱਢਿਆਂ ਦਾ ਕੰਮ ਤਾਂ ਸਾਰੇ ਦਿਨ ਬੁੜ-ਬੁੜ ਕਰਦੇ ਰਹਿਣਾ ਹੈ। ਇਕ ਦਿਨ ਘਰ ਬਹੁਤ ਦੇਰ ਨਾਲ ਆਉਣ ਉੱਤੇ ਉਸ ਨੂੰ ਬਾਪੂ ਜੀ ਕੋਲੋਂ ਝਿੜਕਾਂ ਖਾਣੀਆਂ ਪਈਆਂ। ਹੁਣ ਉਸ ਨੂੰ ਘਰ ਇਕ ਜੇਲ੍ਹ ਮਹਿਸੂਸ ਹੋਣ ਲੱਗੀ, ਜਿਸ ਦਾ ਉਹ ਇਕ ਕੈਦੀ ਸੀ ਅਤੇ ਉਸਦੇ ਜੇਲ੍ਹ ਸਨ ਉਸ ਦੇ ਬਾਪੂ ਜੀ। ਉਸ ਨੂੰ ਆਪਣੇ ਪੈਰਾਂ ਵਿਚ ਬੇੜੀਆਂ ਮਹਿਸੂਸ ਹੋਈਆਂ ਜੋ ਕਿ ਉਸ ਦੇ ਬਾਪੂ ਜੀ ਨੇ ਪਾਈਆਂ ਸਨ। ਕੁਝ ਦਿਨਾਂ ਬਾਅਦ ਅਚਾਨਕ ਕਾਲਜ ਵਿਚ ਇਕ ਆਦਮੀ ਆਇਆ। ਉਸ ਨੇ ਦੱਸਿਆ ਕਿ ਉਸ ਦੇ ਬਾਪੂ ਜੀ ਤੇ ਬੇਬੇ ਦਾ ਐਕਸੀਡੈਂਟ ਹੋ ਗਿਆ, ਜਦੋਂ ਉਹ ਹਸਪਤਾਲ ਪਹੁੰਚਿਆ ਤਾਂ ਉਨ੍ਹਾਂ ਦੀ ਮੌਤ ਹੋ ਚੁੱਕੀ ਸੀ। ਦਿਨ ਬੀਤਦੇ ਗਏ। ਹੁਣ ਉਸਨੇ ਆਪ ਨੂੰ ਇਕ ਆਜ਼ਾਦ ਪੰਛੀ ਵਾਂਗ ਮਹਿਸੂਸ ਕੀਤਾ ਜੋ ਕਿਤੇ ਵੀ ਉਡਾਰੀ ਲਗਾ ਸਕਦਾ ਸੀ। ਉਸ ਨੂੰ ਲੱਗਦਾ ਕਿ ਹੁਣ ਉਸ ਦੀ ਸਜ਼ਾ ਪੂਰੀ ਹੋ ਗਈ ਹੈ ਤੇ ਹੁਣ ਉਹ ਜੇਲ੍ਹ ਵਿਚੋਂ ਹਮੇਸ਼ਾ-ਹਮੇਸ਼ਾ ਲਈ ਰਿਹਾਅ ਕਰ ਦਿੱਤਾ ਗਿਆ ਹੈ। ਉਸ ਦੇ ਪੈਰਾਂ ਦੀਆਂ ਬੇੜੀਆਂ ਨਿਕਲ ਗਈਆਂ ਸਨ। ਜਦੋਂ ਵੀ ਹੁਣ ਉਹ ਘਰ ਤੋਂ ਬਾਹਰ ਜਾਂਦਾ ਤਾਂ ਉਸ ਨੂੰ ਇਹੀ ਲੱਗਦਾ ਕਿ ਬਾਪੂ ਜੀ ਉਸਨੂੰ ਕਹਿ ਰਹੇ ਨੇ ਕਿ ਉਹ ਜਲਦੀ ਘਰ ਆ ਜਾਵੇ ਤੇ ਬੇਬੇ ਕਹਿ ਰਹੀ ਹੈ ਕਿ ਬੇਟਾ ਰੋਟੀ ਵਖਤ ਉੱਤੇ ਖਾ ਲਵੀਂ। ਪਰ ਜਦੋਂ ਪਿੱਛੇ ਮੁੜ ਕੇ ਦੇਖਦਾ ਹੈ ਤਾਂ ਉਹੀ ਨਿੰਮ ਦੇ ਹੇਠ ਉਨ੍ਹਾਂ ਦਾ ਖਾਲੀ ਮੰਜਾ ਪਿਆ ਹੁੰਦਾ। ਉਹ ਉਸ ਜੇਲ੍ਹ ਤੋਂ ਰਿਹਾਅ ਤਾਂ ਹੋ ਗਿਆ ਸੀ ਪਰ ਜੇਲ੍ਹ ਤੋਂ ਬਾਹਰ ਤਾਂ ਸ਼ੈਤਾਨ ਸਨ ਜੋ ਕਿ ਭੋਲੀਆਂ ਸੂਰਤਾਂ ਦੇ ਪਿੱਛੇ ਛੁਪੇ ਹੋਏ ਸਲ। ਹੁਣ ਉਸ ਨੂੰ ਮੁੜ ਉਸ ਜੇਲ੍ਹ ਦੀ ਯਾਦ ਆਉਂਦੀ ਹੈ। ਉਹ ਮੁੜ ਕੈਦੀ ਬਣਾਂ ਦੀ ਕੋਸ਼ਿਸ਼ ਕਰਦਾ ਹੈ, ਜਿਸ ਦਾ ਜੇਲ੍ਹਰ ਉਸ ਨੂੰ ਚੰਗੇ, ਬੁਰੇ ਦੀ ਪਹਿਚਾਣ ਕਰਵਾਏ, ਜੋ ਹਮੇਸ਼ਾ ਉਸ ਦੇ ਪਿੱਛੇ ਉਸ ਦੇ ਸਹਾਰਾ ਬਣਨ ਕੇ ਖੜ੍ਹੇ। ਪਰ ਹੁਣ ਸਮਾਂ ਨਿਕਲ ਗਿਆ ਸੀ। ਉਸ ਦੀ ਸਜ਼ਾ ਖਤਮ ਹੋ ਗਈ ਸੀ ਤੇ ਉਹ ਜੇਲ੍ਹ ਦੇ ਦਰਵਾਜ਼ੇ ਉਸ ਦੇ ਲਈ ਹਮੇਸ਼ਾ-ਹਮੇਸ਼ਾ ਲਈ ਬੰਦ ਹੋ ਗਏ ਸਨ।



-ਪਰਮਜੀਤ ਕੌਰ

# ਮਨੁੱਖੀ, ਤਕਨੀਕੀ ਕੁਸ਼ਲਤਾ ਅਤੇ ਤੇਜ ਰਣਨੀਤੀ ਦੀ ਵਿਲੱਖਣ ਮਿਸਾਲ ਬਣਿਆ ਆਪ੍ਰੇਸ਼ਨ ਸਿੰਦੂਰ : ਮੁੱਖ ਮੰਤਰੀ

**ਚੰਡੀਗੜ੍ਹ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਦੇਸ਼ ਦੇ ਬਹਾਦਰ ਫੌਜੀਆਂ ਨੇ ਆਪ੍ਰੇਸ਼ਨ ਸਿੰਦੂਰ ਨੂੰ ਅੰਜਾਮ ਦਿੱਤਾ, ਇਸ ਨਾਲ ਪੂਰੇ ਵਿਸ਼ਵ ਨੂੰ ਭਾਰਤ ਦੀ ਬਹਾਦਰੀ ਦਾ ਸੰਦੇਸ਼ ਮਿਲਿਆ ਹੈ ਅਤੇ ਦੇਸ਼ ਦਾ ਮਾਣ ਵਧਿਆ ਹੈ। ਆਪ੍ਰੇਸ਼ਨ ਸਿੰਦੂਰ ਰਾਹੀਂ ਪ੍ਰਧਾਨ ਮੰਤਰੀ ਨੇ ਇਹ ਸੰਦੇਸ਼ ਦਿੱਤਾ ਹੈ ਕਿ ਆਪਣੇ ਨਾਗਰਿਕਾਂ ਦੀ ਰੱਖਿਆ ਉਨ੍ਹਾਂ ਦੇ ਲਈ ਸੱਭ ਤੋਂ ਉੱਪਰ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਤੱਕ ਅਸੀਂ ਅਨੇਕ ਫੌਜੀ ਮੁਹਿੰਮਾਂ ਨੂੰ ਦੇਖਿਆ ਹੈ, ਪਰ ਆਪ੍ਰੇਸ਼ਨ ਸਿੰਦੂਰ ਮਨੁੱਖੀ, ਤਕਨੀਕੀ ਕੁਸ਼ਲਤਾ ਅਤੇ ਤੇਜ ਰਣਨੀਤੀ ਦੀ ਵਿਲੱਖਣ ਮਿਸਾਲ ਹੈ।

ਮੁੱਖ ਮੰਤਰੀ ਅੱਜ ਜ਼ਿਲ੍ਹਾ ਕੁਰੂਕਸ਼ੇਤਰ ਦੇ ਲਾਡਵਾ ਸ਼ਹਿਰ ਵਿੱਚ ਆਪ੍ਰੇਸ਼ਨ ਸਿੰਦੂਰ ਤਿਰੰਗਾ ਯਾਤਰਾ ਤੋਂ ਪਹਿਲਾਂ ਮੌਜੂਦਾ ਲੋਕਾਂ ਨੂੰ ਸੰਬੋਧਿਤ ਕਰ ਰਹੇ ਸਨ। ਭਾਰੀ ਗਿਣਤੀ ਵਿੱਚ ਮੌਜੂਦ ਨੌਜੁਆਨਾਂ, ਮਹਿਲਾਵਾਂ ਅਤੇ ਬਜੁਰਗਾਂ ਨੇ ਮੁੱਖ ਮੰਤਰੀ ਦੀ ਅਗਵਾਈ ਹੇਠ ਤਿਰੰਗਾ ਯਾਤਰਾ ਵਿੱਚ ਹਿੱਸਾ ਲਿਆ ਅਤੇ ਦੇਸ਼ ਦੇ ਵੀਰ ਫੌਜੀਆਂ ਤੇ ਆਪ੍ਰੇਸ਼ਨ ਸਿੰਦੂਰ ਵਿੱਚ ਸ਼ਹੀਦ ਹੋਏ ਫੌਜੀਆਂ ਦੇ ਸਨਮਾਨ ਵਿੱਚ ਚਲਾਈ ਜਾ ਰਹੀ ਇਸ ਮੁਹਿੰਮ ਵਿੱਚ ਵੱਧਚੜ੍ਹ ਕੇ ਯੋਗਦਾਨ ਦਿੱਤਾ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਰਾਮਕੁੰਡੀ ਧਰਮਸ਼ਾਲਾ ਦੇ ਸਭਾਗਾਰ ਵਿੱਚ ਪਹਿਲਗਾਮ ਦੇ ਬਲਿਦਾਨੀਆਂ ਨੂੰ ਫੁੱਲ ਭੇਂਟ ਕਰ ਸ਼ਰਧਾਂਜਲੀ ਦਿੱਤੀ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਡੇ ਫੌਜੀਆਂ ਨੇ ਪਾਕੀਸਤਾਨ ਦੀ ਸਰਜਮੀਂ 'ਤੇ ਜਾ ਕੇ ਅੱਤਵਾਦ ਨੂੰ ਤਬਾਹ ਕਰਨ ਦਾ ਕੰਮ ਕੀਤਾ ਹੈ। ਅਜਿਹਾ ਕਰ ਕੇ ਸੰਦੇਸ਼ ਦਿੱਤਾ ਕਿ ਭਾਰਤ ਦੀ ਸੰਪ੍ਰਭੂਤਾ ਦੇ ਵੱਲ ਅੱਖ ਚੁੱਕਣ ਦਾ ਅੰਜਾਮ ਬਹੁਤ ਬੁਰਾ ਹੁੰਦਾ ਹੈ। ਪਾਕੀਸਤਾਨ ਦੀ ਜਮੀਨ 'ਤੇ ਜਾ ਕੇ ਅੱਤਵਾਦੀ ਅੱਡਿਆਂ ਨੂੰ ਚੁਣ-ਚੁਣ ਕੇ ਮਿੱਟੀ ਵਿੱਚ ਮਿਲਾਉਣ ਦਾ ਕੰਮ ਜਾਬਾਂਜ ਫੌਜੀਆਂ ਨੇ ਕੀਤਾ ਹੈ। ਪਾਕੀਸਤਾਨ ਦੇ 11 ਏਅਰਬੇਸ ਨੂੰ ਤਬਾਹ ਕਰਨ ਦਾ ਕੰਮ ਕੀਤਾ ਹੈ। ਉਨ੍ਹਾ ਨੇ ਕਿਹਾ ਕਿ ਸਾਡੇ ਫੌਜੀਆਂ ਨੇ ਮਿਸਾਇਲਾਂ ਪਾਕੀਸਤਾਨ 'ਤੇ ਛੱਡੀਆਂ, ਇਸ ਦੀ ਗੂੰਜ ਚੀਨ ਅਤੇ ਅਮੇਰਿਕਾ ਤੱਕ ਗਈ ਹੈ। ਕੌਮਾਂਤਰੀ ਪੱਧਰ 'ਤੇ ਜਦੋਂ ਗੱਲ ਹੋਈ ਤਾਂ ਸੀਜ਼ਫਾਇਰ ਨਾਲ ਇਹ ਦਿਖਾਇਆ ਕਿ ਭਾਂਰਤ ਯੁੱਧ ਦੇ ਹੱਕ ਵਿੱਚ ਨਹੀਂ ਹੈ, ਪਰ ਜਦੋਂ ਤੱਕ ਸ਼ਾਂਤੀ ਦੀ ਕਮਜੋਰੀ ਸਮਝਿਆ ਜਾਵੇਗਾ ਤਾਂ ਭਾਰਤ ਚੁੱਪ ਵੀ ਨਹੀਂ ਰਹੇਗਾ। ਇਹੀ ਬਹਾਦਰੀ ਅਤੇ ਸਬਰ ਦੇਸ਼ ਨੂੰ ਇੱਕ ਮਹਾਨ ਰਾਸ਼ਟਰ ਬਨਾਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸੇਨਾ ਦਾ ਸ਼ਸ਼ਕਤੀਕਰਣ ਕੀਤਾ ਗਿਆ ਹੈ ਅਤੇ ਭਾਰਤ ਦਾ ਮਾਣ ਵਧਿਆ ਹੈ। ਇਸ ਦੇ ਲਈ ਸਾਨੂੰ ਮਾਣ ਹੈ ਅਤੇ ਉਹ ਸੂਬੇ ਦੀ ਜਨਤਾ ਵੱਲੋਂ ਨਮਨ ਕਰਦੇ ਹਨ।

# ਪੀਣ ਦੇ ਪਾਣੀ 'ਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਹੰਕਾਰ ਸ਼ੋਭਾ ਨਹੀਂ ਦਿੰਦਾ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਹੰਕਾਰ ਵਿੱਚ ਹਨ, ਉਨ੍ਹਾਂ ਨੂੰ ਪੀਣ ਦੇ ਪਾਣੀ ਨੂੰ ਲੈ ਕੇ ਇਸ ਤਰ੍ਹਾ ਦੀ ਸਿਆਸਤ ਸ਼ੋਭਾ ਨਹੀਂ ਦਿੰਦੀ।

ਇੰਨ੍ਹਾ ਮਹੀਨਿਆਂ ਵਿੱਚ ਤਾਂ ਲੋਕ ਥਾਂ-ਥਾਂ ਪਾਣੀ ਦੀ ਛਬੀਲ ਲਗਾ ਕੇ ਪੁੰਨ ਕਮਾਉਂਦੇ ਹਨ। ਗੁਰੂਆਂ ਨੇ ਵੀ ਪਾਣੀ ਪਿਲਾਉਣ ਦਾ ਸੰਦੇਸ਼ ਦਿੱਤਾ ਹੈ। ਪੰਜਾਬ ਦੀ ਮਾਨ ਸਰਕਾਰ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਫੈਸਲੇ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਸਿਆਸਤ ਤੋਂ ਉੱਪਰ ਉੱਠ ਕੇ ਹਰਿਆਣਾ ਨੂੰ ਉਸ ਦੇ ਹਿੱਸੇ ਦਾ ਪਾਣੀ ਦਵੇ।

ਮੁੱਖ ਮੰਤਰੀ ਵੀਰਵਾਰ ਨੂੰ ਲਾਡਵਾ ਦੇ ਰਾਮਕੁੰਡੀ ਧਰਮਸ਼ਾਲਾ ਵਿੱਚ ਪ੍ਰਬੰਧਿਤ ਪ੍ਰੈਸ ਕਾਨਫ੍ਰੈਂਸ ਨੂੰ ਸੰਬੋਧਿਤ ਕਰ ਰਹੇ ਸਨ।

ਇੱਕ ਸੁਆਲ ਦੇ ਜਵਾਬ ਵਿੱਚ ਉਨ੍ਹਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨਾਲ ਸੂਬੇ ਦੇ ਵਿਕਾਸ ਨੂੰ ਲੈ ਕੇ ਸਲਾਹ-ਮਸ਼ਵਰਾ ਕੀਤਾ ਗਿਆ। ਸੂਬੇ ਦੇ ਕੌਨੇ-ਕੌਨੇ ਵਿੱਚ ਵਿਕਾਸ ਹੋਵੇ ਇਸ ਦੇ ਲਈ ਨਵੇਂ-ਨਵੇਂ ਰਸਤੇ ਖੋਲੇ ਹਨ। ਅੰਮ੍ਰਿਤ ਸਟੇਸ਼ਨ ਯੋਜਨਾ ਦੇ ਤਹਿਤ ਕਈ ਰੇਲਵੇ ਸਟੇਸ਼ਨਾਂ ਮੁੜਨਿਰਮਾਣ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਨੇ ਸੂਬੇ ਵਿੱਚ ਜੋ ਕੰਮ ਕਰਵਾਏ, ਉਨ੍ਹਾਂ ਦਾ ਸਾਰਿਆਂ ਨੂੰ ਪਤਾ ਹੈ। ਹੁਣ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮਦੀ ਦੀ ਅਗਵਾਈ 10 ਸਾਲਾਂ ਵਿੱਚ ਹੋਏ ਬਦਲਾਆਂ ਨੂੰ ਜਨਤਾ ਨੇ ਦੇਖਿਆ ਹੈ।

ਉਨ੍ਹਾਂ ਨੇ ਕਿਹਾ ਕਿ ਸੂਬੇ ਦੇ ਲੋਕਸਭਾ ਖੇਤਰਾਂ, ਜਿਲ੍ਹਿਆਂ, ਸਬ-ਡਿਵੀਜਨਲ ਪੱਧਰ ਅਤੇ ਪਿੰਡਾਂ ਵਿੱਚ ਤਿਰੰਗਾ ਯਾਤਰਾਵਾਂ ਕੱਢੀਆਂ ਜਾ ਰਹੀਆਂ ਹਨ। ਪੂਰਾ ਦੇਸ਼ ਇੱਕਜੁਟ ਹੋ ਕੇ ਇੰਨ੍ਹਾਂ ਤਿਰੰਗਾ ਯਾਤਰਾਵਾਂ ਵਿੱਚ ਸ਼ਾਮਿਲ ਹੋ ਰਿਹਾ ਹੈ ਅਤੇ ਸਾਡੇ ਜਾਬਾਂਜ ਫੌਜੀਆਂ ਨੂੰ ਸਲਾਮ ਕਰ ਰਿਹਾ ਹੈ।

ਇਸ ਮੌਕੇ 'ਤੇ ਸਾਬਕਾ ਰਾਜਮੰਤਰੀ ਸ੍ਰੀ ਸੁਭਾਸ਼ ਸੁਧਾ, ਚੇਅਰਮੇਨ ਸ੍ਰੀ ਧਰਮਬੀਰ ਡਾਗਰ, ਨਗਰ ਪਾਲਿਕਾ ਚੇਅਰਮੈਨ ਸਾਕਸ਼ੀ ਖੁਰਾਨਾ, ਡਿਪਟੀ ਕਮਿਸ਼ਨਰ ਨੇਹਾ ਸਿੰਘ ਸਮੇਤ ਹੋਰ ਮਾਣਯੋਗ ਵਿਅਕਤੀ ਮੌਜੂਦ ਰਹੇ।

# ਚੰਦੂਆਂ ਖੁਰਦ 'ਚ ਜਨ ਸੁਵਿਧਾ ਕੈਂਪ ਦਾ ਲਾਭ ਲੈਂਦਿਆਂ ਲੋਕਾਂ ਨੇ ਪ੍ਰਾਪਤ ਕੀਤੀਆਂ ਸਰਕਾਰੀ ਸੇਵਾਵਾਂ



**ਰਾਜਪੁਰਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਸਬ ਡਵੀਜ਼ਨ ਰਾਜਪੁਰਾ ਦੇ ਅਧੀਨ ਪੈਂਦੇ ਪਿੰਡ ਚੰਦੂਆਂ ਖੁਰਦ ਵਿਖੇ @ਆਪ ਦੀ ਸਰਕਾਰ ਆਪ ਦੇ ਦੁਆਰ@ ਤਹਿਤ ਲਗਾਏ ਜਨ ਸੁਵਿਧਾ ਕੈਂਪ ਮੌਕੇ ਐਸ.ਡੀ.ਐਮ. ਅਵਿਕੇਸ਼ ਗੁਪਤਾ ਨੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਤੇ ਇਨ੍ਹਾਂ ਦਾ ਮੌਕੇ @ਤੇ ਹੀ ਨਿਪਟਾਰਾ ਕਰਦਿਆਂ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੇ ਘਰਾਂ ਤੱਕ ਪੁੱਜੀ ਹੈ। ਐਸ.ਡੀ.ਐਮ. ਅਵਿਕੇਸ਼ ਕੁਮਾਰ ਨੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਦਿਆਂ ਇਨ੍ਹਾਂ ਦੇ ਹੱਲ ਲਈ ਮੌਕੇ @ਤੇ ਹੀ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਅਤੇ ਦੱਸਿਆ ਕਿ ਪੰਜਾਬ ਸਰਕਾਰ ਦੀ ਇਸ ਵਿਸ਼ੇਸ਼ ਪਹਿਲਕਦਮੀ ਤਹਿਤ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਖ਼ੁਦ ਚੱਲਕੇ ਲੋਕਾਂ ਦੇ ਘਰਾਂ ਦੇ ਨੇੜੇ ਪੁੱਜਦੇ ਹਨ ਅਤੇ ਸਰਕਾਰੀ ਸਕੀਮਾਂ ਦਾ ਲਾਭ ਮੌਕੇ @ਤੇ ਹੀ ਲਾਭਪਾਤਰੀਆਂ ਨੂੰ ਦਿੱਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਹਲਕਾ ਵਿਧਾਇਕ ਨੀਨਾ ਮਿੱਤਲ ਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਪਿੰਡਾਂ ਵਿੱਚ ਅਜਿਹੇ ਕੈਂਪ ਲਗਾਤਾਰ ਲਗਾਏ ਜਾ ਰਹੇ ਹਨ। ਇਸ ਕੈਂਪ ਦਾ ਲਾਭ ਲੈਣ ਵਾਲੇ ਲੋਕਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਕੰਮਾਂ ਲਈ ਸ਼ਹਿਰ ਵਿੱਚ ਨਹੀਂ ਜਾਣਾ ਪੈਂਦਾ ਤੇ ਉਨ੍ਹਾਂ ਦੇ ਜਰੂਰੀ ਪ੍ਰਸ਼ਾਸਨਿਕ ਕੰਮ ਪਿੰਡ ਵਿੱਚ ਹੀ ਅਜਿਹੇ ਕੈਂਪਾਂ ਜਰੀਏ ਹੋ ਜਾਂਦੇ ਹਨ।

ਇਸ ਜਨ ਸੁਵਿਧਾ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਲੋਕਾਂ ਦੇ ਮਸਲੇ ਸੁਣੇ ਤੇ ਉਨ੍ਹਾਂ ਦਾ ਮੌਕੇ @ਤੇ ਹੀ ਹੱਲ ਵੀ ਕੀਤਾ। ਇਸ ਮੌਕੇ ਬੀ.ਡੀ.ਪੀ.ਓ. ਬਨਦੀਪ ਸਿੰਘ ਗਿੱਲ ਸਮੇਤ ਇਲਾਕੇ ਦੇ ਵਸਨੀਕ ਵੀ ਮੌਜੂਦ ਸਨ।

# ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ : ਕੈਬਨਿਟ ਮੰਤਰੀ



**ਤਰਨ ਤਾਰਨ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿੱਢੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਨਸ਼ਿਆਂ ਦੇ ਖਾਤਮੇ ਲਈ ਚਲਾਈ ਇਸ ਮੁਹਿੰਮ ਦੌਰਾਨ ਲੋਕ ਖੁੱਲ੍ਹ ਕੇ ਨਸ਼ਿਆਂ ਵਿਰੁੱਧ ਆਵਾਜ਼ ਉਠਾ ਰਹੇ ਹਨ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਹਲਕਾ ਪੱਟੀ ਦੇ ਪਿੰਡ ਨਬੀਪੁਰ, ਬੂਹ ਹਵੇਲੀਆਂ ਅਤੇ ਕਿਰਤੋਵਾਲ ਖੁਰਦ ਵਿਖੇ ਨਸ਼ਾ ਮੁਕਤੀ ਯਾਤਰਾ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ।

ਸ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਪਿੰਡਾਂ ਦੇ ਲੋਕ ਸਰਕਾਰ ਦੀ ਇਸ ਮੁਹਿੰਮ ਨੂੰ ਲੋਕ ਲਹਿਰ ਬਣਾਉਣ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ।ਉਹਨਾਂ ਕਿਹਾ ਕਿ ਆਪਣੇ ਜ਼ਿਲ੍ਹੇ ਅਤੇ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਨਸ਼ਿਆਂ ਦੇ ਸਿਹਤ ਤੇ ਪੈਂਦੇ ਮਾੜੇ ਪ੍ਰਭਾਵਾਂ ਤੋਂ ਲਗਾਤਾਰ ਲੋਕਾਂ ਨੂੰ ਜਾਣੂ ਕਰਵਾਇਆ ਜਾ ਰਿਹਾ ਹੈ, ਉਥੇ ਹੀ ਨਸ਼ਾ ਛੱਡ ਚੁੱਕੇ ਲੋਕਾਂ ਦੇ ਮੁੜ ਵਸੇਬੇ ਸਬੰਧੀ ਲਗਾਤਾਰ ਉਪਰਾਲੇ ਕੀਤਾ ਜਾ ਰਹੇ ਹਨ।ਉਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਡੇ ਆਲੇ ਦੁਆਲੇ ਕੋਈ ਵੀ ਵਿਅਕਤੀ ਨਸ਼ੇ ਦੀ ਭੈੜੀ ਆਦਤ ਦਾ ਸ਼ਿਕਾਰ ਹੈ ਤਾਂ ਉਸ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ, ਸਰਕਾਰ ਵੱਲੋਂ ਉਸਦਾ ਮੁਫਤ ਇਲਾਜ ਕਰਕੇ ਨਸ਼ਾ ਛੁਡਾਇਆ ਜਾਵੇਗਾ ਅਤੇ ਨਾਲ ਹੀ ਉਸਦਾ ਪੁਨਰਵਾਸ ਵੀ ਕੀਤਾ ਜਾਵੇਗਾ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ 'ਆਮ ਆਦਮੀ ਪਾਰਟੀ' ਦੇ ਕੌਮੀ ਕਨਵੀਨਰ ਸ਼੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਪੰਜਾਬ 'ਚ 'ਨਸ਼ਾ ਮੁਕਤੀ ਯਾਤਰਾ' ਦੀ ਇਤਿਹਾਸਕ ਸ਼ੁਰੂਆਤ ਕੀਤੀ ਗਈ ਹੈ, ਜਿਸ ਰਾਹੀਂ 15,000 ਤੋਂ ਵੱਧ ਪਿੰਡਾਂ ਅਤੇ ਵਾਰਡਾਂ ਤੱਕ ਜਨ ਜਾਗਰੂਕਤਾ ਦਾ ਸੁਨੇਹਾ ਪਹੁੰਚਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਰੋਜ਼ਾਨਾ ਕਰੀਬ 351 ਪਿੰਡਾਂ ਵਿੱਚ ਗ੍ਰਾਮ ਸਭਾਵਾਂ ਅਤੇ ਲੋਕਾਂ ਦੀ ਭਾਗੀਦਾਰੀ ਨਾਲ ਇਸ ਮੁਹਿੰਮ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ। ਉਨ੍ਹਾਂ ਪਿੰਡ ਪੱਧਰੀ ਸੁਰੱਖਿਆ ਕਮੇਟੀ ਮੈਂਬਰਾਂ ਨੂੰ ਆਪਣੇ-ਆਪਣੇ ਪਿੰਡਾਂ ਦੀ ਨਿਗਰਾਨੀ ਕਰਨ ਦੀ ਹੱਲਾਸ਼ੇਰੀ ਦਿੱਤੀ। ਉਨ੍ਹਾਂ ਕਿਹਾ ਕਿ ਜੇਕਰ ਪਿੰਡ ਵਿੱਚ ਕੋਈ ਨਸ਼ਾ ਵੇਚਦਾ ਜਾਂ ਨਸ਼ੇ ਦੀ ਤਸਕਰੀ ਕਰਦਾ ਹੈ ਤਾਂ ਤੁਰੰਤ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ, ਸੂਚਨਾ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨਸ਼ਿਆਂ ਨੂੰ ਮੁਕੰਮਲ ਤੌਰ ▾ਤੇ ਖਤਮ ਕਰਨ ਲਈ ਪੂਰੀ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਵੱਡੇ ਪੱਧਰ 'ਤੇ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਜੇਲ ਭੇਜਿਆ ਗਿਆ ਹੈ ਅਤੇ ਨਸ਼ਾ ਵੇਚ ਕੇ ਬਣਾਈਆਂ ਉਨ੍ਹਾਂ ਦੀ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਹਿ-ਢੇਰੀ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਨੇ ਨਸ਼ਾ ਮੁਕਤੀ ਯਾਤਰਾ ਦੌਰਾਨ ਪਿੰਡਾਂ ਦੇ ਵਸਨੀਕਾਂ ਨੂੰ ਨਸ਼ੇ ਦੀ ਰੋਕਥਾਮ ਵਿੱਚ ਯੋਗਦਾਨ ਪਾਉਣ ਲਈ ਸਹੁੰ ਵੀ ਚੁਕਾਈ।ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਵਾਸੀਆਂ ਨੂੰ ਨਸ਼ਿਆਂ ਖਿਲਾਫ ਜਾਗਰੂਕਤਾ ਸਮੱਗਰੀ ਵੰਡੀ ਵੀ ਗਈ।

ਇਸ ਮੌਕੇ ਚੇਅਰਮੈਨ ਦਿਲਬਾਗ ਸਿੰਘ, ਜਿਲਾ ਕੋਆਰਡੀਨੇਟਰ ਸ੍ਰੀ ਅਮਰਿੰਦਰ ਐਮੀ, ਬੀਡੀਪੀਓਗੁਰਜੀਤ ਸਿੰਘ ਤੋਂ ਇਲਾਵਾ ਪੰਚ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਪਿੰਡਾਂ ਦੇ ਲੋਕ ਹਾਜ਼ਰ ਸਨ।

# ਨਸ਼ਾ ਮੁਕਤੀ ਯਾਤਰਾ ਲੋਕ ਲਹਿਰ ਵਿੱਚ ਬਦਲਣ ਲੱਗੀ: ਲਖਬੀਰ ਸਿੰਘ ਰਾਏ

**ਫ਼ਤਹਿਗੜ੍ਹ ਸਾਹਿਬ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਕਿਹਾ ਹੈ ਕਿ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਹੁਣ ਲੋਕ ਲਹਿਰ ਦੇ ਰੂਪ ਵਿੱਚ ਵਧ ਫੁੱਲ ਰਹੀ ਹੈ । ਉਹਨਾਂ ਕਿਹਾ ਕਿ ਕਿਸੇ ਮੁਹਿੰਮ ਦਾ ਲੋਕ ਲਹਿਰ ਵਜੋਂ ਵਿਕਸਿਤ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਲੋਕ ਤਨ ਅਤੇ ਮਨ ਨਾਲ ਸਰਕਾਰ ਦੇ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਨ ਅਤੇ ਨਸ਼ਿਆਂ ਵਰਗੀ ਭਿਆਨਕ ਸਮਾਜਿਕ ਬੁਰਾਈ ਦਾ ਖਾਤਮਾ ਕਰਨ ਲਈ ਦ੍ਰਿੜ ਹਨ। ਵਿਧਾਇਕ ਨੇ ਦੱਸਿਆ ਕਿ ਸੂਬੇ ਵਿੱਚ ਵੱਡੀ ਗਿਣਤੀ ਨਸ਼ਾ ਤਸਕਰਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ @ਤੇ ਬੁਲਡੋਜ਼ਰ ਚਲਾਇਆ ਜਾ ਚੁੱਕਾ ਹੈ ਜੋ ਕਿ ਲੋਕ ਹਿਤ ਵਿੱਚ ਸਰਕਾਰ ਦੀ ਵੱਡੀ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਕੋਈ ਸਿਆਸੀ ਯਾਤਰਾ ਨਹੀਂ ਹੈ, ਬਲਕਿ ਇੱਕ ਸਮਾਜਿਕ ਸੰਕਲਪ ਹੈ ਅਤੇ ਉਹ ਸਮਾਜ ਦੇ ਹਰ ਵਰਗ, ਹਰ ਪੰਚਾਇਤ, ਹਰ ਨੌਜਵਾਨ, ਹਰ ਮਾਤਾ-ਪਿਤਾ ਨੂੰ ਅਪੀਲ ਕਰਦੇ ਹਨ ਕਿ ਇਸ ਅੰਦੋਲਨ ਨਾਲ ਜੁੜ ਕੇ ਇਸ ਨੂੰ ਸਫਲਤਾ ਦਾ ਜਾਮਾ ਪਹਿਨਾਇਆ ਜਾਵੇ । ਵਿਧਾਇਕ ਲਖਬੀਰ ਸਿੰਘ ਰਾਏ ਅੱਜ ਹਲਕੇ ਦੇ ਪਿੰਡ ਬੀਬੀਪੁਰ, ਹਿੰਦੂਪੁਰ ਅਤੇ ਈਸਰਹੇਲ ਵਿਖੇ ਆਯੋਜਿਤ ਜਾਗਰੂਕਤਾ ਸਭਾਵਾਂ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਪੁੱਜੇ ਸਨ। ਵਿਧਾਇਕ ਐਡਵੋਕੇਟ ਰਾਏ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਹੁਣ ਪੰਜਾਬ ਭਰ ਵਿੱਚ ਲੋਕ ਲਹਿਰ ਬਣ ਗਈ ਹੈ ਅਤੇ ਜਲਦੀ ਹੀ ਪੰਜਾਬ ਵਿਚੋਂ ਨਸ਼ਿਆਂ ਦਾ ਨਾਮੋ ਨਿਸ਼ਾਨ ਮਿਟ ਜਾਵੇਗਾ। ਉਹਨਾਂ ਦੱਸਿਆ ਕਿ ਜਾਗਰੂਕਤਾ ਸਭਾਵਾਂ ਦੌਰਾਨ ਲੋਕ ਉਹਨਾਂ ਨੂੰ ਮਿਲਦੇ ਹਨ ਅਤੇ ਸਰਕਾਰ ਵੱਲੋਂ ਆਰੰਭੇ ਇਸ ਵਿਸ਼ੇਸ਼ ਮਿਸ਼ਨ ਦੀ ਸਲਾਘਾ ਕਰਦੇ ਹਨ।

ਇਸ ਮੌਕੇ ਹਰਮੇਸ਼ ਸਿੰਘ ਪੁਨੀਆ, ਕੁਲਵਿੰਦਰ ਸਿੰਘ ਸਰਪੰਚ, ਗੁਰਨੈਬ ਸਿੰਘ ਸਰਪੰਚ, ਨਰੰਗ ਸਿੰਘ ਈਸਰਹੇਲ, ਨੰਬਰਦਾਰ ਹਰਬੰਸ ਸਿੰਘ, ਦਰਸ਼ਨ ਸਿੰਘ ਈਸਰਹੇਲ, ਬਲਜੀਤ ਸਿੰਘ, ਹੈਪੀ ਭੈਣੀ, ਸਤਨਾਮ ਭੈਣੀ, ਗੁਰ ਭਗਤ ਸਿੰਘ, ਹਰਪਾਲ ਸਿੰਘ, ਪੰਚਾਇਤ ਅਫਸਰ ਭਗਵਾਨ ਸਿੰਘ, ਗੁਰਸ਼ੇਰ ਸਿੰਘ ਬਰਾੜ ਥਾਣਾ ਮੁਖੀ ਵਡਾਲੀ ਆਲਾ ਸਿੰਘ ਤੋਂ ਇਲਾਵਾ ਪੰਚਾਇਤ ਸਕੱਤਰ ਆਦਿ ਵੀ ਮੌਜੂਦ ਸਨ।

# ਡਿਫੈਂਸ ਕਮੇਟੀਆਂ ਨਸ਼ਾ ਤਸਕਰਾਂ ਦੇ ਕਾਰੋਬਾਰ ਨੂੰ ਮੁਕੰਮਲ ਤੌਰ 'ਤੇ ਬੰਦ ਕਰਵਾਉਣ ਵਿੱਚ ਯੋਗਦਾਨ ਪਾਉਣਗੀਆਂ : ਵਿਧਾਇਕ ਬਾਘਾਪੁਰਾਣਾ

**ਮੋਗਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਵਿਧਾਨ ਸਭਾ ਹਲਕਾ ਬਾਘਾਪੁਰਾਣਾ ਦੇ ਵਿਧਾਇਕ ਸ੍ਰ. ਅੰਮ੍ਰਿਤਪਾਲ ਸਿੰਘ ਸੁਖਾਨੰਦ ਦੀ ਅਗਵਾਈ ਵਿੱਚ ਨਾਥੇਵਾਲਾ, ਭਲੂਰ ਤੇ ਮਾਹਲਾ ਖੁਰਦ ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਜਾਰੂਕਤਾ ਪ੍ਰੋਗਰਾਮ ਕਰਵਾਏ ਗਏ। ਇਸ ਮੁਹਿੰਮ ਵਿੱਚ ਪਿੰਡਾਂ ਦੇ ਪੰਚਾਂ, ਸਰਪੰਚਾਂ ਤੇ ਹੋਰ ਲੋਕਾਂ ਨੇ ਸ਼ਮੂਲੀਅਤ ਕੀਤੀ।

ਉਹਨਾਂ ਹਾਜਰੀਨ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪਿੰਡ ਅਤੇ ਸ਼ਹਿਰੀ ਖੇਤਰ ਨੂੰ ਨਸ਼ਾ ਮੁਕਤ ਕਰਨ ਦੀ ਮੁਹਿੰਮ ਜੋਸ਼ੋ ਖਰੋਸ਼ ਨਾਲ ਚੱਲ ਰਹੀ ਹੈ ਅਤੇ ਵੱਖ-ਵੱਖ ਪਿੰਡਾਂ ਵਿੱਚ ਨਸ਼ਾ ਮੁਕਤੀ ਯਾਤਰਾ ਦੌਰਾਨ ਲੋਕਾਂ ਦੀ ਭਰਵੀਂ ਇਕੱਤਰਤਾ ਹੋ ਰਹੀ ਹੈ। ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਲੋਕ ਦ੍ਰਿੜਤਾ ਨਾਲ ਪ੍ਰਣ ਕਰਨ ਅਤੇ ਹਰ ਹੀਲੇ ਉਸ ਪ੍ਰਣ ਨੂੰ ਨਿਭਾਉਣ ਵਿੱਚ ਕਿਸੇ ਵੀ ਨਾਗਰਿਕ ਨੂੰ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਉਹਨਾਂ ਕਿਹਾ ਕਿ ਹਲਕੇ ਦੇ ਹਰ ਇੱਕ ਪਿੰਡ ਵਿੱਚ ਪੇਂਡੂ ਡਿਫੈਂਸ ਕਮੇਟੀਆਂ ਕਾਰਜਸ਼ੀਲ ਹਨ ਅਤੇ ਸਾਨੂੰ ਪੂਰੀ ਉਮੀਦ ਹੈ ਕਿ ਇਹ ਡਿਫੈਂਸ ਕਮੇਟੀਆਂ ਆਪਣੀ ਜਿੰਮੇਵਾਰੀ ਨੂੰ ਪੂਰੀ ਸ਼ਿੱਦਤ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਨਸ਼ਾ ਤਸਕਰਾਂ ਦੇ ਕਾਰੋਬਾਰ ਨੂੰ ਮੁਕੰਮਲ ਤੌਰ @ਤੇ ਬੰਦ ਕਰਵਾਉਣ ਵਿੱਚ ਯੋਗਦਾਨ ਪਾਉਣਗੀਆਂ। ਉਹਨਾਂ ਕਿਹਾ ਕਿ ਜਾਗਰੂਕਤਾ ਸਭਾਵਾਂ ਵਿੱਚ ਪਹੁੰਚਣ ਵਾਲੇ ਲੋਕਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਇਥੋਂ ਮਿਲਣ ਵਾਲੇ ਸੁਨੇਹੇ ਆਪਣੇ ਪਰਿਵਾਰਿਕ ਮੈਂਬਰਾਂ, ਦੋਸਤਾਂ ਮਿੱਤਰਾਂ, ਗੁਆਂਢੀਆਂ ਅਤੇ ਹੋਰ ਪਤਵੰਤਿਆਂ ਨਾਲ ਨਿਰੰਤਰ ਸਾਂਝਾ ਕਰਦੇ ਰਹਿਣ ਕਿਉਂਕਿ ਲੋਕ ਲਹਿਰ ਬਣਨ ਨਾਲ ਹੀ ਅਜਿਹੀਆਂ ਸਮਾਜਿਕ ਬੁਰਾਈਆਂ ਦਾ ਖਾਤਮਾ ਸੰਭਵ ਹੁੰਦਾ ਹੈ। ਉਹਨਾ ਕਿਹਾ ਕਿ ਇਹ ਮੁਹਿੰਮ ਜਰੂਰ ਹੀ ਨਸ਼ੇ ਨੂੰ ਜੜ੍ਹ ਤੋਂ ਖਤਮ ਕਰੇਗੀ।

ਇਸ ਮੌਕੇ ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਸਰਕਾਰ ਪਿੱਛਲੀਆਂ ਸਰਕਾਰਾਂ ਵੱਲੋਂ ਬੀਜੇ ਕੰਡੇ ਚੁਗ ਰਹੀ ਹੈ ਕਿਉਂਕਿ ਪਿੱਛਲੀਆਂ ਸਰਕਾਰਾਂ ਨੇ ਨਸ਼ੇ ਰੋਕਣ ਲਈ ਕੁਝ ਨਹੀਂ ਕੀਤਾ।

ਉਹਨਾਂ ਨੇ ਕਿਹਾ ਕਿ ਸਰਕਾਰ ਵੱਲੋਂ ਪਿੰਡਾਂ ਅਤੇ ਸ਼ਹਿਰੀ ਵਾਰਡਾਂ ਵਿੱਚ ਹਰੇਕ ਨਾਗਰਿਕ ਤੱਕ ਸਿੱਧੀ ਪਹੁੰਚ ਨੂੰ ਯਕੀਨੀ ਬਣਾਉਣ ਲਈ ਨਸ਼ਾ ਮੁਕਤੀ ਯਾਤਰਾ ਆਰੰਭ ਕੀਤੀ ਹੈ ਤਾਂ ਜੋ ਲੋਕਾਂ ਤੋਂ ਸਿੱਧੀ ਫੀਡਬੈਕ ਲੈ ਕੇ ਨਸ਼ਿਆਂ ਦੀ ਸਪਲਾਈ ਲਾਈਨ ਤੋੜੀ ਜਾ ਸਕੇ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸੇ ਵਿਅਕਤੀਆਂ ਦਾ ਮੁਫਤ ਅਤੇ ਢੁਕਵਾਂ ਇਲਾਜ ਕਰਵਾਇਆ ਜਾ ਸਕੇ।

# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਸਾਉਣੀ ਦੀਆਂ ਫਸਲਾਂ ਲਈ ਵਿਕਸਤ ਖੇਤੀਬਾੜੀ ਸੰਕਲਪ ਮੁਹਿੰਮ ਦੀ ਰੂਪ-ਰੇਖਾ ਤਿਆਰ ਕੀਤੀ

**ਅਬੋਹਰ , 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਅਤੇ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਵੱਲੋਂ ਸ਼ੁਰੂ ਕੀਤੇ ਜਾ ਰਹੇ ÷ਵਿਕਾਸਿਤ ਕ੍ਰਿਸ਼ੀ ਸੰਕਲਪ ਅਭਿਆਨ÷ ਦੇ ਤਹਿਤ, ਕ੍ਰਿਸ਼ੀ ਵਿਗਿਆਨ ਕੇਂਦਰ, ਫਾਜ਼ਿਲਕਾ, ਆਈ.ਸੀ.ਏ.ਆਰ.- (ਆਰ.ਐਸ.), ਅਬੋਹਰ, ਕੇਂਦਰੀ-ਰਾਜ ਖੇਤੀਬਾੜੀ ਵਿਭਾਗ ਅਤੇ ਖੇਤੀਬਾੜੀ ਨਾਲ ਸਬੰਧਤ ਹੋਰ ਵਿਭਾਗ ਜ਼ਿਲ੍ਹੇ ਦੇ ਕਿਸਾਨਾਂ ਲਈ ਸਾਉਣੀ ਦੀਆਂ ਫਸਲਾਂ ਦੀ ਉੱਨਤ ਕਾਸ਼ਤ ਲਈ ਵਿਸ਼ੇਸ਼ ਜਾਗਰੂਕਤਾ ਅਤੇ ਸਿਖਲਾਈ ਪ੍ਰੋਗਰਾਮ ਆਯੋਜਿਤ ਕਰਨਗੇ। ਇਹ ਮੁਹਿੰਮ 29 ਮਈ ਤੋਂ 12 ਜੂਨ 2025 ਤੱਕ ਚੱਲੇਗੀ, ਜਿਸ ਵਿੱਚ ਫਾਜ਼ਿਲਕਾ ਜ਼ਿਲ੍ਹੇ ਦੇ ਪ੍ਰਮੁੱਖ ਪਿੰਡ ਅਮਰਪੁਰਾ, ਭਾਗੂ, ਭਾਗਸਰ, ਫਾਜ਼ਿਲਕਾ, ਅਲਿਆਣਾ, ਖਿੱਪਾਂ ਵਾਲੀ, ਬੱਲੂਆਣਾ, ਗੋਬਿੰਦਗੜ੍ਹ, ਖੂਈਆਂ ਸਰਵਰ, ਕਲੇਰ ਖੇੜਾ, ਕਿੱਕਰ ਖੇੜਾ, ਪੰਜਕੋਸੀ, ਖੂਈ ਖੇੜਾ ਅਤੇ ਸਰਦਾਰਪੁਰ ਸ਼ਾਮਲ ਹਨ। ਇਸ ਮੁਹਿੰਮ ਤਹਿਤ ਹਰ ਰੋਜ਼ ਵੱਖ-ਵੱਖ ਪਿੰਡਾਂ ਵਿੱਚ ਕੈਂਪ, ਕਿਸਾਨ ਸੈਮੀਨਾਰ, ਪ੍ਰਦਰਸ਼ਨੀਆਂ ਅਤੇ ਵਿਗਿਆਨੀਆਂ ਨਾਲ ਸਿੱਧੀ ਗੱਲਬਾਤ ਦਾ ਆਯੋਜਨ ਕੀਤਾ ਜਾਵੇਗਾ। ਪ੍ਰੋਗਰਾਮਾਂ ਵਿੱਚ, ਸਥਾਨਕ ਕਿਸਾਨਾਂ ਨੂੰ ਘੱਟ ਲਾਗਤ @ਤੇ ਵੱਧ ਉਤਪਾਦਨ, ਫਸਲੀ ਵਿਭਿੰਨਤਾ, ਪਾਣੀ ਦੀ ਸੰਭਾਲ ਆਦਿ @ਤੇ ਵਿਸ਼ੇਸ਼ ਜ਼ੋਰ ਦਿੰਦੇ ਹੋਏ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਪ੍ਰਬੰਧਨ, ਮਿੱਟੀ ਸਿਹਤ ਕਾਰਡ, ਜੈਵਿਕ ਖੇਤੀ, ਭੋਜਨ ਪ੍ਰੋਸੈਸਿੰਗ ਅਤੇ ਸਟੋਰੇਜ ਅਤੇ ਬਾਗਬਾਨੀ ਅਤੇ ਪਸ਼ੂ ਪਾਲਣ ਵਿੱਚ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਇਸ ਮੌਕੇ ਕੇਵੀਕੇ ਫਾਜ਼ਿਲਕਾ ਦੇ ਸੀਨੀਅਰ ਵਿਗਿਆਨੀ, ਵਿਸ਼ਾ ਮਾਹਿਰ ਅਤੇ ਅਧਿਕਾਰੀ ਵੀ ਸ਼ਾਮਲ ਹੋਏ ਜਿੱਥੇ ਮੁਹਿੰਮ ਦੀ ਰੂਪ-ਰੇਖਾ ਅਤੇ ਖੇਤਰੀ ਪੱਧਰ @ਤੇ ਲਾਗੂ ਕਰਨ ਲਈ ਸਥਾਨਕ ਰਣਨੀਤੀਆਂ ਬਾਰੇ ਦਿਸ਼ਾ-ਨਿਰਦੇਸ਼ ਪ੍ਰਦਾਨ ਕੀਤੇ ਗਏ। ਇਸ ਸਬੰਧ ਵਿੱਚ, ਇਹ 15 ਦਿਨਾਂ ਦੀ ਮੁਹਿੰਮ ਪੂਰੇ ਫਾਜ਼ਿਲਕਾ ਜ਼ਿਲ੍ਹੇ ਵਿੱਚ ਆਈਸੀਏਆਰ-ਸੈਂਟਰਲ ਇੰਸਟੀਚਿਊਟ ਆਫ਼ ਪੋਸਟ-ਹਾਰਵੈਸਟ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੇ ਡਾਇਰੈਕਟਰ ਡਾ. ਨਚੀਕੇਤ ਕੋਤਵਾਲੀਵਾਲੇ ਦੀ ਅਗਵਾਈ ਹੇਠ ਚਲਾਈ ਜਾਵੇਗੀ। ਡਾ. ਅਮਿਤ ਨਾਥ ਜੀ, ਮੁਖੀ, ਖੇਤਰੀ ਕੇਂਦਰ, ਨੇ ਕਿਹਾ ਕਿ ਵਾਢੀ ਤੋਂ ਬਾਅਦ ਦੇ ਨੁਕਸਾਨ ਨੂੰ ਘਟਾਉਣ ਲਈ ਆਧੁਨਿਕ ਸਟੋਰੇਜ, ਪ੍ਰੋਸੈਸਿੰਗ ਅਤੇ ਮਾਰਕੀਟਿੰਗ ਤਕਨੀਕਾਂ ਨੂੰ ਅਪਣਾਉਣਾ ਬਹੁਤ ਜ਼ਰੂਰੀ ਹੈ। ਇਹ ਨਾ ਸਿਰਫ਼ ਖੇਤੀਬਾੜੀ ਉਤਪਾਦਾਂ ਦੀ ਗੁਣਵੱਤਾ ਨੂੰ ਬਣਾਈ ਰੱਖਦਾ ਹੈ ਬਲਕਿ ਮੁੱਲ ਵਾਧੇ ਰਾਹੀਂ ਕਿਸਾਨਾਂ ਦੀ ਆਮਦਨ ਵਿੱਚ ਵੀ ਮਹੱਤਵਪੂਰਨ ਵਾਧਾ ਕਰਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਿਸਾਨਾਂ ਨੂੰ ਸਹੀ ਸਿਖਲਾਈ ਅਤੇ ਬਾਜ਼ਾਰ ਤੱਕ ਸਿੱਧੀ ਪਹੁੰਚ ਪ੍ਰਦਾਨ ਕਰਕੇ ਉਨ੍ਹਾਂ ਦੇ ਮੁਨਾਫ਼ੇ ਵਿੱਚ ਹੋਰ ਵਾਧਾ ਕੀਤਾ ਜਾ ਸਕਦਾ ਹੈ। ਸੀਨੀਅਰ ਵਿਗਿਆਨੀ ਡਾ. ਅਰਵਿੰਦ ਕੁਮਾਰ ਅਹਿਲਾਵਤ ਨੇ ਕਿਹਾ, ÷ਸਾਡੀ ਕੋਸ਼ਿਸ਼ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਜ਼ਿਲ੍ਹੇ ਦੇ ਹਰ ਕਿਸਾਨ ਕੋਲ ਵਿਗਿਆਨਕ ਖੇਤੀ ਤੱਕ ਪਹੁੰਚ ਹੋਵੇ ਤਾਂ ਜੋ ਉਹ ਆਪਣਾ ਉਤਪਾਦਨ ਅਤੇ ਆਮਦਨ ਦੋਵਾਂ ਨੂੰ ਵਧਾ ਸਕਣ।÷

ਕ੍ਰਿਸ਼ੀ ਵਿਗਿਆਨ ਕੇਂਦਰ, ਫਾਜ਼ਿਲਕਾ, ਆਈਸੀਏਆਰ-ਅਬੋਹਰ, ਕੇਂਦਰੀ-ਰਾਜ ਖੇਤੀਬਾੜੀ ਵਿਭਾਗਾਂ ਅਤੇ ਹੋਰ ਖੇਤੀਬਾੜੀ ਨਾਲ ਸਬੰਧਤ ਵਿਭਾਗਾਂ ਦੀ ਟੀਮ ਜ਼ਿਲ੍ਹੇ ਦੇ ਪਿੰਡਾਂ ਵਿੱਚ ਰੋਜ਼ਾਨਾ ਕਿਸਾਨਾਂ ਨਾਲ ਗੱਲਬਾਤ, ਸਿਖਲਾਈ ਅਤੇ ਤਕਨੀਕੀ ਜਾਣਕਾਰੀ ਸਾਂਝੀ ਕਰੇਗੀ। ਇਸ ਦੇ ਨਾਲ ਹੀ, ਮਹਿਲਾ ਕਿਸਾਨ ਸਮੂਹਾਂ, ਸਵੈ-ਸਹਾਇਤਾ ਸਮੂਹਾਂ ਅਤੇ ਨੌਜਵਾਨ ਖੇਤੀਬਾੜੀ ਉੱਦਮੀਆਂ ਨੂੰ ਵੀ ਇਸ ਮੁਹਿੰਮ ਵਿੱਚ ਵਿਸ਼ੇਸ਼ ਤੌਰ @ਤੇ ਸ਼ਾਮਲ ਕੀਤਾ ਜਾਵੇਗਾ, ਤਾਂ ਜੋ ਪਿੰਡਾਂ ਵਿੱਚ ਰੁਜ਼ਗਾਰ ਅਤੇ ਖੇਤੀਬਾੜੀ ਅਧਾਰਤ ਕਾਰੋਬਾਰਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਕੇਵੀਕੇ ਫਾਜ਼ਿਲਕਾ ਸਾਰੇ ਕਿਸਾਨਾਂ ਨੂੰ ਅਪੀਲ ਕਰਦਾ ਹੈ ਕਿ ਉਹ ਇਨ੍ਹਾਂ ਪ੍ਰੋਗਰਾਮਾਂ ਵਿੱਚ ਵੱਡੀ ਗਿਣਤੀ ਵਿੱਚ ਹਿੱਸਾ ਲੈਣ ਅਤੇ ਖੇਤੀਬਾੜੀ ਵਿੱਚ ਨਵੀਨਤਾਵਾਂ ਨੂੰ ਅਪਣਾਉਣ।

# ਨਸ਼ੇ ਨੂੰ ਠੱਲ੍ਹ ਪਾਉਣ ਲਈ ਡਿਫੈਂਸ ਕਮੇਟੀਆਂ ਲਗਾਤਾਰ ਕਾਰਜਸ਼ੀਲ

**ਬਠਿੰਡਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਨੂੰ ਪੂਰਨ ਬੂਰ ਪੈ ਰਿਹਾ ਹੈ, ਜਿਸ ਤਹਿਤ ਜ਼ਿਲ੍ਹੇ ਨਾਲ ਸਬੰਧਤ ਹਲਕਿਆਂ ਦੇ ਵਿਧਾਇਕਾਂ ਅਤੇ ਚੇਅਰਮੈਨਾਂ ਵਲੋਂ ਸ਼ਹਿਰ ਤੇ ਪਿੰਡਾਂ ਵਿੱਚ ਰੋਜਾਨਾ ਪਿੰਡ ਪੱਧਰੀ ਡਿਫੈਂਸ ਕਮੇਟੀਆਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਨਸ਼ਿਆਂ ਵਿਰੁੱਧ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਨਸ਼ਿਆਂ ਦੀ ਰੋਕਥਾਮ ਲਈ ਪ੍ਰਣ ਵੀ ਲਿਆ ਜਾ ਰਿਹਾ ਹੈ।

ਨਸ਼ਾ ਮੁਕਤੀ ਯਾਤਰਾ ਦੇ ਲਗਾਤਾਰ 7ਵੇਂ ਦਿਨ ਚੀਫ ਵਿੱਪ ਅਤੇ ਵਿਧਾਇਕਾ ਤਲਵੰਡੀ ਸਾਬੋ ਪ੍ਰੋ. ਬਲਜਿੰਦਰ ਕੌਰ ਨੇ ਪਿੰਡ ਸਿੰਗੋ, ਜਗਾ ਰਾਮ ਤੀਰਥ-1 ਅਤੇ ਫਤਿਹਗੜ੍ਹ ਨੌਬਾਦ ਵਿਖੇ ਆਮ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਮੁਹਿੰਮ ਵਿਚ ਆਮ ਲੋਕਾਂ ਦੇ ਨਾਲ-ਨਾਲ ਨੌਜਵਾਨ ਵਰਗ ਦੇ ਸਹਿਯੋਗ ਦੀ ਪੂਰਨ ਲੋੜ ਹੈ ਤਾਂ ਅਸੀ ਨਸ਼ਿਆਂ ਦੀ ਇਸ ਭੈੜੀ ਅਲਾਮਤ ਤੋਂ ਛੁਟਕਾਰਾ ਪਾ ਸਕਦੇ ਹਾਂ। ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ, ਖਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ ਵਿੱਚ ਆਪਣੀ ਰੁਚੀ ਵਧਾਉਣ ਅਤੇ ਹੋਰਨਾਂ ਨੂੰ ਵੀ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾ ਕੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ। ਜ਼ਿਲ੍ਹੇ ਦੇ ਪਿੰਡ ਭੋਖੜਾ, ਗਿੱਲਪੱਤੀ ਅਤੇ ਗੋਨਿਆਣਾ ਮੰਡੀ ਵਿਖੇ ਕਰਵਾਏ ਗਏ ਨਸ਼ਾ ਮੁਕਤੀ ਯਾਤਰਾ ਸਮਾਗਮ ਵਿੱਚ ਸ਼ਾਮਲ ਹੋਣ ਉਪਰੰਤ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਕਿਹਾ ਕਿ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਲੋਕ ਦ੍ਰਿੜਤਾ ਨਾਲ ਪ੍ਰਣ ਕਰਨ ਅਤੇ ਹਰ ਹੀਲੇ ਉਸ ਪ੍ਰਣ ਨੂੰ ਨਿਭਾਉਣ ਵਿੱਚ ਕਿਸੇ ਵੀ ਨਾਗਰਿਕ ਨੂੰ ਕੋਈ ਕਸਰ ਬਾਕੀ ਨਹੀਂ ਛੱਡਣੀ ਚਾਹੀਦੀ। ਉਨ੍ਹਾਂ ਇਹ ਵੀ ਕਿਹਾ ਕਿ ਹਲਕੇ ਦੇ ਹਰ ਇੱਕ ਪਿੰਡ ਵਿੱਚ ਪੇਂਡੂ ਡਿਫੈਂਸ ਕਮੇਟੀਆਂ ਕਾਰਜਸ਼ੀਲ ਹਨ ਅਤੇ ਸਾਨੂੰ ਪੂਰੀ ਉਮੀਦ ਹੈ ਕਿ ਇਹ ਡਿਫੈਂਸ ਕਮੇਟੀਆਂ ਆਪਣੀ ਜਿੰਮੇਵਾਰੀ ਨੂੰ ਪੂਰੀ ਸ਼ਿੱਦਤ ਅਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਨਸ਼ਾ ਤਸਕਰਾਂ ਦੇ ਕਾਰੋਬਾਰ ਨੂੰ ਮੁਕੰਮਲ ਤੌਰ @ਤੇ ਬੰਦ ਕਰਵਾਉਣ ਵਿੱਚ ਯੋਗਦਾਨ ਪਾਉਣਗੀਆਂ। ਪਿੰਡ ਭਾਈਰੂਪਾ ਖੁਰਦ, ਕੋਠਾ ਸੁੱਖਾ ਨੰਦ ਅਤੇ ਦੂਲੇਵਾਲ ਵਿਖੇ ਵਿਧਾਇਕ ਰਾਮਪੁਰਾ ਫੂਲ ਸ਼੍ਰੀ ਬਲਕਾਰ ਸਿੰਘ ਸਿੱਧੂ ਵੱਲੋਂ ਨਸ਼ਾ ਰੋਕੂ ਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਕੀਤੀਆਂ। ਉਨ੍ਹਾਂ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਲਈ ਸਾਨੂੰ ਸਾਰਿਆਂ ਨੂੰ ਇੱਕਜੁੱਟ ਹੋ ਕੇ ਨਸ਼ੇ ਖਿਲਾਫ ਲੜਨ ਦੀ ਲੋੜ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਅੱਜ ਲੋੜ ਹੈ ਕਿ ਪੰਜਾਬ ਦੇ ਪਾਣੀ ਅਤੇ ਜਵਾਨੀ ਬਚਾਏ ਜਾਣ, ਇਸ ਲਈ ਪੰਜਾਬ ਸਰਕਾਰ ਡਟੀ ਹੋਈ ਹੈ ਅਤੇ ਲੋਕ ਵੀ ਪੂਰਾ ਸਹਿਯੋਗ ਦੇਣ। ਉਨ੍ਹਾਂ ਪਿੰਡਾਂ ਦੇ ਪਹਿਰੇਦਾਰਾਂ ਨੂੰ ਮੁਹਿੰਮ ਵਿੱਚ ਸਰਗਰਮ ਹੋਣ ਦਾ ਵੀ ਸੱਦਾ ਦਿੱਤਾ।

ਵਿਧਾਇਕ ਮੌੜ ਸ ਸੁਖਬੀਰ ਸਿੰਘ ਮਾਈਸਰਖਾਨਾ ਨੇ ਪਿੰਡ ਗਹਿਰੀ ਭਾਰਾ ਸਿੰਘ, ਨੰਦਗੜ੍ਹ ਕੋਟੜਾ ਅਤੇ ਰਾਮਪੁਰਾ ਦੀਆਂ ਰੱਖਿਆਂ ਕਮੇਟੀਆਂ ਨਾਲ ਮੀਟਿੰਗਾਂ ਕਰਨ ਮੌਕੇ ਕਿਹਾ ਕਿ ਜੋ ਲੋਕ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੀ ਚੁੰਗਲ ਵਿੱਚ ਫਸ ਚੁੱਕੇ ਹਨ ਉਨ੍ਹਾਂ ਦਾ ਮੁਫਤ ਇਲਾਜ ਪੰਜਾਬ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਇਕੱਠੇ ਹੋਣ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਨਸ਼ਾਂ ਤਸਕਰਾਂ ਖਿਲਾਫ ਜਾਣਕਾਰੀ ਸਿਵਲ ਤੇ ਪੁਲਿਸ ਪ੍ਰਸ਼ਾਸਨ ਨਾਲ ਸਾਂਝੀ ਕੀਤੀ ਜਾਵੇ ਤਾਂ ਜੋ ਮਾੜੀ ਅਲਾਮਤ ਦਾ ਪੂਰੀ ਤਰ੍ਹਾਂ ਖਾਤਮਾ ਹੋ ਸਕੇ।

ਨਸ਼ਾ ਮੁਕਤੀ ਯਾਤਰਾ ਸਮਾਗਮ ਦੇ ਤਹਿਤ ਚੇਅਰਮੈਨ ਸ ਜਤਿੰਦਰ ਸਿੰਘ ਭੱਲਾ ਨੇ ਬਠਿੰਡਾ ਦਿਹਾਤੀ ਦੇ ਪਿੰਡ ਧਨ ਸਿੰਘ ਖਾਨਾ, ਕੋਟਸ਼ਮੀਰ ਅਤੇ ਕੋਟਫੱਤਾ ਵਿਖੇ ਪ੍ਰੋਗਰਾਮ ਕੀਤੇ। ਇਸ ਦੌਰਾਨ ਉਨ੍ਹਾਂ ਪਿੰਡ ਵਾਸੀਆਂ ਅਤੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਨਸ਼ਾ ਮੁਕਤੀ ਯਾਤਰਾ' ਲੋਕ ਲਹਿਰ ਵਜੋਂ ਉਭਰੇਗੀ। ਉਨ੍ਹਾਂ ਆਮ ਲੋਕਾਂ ਨੂੰ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਪਿੰਡ ਵਿੱਚ ਨਸ਼ਾ ਮੁਕਤੀ ਯਾਤਰਾ ਵਿੱਚ ਸ਼ਾਮਲ ਹੋ ਕੇ ਆਪਣਾ ਫਰਜ਼ ਜ਼ਰੂਰ ਨਿਭਾਉਣ ਅਤੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਵਿੱਚ ਆਪਣਾ ਯੋਗਦਾਨ ਜ਼ਰੂਰ ਪਾਉਣ।

# ਹਾਇਪਰਟੈਂਸਨ ਜਾਗਰੂਕਤਾ ਮੁਹਿੰਮ ਅਧੀਨ ਤਹਿਤ ਕੱਢੀ ਜਾਗਰੂਕਤਾ ਸਾਈਕਲ ਰੈਲੀ



**ਫਾਜ਼ਿਲਕਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਡਾਕਟਰ ਰਾਜ ਕੁਮਾਰ ਦੀ ਉਚੇਚੀ ਨਿਗਰਾਨੀ ਵਿੱਚ ਡਾਕਟਰ ਕਵਿਤਾ ਸਿੰਘ ਜਿਲ੍ਹਾ ਪਰਿਵਾਰ ਭਲਾਈ ਅਫ਼ਸਰ, ਡਾਕਟਰ ਰੋਹਿਤ ਗੋਇਲ ਅਤੇ ਜੰਡਵਾਲਾ ਭੀਮੇਸ਼ਾਹ ਦੇ ਸੀਨੀਅਰ ਮੈਡੀਕਲ ਅਫਸਰ ਡਾ. ਰਵੀ ਬਾਂਸਲ ਦੀ ਦੇਖਰੇਖ ਵਿੱਚ ਹਾਈਪਰਟੈਂਨਸ਼ਨ ਜਾਗਰੂਕਤਾ ਮੁਹਿੰਮ ਅਧੀਨ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਜੰਡਵਾਲਾ ਭੀਮੇਸ਼ਾਹ ਦੇ ਸਹਿਯੋਗ ਨਾਲ ਹਾਈ ਬਲੱਡ ਪ੍ਰੈਸ਼ਰ ਤੋਂ ਬਚਣ ਲਈ ਜਾਗਰੂਕਤਾ ਸਾਈਕਲ ਰੈਲੀ ਕੱਢੀ ਗਈ। ਸਕੂਲ ਪ੍ਰਿੰਸੀਪਲ ਅਸ਼ੋਕ ਕੁਮਾਰ, ਵਾਈਸ ਪ੍ਰਿੰਸੀਪਲ ਵੀਰਪਾਲ ਕੌਰ ਨੇ ਇਸ ਮੌਕੇ ਸਿਹਤ ਵਿਭਾਗ ਦੇ ਅਧਿਕਾਰੀਆਂ ਦਾ ਵਿਸ਼ੇਸ਼ ਸਵਾਗਤ ਕੀਤਾ।

ਜਾਣਕਾਰੀ ਦਿੰਦਿਆਂ ਜਿਲ੍ਹਾ ਮਾਸ ਮੀਡੀਆ ਅਫਸਰ ਵਿਨੋਦ ਖੁਰਾਣਾ ਅਤੇ ਹੈਲਥ ਇੰਸਪੈਕਟਰ ਸੁਮਨ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਇੱਕ ਵਿਸ਼ੇਸ਼ ਮੁਹਿੰਮ ਰਾਹੀਂ 17 ਮਈ ਤੋਂ 16 ਜੂਨ ਤੱਕ ਜਿਲ੍ਹਾ ਵਾਸੀਆਂ ਨੂੰ ਹਾਈ ਬਲੱਡ ਤੋ ਬਚਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਚੈਕਅੱਪ ਕੈਂਪ ਲਗਾਏ ਜਾਣਗੇ।

ਉਹਨਾਂ ਦੱਸਿਆ ਕਿ ਆਪਣੇ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਰੱਖਣ ਲਈ ਹਰੇਕ ਹਫ਼ਤੇ ਇੱਕ ਵਾਰੀ ਆਪਣਾ ਬਲੱਡ ਪ੍ਰੈਸ਼ਰ ਚੈੱਕ ਕਰਵਾਓ। ਬਲੱਡ ਪ੍ਰੈਸ਼ਰ ਵੱਧ ਆਉਣ ਤੇ ਡਾਕਟਰ ਦੀ ਸਲਾਹ ਨਾਲ ਦਵਾਈ ਬਿਨ੍ਹਾਂ ਨਾਗਾ ਲੈਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਆਪਣੇ ਭਾਰ ਨੂੰ ਕੰਟਰੋਲ ਵਿੱਚ ਰੱਖੋ, ਨਮਕ ਅਤੇ ਚੀਨੀ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦਾ ਹੈ, ਤਲੀਆਂ ਹੋਈਆਂ ਚੀਜਾਂ, ਬਜ਼ਾਰੀ ਖਾਣੇ, ਫਾਸਟ ਫੂਡ ਤੋਂ ਪ੍ਰਹੇਜ਼ ਕਰੋ। ਰੋਜ਼ਾਨਾ ਸੈਰ, ਯੋਗਾ ਅਤੇ ਕਸਰਤ ਕਰੋ। ਮਾਨਸਿਕ ਤਨਾਅ ਨੂੰ ਘੱਟ ਕਰਨ ਲਈ ਮੈਡੀਟੇਸ਼ਨ ਕਰੋ ਅਤੇ ਆਪਣੇ ਪਰਿਵਾਰ ਵਿੱਚ ਬੈਠ ਕੇ ਦਿਲ ਦੀ ਗੱਲਾਂ ਸਾਂਝੀਆਂ ਕਰੋ। ਸੰਤੁਲਿਤ ਭੋਜਨ, ਹਰੀਆਂ ਸ਼ਬਜੀਆਂ, ਫਲਾਂ ਦਾ ਸੇਵਨ ਕਰੋ ਅਤੇ ਜ਼ਿਆਦਾ ਪਾਣੀ ਪੀਓ। ਮਲਟੀਪਰਪਜ਼ ਹੈਲਥ ਵਰਕਰ ਲਖਵਿੰਦਰ ਸਿੰਘ, ਓਮ ਪ੍ਰਕਾਸ਼, ਜਸਪਾਲ ਸਿੰਘ ਪਾਕਾਂ, ਜਸਪਾਲ ਸਿੰਘ ਖੁੰਡਜ, ਸੁਧੀਰ ਕੁਮਾਰ, ਛਿੰਦਰਪਾਲ ਸਿੰਘ ਨੇ ਬੱਚਿਆਂ ਨੂੰ ਕਿਹਾ ਕਿ ਅੱਜ ਦੇ ਸਮੇਂ ਵਿੱਚ ਬੱਚੇ ਵੀ ਹਾਈ ਬਲੱਡ ਪ੍ਰੈਸ਼ਰ ਦਾ ਸ਼ਿਕਾਰ ਹੋ ਰਹੇ ਹਨ। ਇਸ ਲਈ ਬਚਪਨ ਤੋਂ ਹੀ ਬਾਹਰ ਦੇ ਖਾਣੇ, ਫਾਸਟ ਫੂਡ, ਚੀਨੀ ਅਤੇ ਨਮਕ ਤੋਂ ਪ੍ਰਹੇਜ਼ ਕੀਤਾ ਜਾਵੇ ਅਤੇ ਸੈਰ ਦੀ ਆਦਤ ਪਾਈ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਐਚਓ ਵਿਨੋਦ ਕੁਮਾਰ, ਏਐਨਐਮ ਪਰਮਜੀਤ ਕੌਰ, ਸਕੂਲ ਦੇ ਅਧਿਆਪਕ, ਆਸ਼ਾ ਵਰਕਰਜ਼ ਤੇ ਸਕੂਲ ਦੇ ਵਿਦਿਆਰਥੀ ਹਾਜਰ ਸਨ।

# ਸਿਹਤ ਵਿਭਾਗ 17 ਜੂਨ 2025 ਤੱਕ ਵਿਸ਼ਵ ਹਾਈਪਰਟੈਨਸ਼ਨ ਦਿਵਸ ਮਨਾ ਰਿਹਾ ਹੈ

**ਫਾਜ਼ਿਲਕਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸਿਵਲ ਸਰਜਨ ਫਾਜ਼ਿਲਕਾ ਡਾ. ਰਾਜ ਕੁਮਾਰ, ਸਹਾਇਕ ਸਿਵਲ ਸਰਜਨ ਡਾ. ਰੋਹਿਤ ਗੋਇਲ ਅਤੇ ਡਾ. ਕਵਿਤਾ ਸਿੰਘ ਦੀ ਸਾਂਝੀ ਅਗਵਾਈ ਹੇਠ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਵਿਕਾਸ ਗਾਂਧੀ ਦੀ ਨਿਗਰਾਨੀ ਹੇਠ ਵਿਸ਼ਵ ਹਾਈਪਰਟੈਨਸ਼ਨ ਦਿਵਸ ਦੇ ਮੌਕੇ @ਤੇ, ਇਸ ਸਾਲ ਦੇ ਥੀਮ: ਆਪਣੇ ਬਲੱਡ ਪ੍ਰੈਸ਼ਰ ਨੂੰ ਸਹੀ ਢੰਗ ਨਾਲ ਮਾਪੋ, ਇਸਨੂੰ ਕੰਟਰੋਲ ਕਰੋ, ਲੰਬੇ ਸਮੇਂ ਤੱਕ ਜੀਓ!÷ ਅਧੀਨ ਬਲਾਕ ਵਿੱਚ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ। ਇਸ ਸਬੰਧ ਵਿੱਚ, ਅੱਜ ਪਿੰਡ ਕਿੱਲਿਆਂਵਾਲੀ ਅਤੇ ਹਰੀਪੁਰਾ ਵਿੱਚ ਆਮ ਨਾਗਰਿਕਾਂ ਲਈ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਦੇ ਤਰੀਕੇ ਬਾਰੇ ਇੱਕ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਮੌਕੇ ਸੀਐਚਓ ਦਿਲਪ੍ਰੀਤ ਕੌਰ ਅਤੇ ਮੋਨਿਕਾ ਨੇ ਲੋਕਾਂ ਨੂੰ ਦੱਸਿਆ ਕਿ ਹਾਈ ਬਲੱਡ ਪ੍ਰੈਸ਼ਰ, ਜਿਸਨੂੰ ਹਾਈਪਰਟੈਨਸ਼ਨ ਵੀ ਕਿਹਾ ਜਾਂਦਾ ਹੈ, ਇੱਕ ਆਮ ਸਿਹਤ ਸਮੱਸਿਆ ਹੈ। ਇਹ ਉਦੋਂ ਹੁੰਦਾ ਹੈ ਜਦੋਂ ਖੂਨ ਦੀਆਂ ਨਾੜੀਆਂ ਵਿੱਚ ਬਲੱਡ ਪ੍ਰੈਸ਼ਰ ਆਮ ਨਾਲੋਂ ਵੱਧ ਹੁੰਦਾ ਹੈ। ਇਸ ਦੇ ਕਾਰਨਾਂ ਵਿੱਚ ਗੈਰ-ਸਿਹਤਮੰਦ ਜੀਵਨ ਸ਼ੈਲੀ, ਜ਼ਿਆਦਾ ਨਮਕ ਦਾ ਸੇਵਨ, ਮੋਟਾਪਾ, ਤਣਾਅ ਅਤੇ ਜੈਨੇਟਿਕ ਕਾਰਕ ਸ਼ਾਮਲ ਹਨ। ਇਸਦੇ ਲੱਛਣ ਅਕਸਰ ਸਪੱਸ਼ਟ ਨਹੀਂ ਹੁੰਦੇ, ਪਰ ਇਹਨਾਂ ਵਿੱਚ ਸਿਰ ਦਰਦ, ਚੱਕਰ ਆਉਣੇ, ਥਕਾਵਟ ਅਤੇ ਨੱਕ ਵਗਣਾ ਸ਼ਾਮਲ ਹੋ ਸਕਦਾ ਹੈ। ਹਾਈ ਬਲੱਡ ਪ੍ਰੈਸ਼ਰ ਦੇ ਇਲਾਜ ਵਿੱਚ ਸੰਤੁਲਿਤ ਖੁਰਾਕ, ਨਿਯਮਤ ਕਸਰਤ, ਤਣਾਅ ਪ੍ਰਬੰਧਨ ਅਤੇ ਸਮੇਂ-ਸਮੇਂ @ਤੇ ਡਾਕਟਰੀ ਜਾਂਚ ਸ਼ਾਮਲ ਹੈ।

ਹਾਈ ਬਲੱਡ ਪ੍ਰੈਸ਼ਰ ਦੇ ਲੱਛਣਾਂ ਬਾਰੇ ਦੱਸਦੇ ਹੋਏ, ਉਨ੍ਹਾਂ ਕਿਹਾ ਕਿ ਇਸਦੇ ਲੱਛਣ ਸਿਰ ਦਰਦ, ਚੱਕਰ ਆਉਣੇ, ਥਕਾਵਟ, ਧੁੰਦਲੀ ਨਜ਼ਰ, ਛਾਤੀ ਵਿੱਚ ਦਰਦ, ਸਾਹ ਲੈਣ ਵਿੱਚ ਮੁਸ਼ਕਲ ਆਦਿ ਹੋ ਸਕਦੇ ਹਨ।

ਬਲੱਡ ਪ੍ਰੈਸ਼ਰ ਦੇ ਮੁੱਖ ਕਾਰਨ ਕਈ ਚੀਜ਼ਾਂ ਹੋ ਸਕਦੀਆਂ ਹਨ ਜਿਵੇਂ ਕਿ ਜ਼ਿਆਦਾ ਨਮਕ ਦਾ ਸੇਵਨ, ਤਲੇ ਹੋਏ ਅਤੇ ਜੰਕ ਫੂਡ, ਤਣਾਅ ਅਤੇ ਚਿੰਤਾ, ਮੋਟਾਪਾ, ਸਰੀਰਕ ਗਤੀਵਿਧੀ ਦੀ ਘਾਟ, ਸਿਗਰਟਨੋਸ਼ੀ ਅਤੇ ਸ਼ਰਾਬ ਦਾ ਸੇਵਨ, ਹਾਈ ਬਲੱਡ ਪ੍ਰੈਸ਼ਰ ਦਾ ਪਰਿਵਾਰਕ ਇਤਿਹਾਸ, ਆਦਿ। ਇਸ ਲਈ ਸਾਨੂੰ ਨਿਯਮਿਤ ਤੌਰ @ਤੇ ਬਲੱਡ ਪ੍ਰੈਸ਼ਰ ਦੀ ਜਾਂਚ ਕਰਨੀ ਚਾਹੀਦੀ ਹੈ, ਨਮਕ ਅਤੇ ਪ੍ਰੋਸੈਸਡ ਭੋਜਨ ਦਾ ਸੇਵਨ ਘਟਾਉਣਾ ਚਾਹੀਦਾ ਹੈ, ਫਲਾਂ, ਸਬਜ਼ੀਆਂ ਅਤੇ ਸਾਬਤ ਅਨਾਜ ਦਾ ਸੇਵਨ ਵਧਾਉਣਾ ਚਾਹੀਦਾ ਹੈ, ਨਿਯਮਿਤ ਤੌਰ @ਤੇ ਕਸਰਤ ਕਰਨੀ ਚਾਹੀਦੀ ਹੈ, ਤਣਾਅ ਪ੍ਰਬੰਧਨ ਲਈ ਯੋਗਾ ਅਤੇ ਧਿਆਨ ਅਪਣਾਉਣਾ ਚਾਹੀਦਾ ਹੈ, ਸਿਗਰਟਨੋਸ਼ੀ ਅਤੇ ਸ਼ਰਾਬ ਤੋਂ ਬਚਣਾ ਚਾਹੀਦਾ ਹੈ, ਡਾਕਟਰ ਦੀ ਸਲਾਹ ਅਨੁਸਾਰ ਦਵਾਈਆਂ ਲੈਣੀਆਂ ਚਾਹੀਦੀਆਂ ਹਨ।

ਬਲਾਕ ਮਾਸ ਮੀਡੀਆ ਇੰਚਾਰਜ ਸੁਸ਼ੀਲ ਕੁਮਾਰ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਵੱਲੋਂ 17 ਜੂਨ 2025 ਤੱਕ ਵਿਸ਼ਵ ਹਾਈਪਰਟੈਨਸ਼ਨ ਦਿਵਸ ਮਨਾਇਆ ਜਾ ਰਿਹਾ ਹੈ।

ਇਸ ਸਮੇਂ ਦੌਰਾਨ, ਲੋਕਾਂ ਨੂੰ ਮੁਫਤ ਡਾਕਟਰੀ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਜਾਂਚ ਤੋਂ ਬਾਅਦ, ਉਨ੍ਹਾਂ ਦਾ ਇਲਾਜ ਕੀਤਾ ਜਾਵੇਗਾ। ਇਸ ਮੌਕੇ ਲੋਕਾਂ ਦੀ ਹਾਈ ਬਲੱਡ ਪ੍ਰੈਸ਼ਰ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

# ਅਜੀਤਪਾਲ ਸਿੰਘ ਕੋਹਲੀ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਮਾਡਲ ਟਾਊਨ ਸਕੂਲ 'ਚ ਲੱਖਾਂ ਰੁਪਏ ਦੀ ਗ੍ਰਾਂਟਾਂ ਦੇ ਵਿਕਾਸ ਕਾਰਜ ਲੋਕ ਅਰਪਿਤ

**ਪਟਿਆਲਾ, 27 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**




ਵਿਧਾਇਕ ਅਜੀਤਪਾਲ ਸਿੰਘ ਕੋਹਲੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਵਿਖੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਕਰਵਾਏ ਸਮਾਗਮ ਵਿੱਚ ਸ਼ਿਰਕਤ ਕਰਦੇ ਹੋਏ।

ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਅੱਜ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਪਟਿਆਲਾ ਵਿਖੇ ਲੱਖਾਂ ਰੁਪਏ ਦੀ ਗ੍ਰਾਂਟਾਂ ਨਾਲ ਹੋਏ ਵਿਕਾਸ ਕਾਰਜਾਂ ਨੂੰ ਵਿਦਿਆਰਥੀਆਂ ਦੇ ਸਮਰਪਿਤ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਤੇ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿੱਖਿਆ ਖੇਤਰ ਵਿੱਚ ਲਾਮਿਸਾਲ ਕਾਰਜ ਕੀਤੇ ਹਨ।

ਵਿਧਾਇਕ ਕੋਹਲੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਿੱਖਿਆ ਤੇ ਸਿਹਤ ਪੰਜਾਬ ਸਰਕਾਰ ਦੀ ਮੁਢਲੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਗੁਣਵੱਤਾਪੂਰਨ ਸਿੱਖਿਆ ਅਤੇ ਅਨੁਕੂਲ ਸਿੱਖਣ-ਸਿਖਾਉਣ ਵਾਲਾ ਮਾਹੌਲ ਦੇਣ ਲਈ ਇਹ ਯਤਨ ਕੀਤੇ ਜਾ ਰਹੇ ਹਨ।ਉਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਯੁੱਧ ਨਸ਼ਾ ਵਿਰੁੱਧ ਮੁਹਿੰਮ ਦੇ ਨਾਲ ਪੰਜਾਬ ਵਿੱਚੋਂ ਨਸ਼ੇ ਖਤਮ ਕਰਕੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਨਵੇਂ ਬਣੇ ਸਮਾਰਟ ਕਲਾਸਰੂਮ, ਚਾਰਦੀਵਾਰੀ, ਪਖਾਨੇ ਅਤੇ ਮੁਰੰਮਤ ਕਾਰਜ ਵਿਦਿਆਰਥੀਆਂ ਲਈ ਅਹਿਮ ਤੇ ਮਹੱਤਵਪੂਰਨ ਹਨ।ਉਨ੍ਹਾਂ ਨੇ ਅੱਠਵੀਂ, ਦਸਵੀਂ ਅਤੇ ਬਾਰਵੀਂ ਜਮਾਤ ਦੇ ਮੈਰਿਟ ਹੋਲਡਰ ਅਤੇ ਚੰਗੇ ਨਤੀਜੇ ਲੈ ਕੇ ਆਏ ਵਿਦਿਆਰਥੀਆਂ ਦੀ ਵੀ ਸ਼ਲਾਘਾ ਕੀਤੀ ਅਤੇ ਸਨਮਾਨਿਤ ਕੀਤਾ। ਇਸ ਦੌਰਾਨ ਬੱਚਿਆਂ ਨੇ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ। ਸਕੂਲ ਮੁਖੀ ਨਰੇਸ਼ ਜੈਨ ਨੇ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਅਤੇ ਪਤਵੰਤੇ ਸੱਜਣਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ। ਇਸ ਮੌਕੇ ਡਿਪਟੀ ਡੀਈਓ ਰਵਿੰਦਰ ਪਾਲ ਸ਼ਰਮਾ, ਐਮ ਸੀ ਗੁਰਜੀਤ ਸਿੰਘ ਸਾਹਨੀ, ਸਿੱਖਿਆ ਕੋਆਰਡੀਨੇਟਰ ਅਮਿਤ ਡਾਬੀ, ਹਲਕਾ ਨੋਡਲ ਅਫਸਰ ਮਨੋਜ ਥਾਪਰ, ਬੀ ਐਨ ਓ ਲਲਿਤ ਸਿੰਗਲਾ, ਹੋਰ ਪਤਵੰਤੇ ਸੱਜਣ, ਅਧਿਆਪਕ, ਸਕੂਲ ਮੈਨੇਜਮੈਂਟ ਕਮੇਟੀ ਮੈਂਬਰ ਅਤੇ ਇਲਾਕੇ ਦੇ ਪਤਵੰਤੇ ਸੱਜਣ ਵੀ ਹਾਜ਼ਰ ਰਹੇ।

# ਪਟਿਆਲਾ ਦੇ ਦੋ ਕ੍ਰਿਕਟ ਖਿਡਾਰੀਆਂ ਦੀ ਭਾਰਤੀ ਟੀਮ ਲਈ ਚੋਣ

**ਪਟਿਆਲਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**




ਪਟਿਆਲਾ ਦੇ ਦੋ ਕ੍ਰਿਕਟ ਖਿਡਾਰੀ ਅੰਡਰ 23 ਏਸ਼ੀਆ ਕਪ ਲਈ ਭਾਰਤੀ ਟੀਮ ਦੇ ਕੈਂਪ ਲਈ ਚੁਣੇ ਗਏ ਹਨ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪਟਿਆਲਾ ਦੇ ਖਿਡਾਰੀ ਆਫ ਸਪਿਨਰ ਹਰਜਸ ਸਿੰਘ ਟੰਡਨ ਅਤੇ ਖੱਬੇ ਹੱਥ ਦੇ ਫਿਰਕੀ ਗੇਂਦਬਾਜ਼ ਆਰਿਆਮਾਨ ਧਾਲੀਵਾਲ ਦੀ ਚੋਣ ਬੀਸੀਸੀਆਈ ਵੱਲੋਂ ਅੰਡਰ 23 ਏਸ਼ੀਆ ਕੱਪ ਦੇ ਲਈ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕ੍ਰਿਕਟ ਹੱਬ ਦੇ ਕੋਚ ਕਮਲ ਸੰਧੂ ਨੇ ਦੱਸਿਆ ਕਿ ਇਹ ਦੋਵੇਂ ਖਿਡਾਰੀ ਪਿਛਲੇ ਕਈ ਸਾਲਾਂ ਤੋਂ ਪੰਜਾਬ ਵੱਲੋਂ ਖੇਡਦਿਆਂ ਬਹੁਤ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਸਨ। ਉਹਨਾਂ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਹੀ ਇਨਾਮ ਹੈ ਕਿ ਉਹਨਾਂ ਦੀ ਭਾਰਤੀ ਕ੍ਰਿਕਟ ਟੀਮ ਦੀ ਏਸ਼ੀਆ ਕੱਪ ਲਈ ਕੈਂਪ ਵਾਸਤੇ ਹੋਈ ਹੈ। ਜਦੋਂ ਕੋਚ ਕਮਲ ਸੰਧੂ ਨੂੰ ਪੁੱਛਿਆ ਗਿਆ ਕਿ ਕੀ ਕਾਰਨ ਹੈ ਕਿ ਲਗਾਤਾਰ ਪਟਿਆਲਾ ਦੇ ਕ੍ਰਿਕਟ ਖਿਡਾਰੀ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਤੇ ਮਾਨ ਹਾਸਲ ਕਰ ਰਹੇ ਹਨ, ਤਾਂ ਕੋਚ ਸੰਧੂ ਨੇ ਦੱਸਿਆ ਕਿ ਪਟਿਆਲਾ ਵਿੱਚ ਨਵਜੋਤ ਸਿੰਧੂ ਤੋਂ ਬਾਅਦ ਹੁਣ ਤੱਕ ਜਿੰਨੇ ਵੀ ਖਿਡਾਰੀ ਭਾਰਤੀ ਕ੍ਰਿਕਟ ਟੀਮ ਜਾਂ ਪੰਜਾਬ ਦੀ ਕ੍ਰਿਕਟ ਟੀਮ ਵਿੱਚ ਚੁਣੇ ਗਏ ਹਨ, ਉਸ ਦਾ ਕਾਰਨ ਇਹ ਹੈ ਕਿ ਅਕਾਦਮੀ ਕ੍ਰਿਕਟ ਹੱਬ ਵਿੱਚ ਸਟੇਟ ਖਿਡਾਰੀਆਂ ਦਾ ਇੱਕ ਪ੍ਰੈਕਟਿਸ ਦਾ ਗਰੁੱਪ ਬਣਿਆ ਹੋਇਆ ਹੈ, ਜਿਸ ਵਿੱਚ ਚੰਗੇ ਖਿਡਾਰੀ ਆਪਣੇ ਜੂਨੀਅਰ ਖਿਡਾਰੀਆਂ ਨੂੰ ਖੇਡ ਦੀ ਹਰ ਬਰੀਕੀ ਚੰਗੀ ਤਰਾ ਨਾਲ ਸਮਝਉਂਦੇ ਹਨ ਅਤੇ ਪ੍ਰੈਕਟਿਸ ਅਤੇ ਬਾਅਦ ਵਿੱਚ ਕਰਵਾਏ ਜਾਂਦੇ ਮੈਚਾਂ ਵਿੱਚ ਨਾ ਸਿਰਫ ਜੂਨੀਅਰ ਖਿਡਾਰੀ ਆਪਣੇ ਸੀਨੀਅਰ ਖਿਡਾਰੀਆਂ ਨੂੰ ਮੈਚ ਵਿੱਚ ਪ੍ਰਦਰਸ਼ਨ ਦੇਖਦੇ ਹਨ ਬਲਕਿ ਉਹਨਾਂ ਨੂੰ ਹੱਲਾਸ਼ੇਰੀ ਮਿਲਦੀ ਹੈ। ਕਿ ਉਹ ਵੀ ਚੰਗਾ ਖੇਡਣ ਇਸੇ ਦਾ ਕਾਰਨ ਹੈ ਕਿ ਪਟਿਆਲਾ ਦੇ ਖਿਡਾਰੀ ਭਾਵੇਂ ਉਹ ਪ੍ਰਭ ਸਿਮਰਨ ਸਿੰਘ, ਅੰਡਰ 19 ਭਾਰਤੀ ਟੀਮ ਦਾ ਸਟਾਰ ਬੱਲੇਬਾਜ ਅਨਮੋਲ ਪ੍ਰੀਤ ਸਿੰਘ ਚਾਹੇ ਨਮਨਧੀਰ ਅਤੇ ਬੀਸੀਸੀਆਆਈ ਵੱਲੋਂ ਇੰਗਲੈਂਡ ਜਾਣ ਵਾਲੀ ਅੰਡਰ 19 ਦੇ ਟੀਮ ਵਿੱਚ ਚੁਣਿਆ ਬੱਲੇਬਾਜ ਵੀਹਾਨ ਮਲਹੋਤਰਾ ਅਤੇ ਕੁੜੀਆਂ ਦੀ ਭਾਰਤੀ ਟੀਮ ਵਿੱਚ ਖੇਡਣ ਵਾਲੀ ਕਨਿਕਾ ਅਹੂਜਾ ਤੇ ਮੰਨਤ ਕਸ਼ਿਅਪ ਹੋਣ। ਇਹ ਸਾਰੇ ਖਿਡਾਰੀ ਦੂਜੇ ਖਿਡਾਰੀਆਂ ਨੂੰ ਹੱਲਾਸ਼ੇਰੀ ਦਿੰਦੇ ਰਹਿੰਦੇ ਹਨ। ਇਸ ਦਾ ਹੀ ਕਾਰਨ ਹੈ ਕਿ ਪਟਿਆਲਾ ਵਿੱਚ ਕ੍ਰਿਕਟ ਦਾ ਪੱਧਰ ਅੰਤਰਰਾਸ਼ਟਰੀ ਮੁਕਾਬਲੇ ਦਾ ਬਣ ਗਿਆ ਹੈ।

# ਗੁੰਜੀਤ ਰੂਚੀ ਬਾਵਾ ਨੇ ਵਾਈਸ ਚੇਅਰਮੈਨ ਦਾ ਆਹੁਦਾ ਸੰਭਾਲਿਆ



**ਚੰਡੀਗੜ੍ਹ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਬੀਤੇ ਦਿਨੀਂ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਦੇ ਵਾਈਸ ਚੇਅਰਮੈਨ ਨਿਯੁਕਤ ਕੀਤੇ ਗਏ ਗੁੰਜੀਤ ਰੁਚੀ ਬਾਵਾ ਨੇ ਅੱਜ ਆਪਣਾ ਆਹੁਦਾ ਸੰਭਾਲ ਲਿਆ। ਇਸ ਮੌਕੇ ਕੰਵਰਦੀਪ ਸਿੰਘ, ਚੇਅਰਮੈਨ ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ, ਪੁਲਿਸ ਅਤੇ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ, ਹਰਿੰਦਰ ਸਿੰਘ ਬਾਵਾ, ਅਮਨਦੀਪ ਸਿੰਘ ਮੋਹੀ ਚੈਅਰਮੈਨ ਮਾਰਕਫੈੱਡ, ਸ਼ਰਨਪਾਲ ਸਿੰਘ ਮੱਕੜ ਜ਼ਿਲ੍ਹਾ ਸਕੱਤਰ ਆਮ ਆਦਮੀ ਪਾਰਟੀ ਲੁਧਿਆਣਾ ਅਤੇ ਰਾਜਵਿੰਦਰ ਸਿੰਘ ਗਿੱਲ ਸੰਯੁਕਤ ਡਾਇਰੈਕਟਰ ਹਾਜ਼ਰ ਸਨ।

ਅਹੁਦਾ ਸੰਭਾਲਣ ਉਪਰੰਤ ਸ੍ਰੀਮਤੀ ਬਾਵਾ ਨੇ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੂਰੀ ਇਮਾਨਦਾਰੀ ਨਾਲ ਕੋਸ਼ਿਸ਼ ਕਰਨਗੇ ਕਿ ਸੂਬੇ ਦੇ ਬਾਲਾਂ ਦੇ ਅਧਿਕਾਰਾਂ ਦੀ ਰਾਖੀ ਕਰ ਕਰਨ ਲਈ ਪੂਰੀ ਲਗਨ ਨਾਲ ਕੰਮ ਕਰਨਗੇ।

# ਚੋਣ ਕਮਿਸ਼ਨ ਵੱਲੋਂ ਪੋਲਿੰਗ ਸਟੇਸ਼ਨਾਂ 'ਤੇ ਵੋਟਰਾਂ ਲਈ ਮੋਬਾਈਲ ਡਿਪਾਜ਼ਿਟ ਸਹੂਲਤ ਕੀਤੀ ਜਾਵੇਗੀ ਪ੍ਰਦਾਨ

**ਚੰਡੀਗੜ੍ਹ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਵੋਟਰਾਂ ਦੀ ਸਹੂਲਤ ਵਿੱਚ ਵਾਧਾ ਕਰਨ ਅਤੇ ਵੋਟਾਂ ਵਾਲੇ ਦਿਨ ਪ੍ਰਬੰਧਾਂ ਨੂੰ ਹੋਰ ਸੁਚਾਰੂ ਬਣਾਉਣ ਦੇ ਉਦੇਸ਼ ਨਾਲ ਵੱਖ-ਵੱਖ ਪਹਿਲਕਦਮੀਆਂ ਵਜੋਂ, ਚੋਣ ਕਮਿਸ਼ਨ ਨੇ ਪੋਲਿੰਗ ਸਟੇਸ਼ਨਾਂ ਦੇ ਬਾਹਰ ਵੋਟਰਾਂ ਲਈ ਮੋਬਾਈਲ ਡਿਪਾਜ਼ਿਟ ਸਹੂਲਤ ਪ੍ਰਦਾਨ ਕਰਨ ਅਤੇ ਪ੍ਰਚਾਰ ਸਬੰਧੀ ਨਿਯਮਾਂ ਨੂੰ ਤਰਕਸੰਗਤ ਬਣਾਉਣ ਲਈ ਦੋ ਹੋਰ ਵਿਆਪਕ ਨਿਰਦੇਸ਼ ਜਾਰੀ ਕੀਤੇ ਹਨ। ਇਹ ਨਿਰਦੇਸ਼ ਲੋਕ ਪ੍ਰਤੀਨਿਧਤਾ ਐਕਟ, 1951 ਅਤੇ ਕੰਡਕਟ ਆਫ ਇਲੈਕਸ਼ਨ ਰੂਲਜ਼, 1961 ਦੇ ਸਬੰਧਿਤ ਉਪਬੰਧਾਂ ਦੇ ਅਨੁਸਾਰ ਹਨ।

ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਵਿੱਚ ਮੋਬਾਈਲ ਫੋਨਾਂ ਦੀ ਵੱਧ ਰਹੀ ਵਰਤੋਂ ਅਤੇ ਵੋਟਰਾਂ ਦੇ ਨਾਲ ਨਾਲ ਬਜ਼ੁਰਗਾਂ, ਔਰਤਾਂ ਅਤੇ ਦਿਵਿਆਂਗ ਵੋਟਰਾਂ ਨੂੰ ਵੋਟਾਂ ਵਾਲੇ ਦਿਨ ਮੋਬਾਈਲ ਫੋਨਾਂ ਦੇ ਪ੍ਰਬੰਧਨ ਸਬੰਧੀ ਦਰਪੇਸ਼ ਚੁਣੌਤੀਆਂ ਨੂੰ ਵੇਖਦਿਆਂ, ਕਮਿਸ਼ਨ ਨੇ ਪੋਲਿੰਗ ਸਟੇਸ਼ਨਾਂ ਦੇ ਬਾਹਰ ਮੋਬਾਈਲ ਰੱਖਣ/ਜਮ੍ਹਾਂ ਕਰਾਉਣ ਦੀ ਸਹੂਲਤ ਨੂੰ ਮਨਜ਼ੂਰੀ ਦੇਣ ਦਾ ਫੈਸਲਾ ਕੀਤਾ ਹੈ। ਪੋਲਿੰਗ ਸਟੇਸ਼ਨ ਦੇ 100 ਮੀਟਰ ਦੇ ਅੰਦਰ ਸਿਰਫ਼ ਸਵਿੱਚ-ਆਫ ਮੋਡ ਵਿੱਚ ਮੋਬਾਈਲ ਫੋਨ ਹੀ ਰੱਖਣ ਦੀ ਇਜਾਜ਼ਤ ਹੋਵੇਗੀ।

ਪੋਲਿੰਗ ਸਟੇਸ਼ਨ ਦੇ ਦਾਖਲੇ ਵਾਲੇ ਸਥਾਨ ਦੇ ਨੇੜੇ ਬਹੁਤ ਹੀ ਸਾਦੇ ਬਾਕਸ ਜਾਂ ਜੂਟ ਬੈਗ ਪ੍ਰਦਾਨ ਕੀਤੇ ਜਾਣਗੇ ਜਿੱਥੇ ਵੋਟਰਾਂ ਨੂੰ ਆਪਣੇ ਮੋਬਾਈਲ ਫੋਨ ਜਮ੍ਹਾ ਕਰਵਾਉਣੇ ਪੈਣਗੇ। ਵੋਟਰ ਨੂੰ ਪੋਲਿੰਗ ਸਟੇਸ਼ਨ ਦੇ ਅੰਦਰ ਮੋਬਾਈਲ ਫੋਨ ਲੈ ਜਾਣ ਦੀ ਇਜਾਜ਼ਤ ਨਹੀਂ ਹੋਵੇਗੀ। ਹਾਲਾਂਕਿ, ਰਿਟਰਨਿੰਗ ਅਫਸਰ ਵੱਲੋਂ ਪ੍ਰਤੀਕੂਲ ਸਥਾਨਕ ਹਾਲਾਤਾਂ ਦੇ ਆਧਾਰ 'ਤੇ ਕੁਝ ਪੋਲਿੰਗ ਸਟੇਸ਼ਨਾਂ ਨੂੰ ਇਸ ਵਿਵਸਥਾ ਤੋਂ ਛੋਟ ਦਿੱਤੀ ਜਾ ਸਕਦੀ ਹੈ। ਕੰਡਕਟ ਆਫ ਇਲੈਕਸ਼ਨ ਰੂਲਜ਼, 1961 ਦੇ ਨਿਯਮ 49ਐਮ, ਜੋ ਪੋਲਿੰਗ ਸਟੇਸ਼ਨ ਅੰਦਰ ਵੋਟਿੰਗ ਦੀ ਗੁਪਤਤਾ ਨੂੰ ਯਕੀਨੀ ਬਣਾਉਂਦਾ ਹੈ, ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ।

ਇਸ ਤੋਂ ਇਲਾਵਾ, ਚੋਣਾਂ ਵਾਲੇ ਦਿਨ ਸਹੂਲਤ ਨੂੰ ਹੋਰ ਬਿਹਤਰ ਬਣਾਉਣ ਦੇ ਉਦੇਸ਼ ਨਾਲ, ਕਮਿਸ਼ਨ ਨੇ ਚੋਣ ਕਾਨੂੰਨਾਂ ਮੁਤਾਬਕ ਪੋਲਿੰਗ ਸਟੇਸ਼ਨ ਦੇ ਦਾਖਲੇ ਵਾਲੇ ਸਥਾਨਾਂ ਤੋਂ 100 ਮੀਟਰ ਦੀ ਦੂਰੀ ਤੱਕ ਚੋਣ ਪ੍ਰਚਾਰ ਲਈ ਮਨਜ਼ੂਰਸ਼ੁਦਾ ਮਾਪਦੰਡਾਂ ਨੂੰ ਤਰਕਸੰਗਤ ਬਣਾਇਆ ਹੈ। ਹਾਲਾਂਕਿ, ਵੋਟਾਂ ਵਾਲੇ ਦਿਨ ਪੋਲਿੰਗ ਸਟੇਸ਼ਨ ਦੇ ਆਲੇ-ਦੁਆਲੇ 100 ਮੀਟਰ ਦੇ ਘੇਰੇ ਵਿੱਚ ਚੋਣ ਪ੍ਰਚਾਰ ਦੀ ਇਜਾਜ਼ਤ ਨਹੀਂ ਹੋਵੇਗੀ। ਇਸ ਲਈ, ਜੇਕਰ ਵੋਟਰ ਕਮਿਸ਼ਨ ਵੱਲੋਂ ਜਾਰੀ ਕੀਤੀਆਂ ਗਈਆਂ ਆਪਣੀਆਂ ਅਧਿਕਾਰਤ ਵੋਟਰ ਜਾਣਕਾਰੀ ਸਲਿੱਪਾਂ (ਵੀ.ਆਈ.ਐਸ.) ਨਹੀਂ ਲੈ ਕੇ ਜਾ ਰਹੇ ਹਨ, ਤਾਂ ਵੋਟਾਂ ਵਾਲੇ ਦਿਨ ਉਮੀਦਵਾਰਾਂ ਵੱਲੋਂ ਵੋਟਰਾਂ ਨੂੰ ਅਣਅਧਿਕਾਰਤ ਪਛਾਣ ਸਲਿੱਪਾਂ ਜਾਰੀ ਕਰਨ ਲਈ ਸਥਾਪਤ ਕੀਤੇ ਗਏ ਬੂਥ ਹੁਣ ਕਿਸੇ ਵੀ ਪੋਲਿੰਗ ਸਟੇਸ਼ਨ ਤੋਂ 100 ਮੀਟਰ ਦੀ ਦੂਰੀ 'ਤੇ ਸਥਾਪਤ ਕੀਤੇ ਜਾ ਸਕਦੇ ਹਨ।

ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਪ੍ਰਧਾਨਗੀ ਹੇਠ ਭਾਰਤੀ ਚੋਣ ਕਮਿਸ਼ਨ, ਚੋਣ ਕਮਿਸ਼ਨਰ ਡਾ. ਸੁਖਬੀਰ ਸਿੰਘ ਸੰਧੂ ਅਤੇ ਡਾ. ਵਿਵੇਕ ਜੋਸ਼ੀ ਦੇ ਨਾਲ, ਵੋਟਰਾਂ ਲਈ ਸਹੂਲਤਾਂ ਨੂੰ ਹੋਰ ਬਿਹਤਰ ਬਣਾਉਣ ਦੇ ਨਾਲ ਨਾਲ ਕਾਨੂੰਨੀ ਢਾਂਚੇ ਮੁਤਾਬਕ ਸਖ਼ਤੀ ਨਾਲ ਚੋਣਾਂ ਕਰਵਾਉਣ ਲਈ ਵਚਨਬੱਧ ਹੈ।

# ਭ੍ਰਿਸ਼ਟਾਚਾਰ ਪ੍ਰਤੀ ਕੋਈ ਲਿਹਾਜ਼ ਨਹੀਂ ਵਰਤਾਂਗੇ: ਮੁੱਖ ਮੰਤਰੀ ਨੇ ਦੁਹਰਾਇਆ

## ਭ੍ਰਿਸ਼ਟਾਚਾਰ ਖਿਲਾਫ਼ ਵਿੱਢੀ ਜੰਗ ਵਿੱਚ ਭਾਵੇਂ ਸਾਡਾ ਹੋਵੇ ਜਾਂ ਬੇਗਾਨਾ, ਕਾਰਵਾਈ ਕਰਨ ਤੋਂ ਪਿੱਛੇ ਨਹੀਂ ਹਟਾਂਗੇ

**ਚੰਡੀਗੜ੍ਹ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਪ੍ਰਤੀ ਕੋਈ ਲਿਹਾਜ਼ ਨਾ ਵਰਤਣ ਦੀ ਨੀਤੀ ਨੂੰ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਕੋਈ ਵੀ ਅਧਿਕਾਰੀ ਜਾਂ ਸਿਆਸਤਦਾਨ, ਭਾਵੇਂ ਉਹ ਕਿੰਨਾ ਹੀ ਰਸੂਖਦਾਨ ਕਿਉਂ ਨਾ ਹੋਵੇ, ਮਾਨਵਤਾ ਖਿਲਾਫ਼ ਅਜਿਹੇ ਘਿਨਾਉਣੇ ਅਪਰਾਧ ਲਈ ਬਖਸ਼ਿਆ ਨਹੀਂ ਜਾਵੇਗਾ।

ਲੋਕਾਂ ਨੂੰ ਦਿੱਤੇ ਸੰਦੇਸ਼ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਅੱਜ ਦੀ ਕਾਰਵਾਈ ਨੇ ਇਕ ਵਾਰ ਫੇਰ ਇਹ ਸਿੱਧ ਕਰ ਦਿੱਤਾ ਹੈ ਕਿ ਭ੍ਰਿਸ਼ਟਾਚਾਰ ਖਿਲਾਫ਼ ਸ਼ੁਰੂ ਕੀਤੀ ਜੰਗ ਵਿੱਚ ਆਪਣੇ-ਬਿਗਾਨੇ ਦਾ ਕੋਈ ਫਰਕ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਕਿਸੇ ਸੱਤਾਧਾਰੀ ਪਾਰਟੀ ਦਾ ਹਿੱਸਾ ਹੋਣਾ ਜਾਂ ਵਿਰੋਧੀ ਧਿਰ ਨਾਲ ਜੁੜੇ ਹੋਣ ਨਾਲ ਕਿਸੇ ਅਫਸਰ ਜਾਂ ਲੀਡਰ ਨੂੰ ਭ੍ਰਿਸ਼ਟਾਚਾਰ ਕਰਨ ਦਾ ਲਾਇਸੰਸ ਨਹੀਂ ਮਿਲ ਜਾਂਦਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਅਜਿਹੇ ਲੋਕਾਂ ਦੇ ਖਿਲਾਫ਼ ਮਿਸਾਲੀ ਕਾਰਵਾਈ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭ੍ਰਿਸ਼ਟਾਚਾਰ ਖਿਲਾਫ਼ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਇਹ ਪਾਪ ਕਰਨ ਵਾਲੇ ਵਿਅਕਤੀ ਨੂੰ ਕਿਸੇ ਵੀ ਸੂਰਤ ਵਿੱਚ ਬਖਸ਼ਿਆ ਨਹੀਂ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਸਾਲ 2022 ਵਿੱਚ ਅਹੁਦਾ ਸੰਭਾਲਿਆ ਸੀ ਅਤੇ ਉਸ ਵੇਲੇ ਤੋਂ ਲੈ ਕੇ ਭ੍ਰਿਸ਼ਟਾਚਾਰ ਦੇ ਖਿਲਾਫ਼ ਲੜਾਈ ਲੜੀ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅਸੀਂ ਲੋਕਾਂ ਨੂੰ ਗਾਰੰਟੀ ਦਿੱਤੀ ਸੀ ਕਿ ਸਰਕਾਰ ਵਿੱਚ ਭ੍ਰਿਸ਼ਟਾਚਾਰ ਨੂੰ ਸਹਿਣ ਨਹੀਂ ਕੀਤਾ ਜਾਵੇਗਾ ਅਤੇ ਇਸ ਵਿੱਚ ਸ਼ਾਮਲ ਲੋਕਾਂ ਦੇ ਖਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਨੂੰ ਅੰਜ਼ਾਮ ਦਿੱਤਾ ਜਾਵੇਗਾ। ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਸਾਡੇ ਸਿਸਟਮ ਨੂੰ ਭ੍ਰਿਸ਼ਟਾਚਾਰ ਸਿਉਂਕ ਵਾਂਗ ਲੱਗੀ ਹੋਈ ਹੈ ਅਤੇ ਭ੍ਰਿਸ਼ਟ ਕਾਰਵਾਈਆਂ ਕਰਨ ਵਾਲੇ ਟੈਕਸ ਭਰਨ ਦੇ ਲੋਕਾਂ ਦੇ ਪੈਸੇ ਨੂੰ ਖੁਰਦ-ਬੁਰਦ ਕਰਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਲੜਾਈ ਕਿਸੇ ਵਿਅਕਤੀ ਦੇ ਖਿਲਾਫ ਨਹੀਂ ਸਗੋਂ ਭ੍ਰਿਸ਼ਟ ਤੰਤਰ ਦੇ ਖਿਲਾਫ਼ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਉਖਾੜ ਦੇਣ ਤੱਕ ਇਹ ਲੜਾਈ ਜਾਰੀ ਰਹੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੱਤਾ ਦੀ ਧੌਂਸ ਨਾਲ ਕਾਰੋਬਾਰੀਆਂ ਤੇ ਦੁਕਾਨਦਾਰਾਂ ਦੀ ਸ਼ਰੇਆਮ ਲੁੱਟ ਹੁੰਦੀ ਹੋਵੇ ਤਾਂ ਅਜਿਹੇ ਮੌਕੇ ਸਰਕਾਰ ਚੁੱਪ ਕਰਕੇ ਨਹੀਂ ਬੈਠ ਸਕਦੀ। ਉਨ੍ਹਾਂ ਕਿਹਾ ਕਿ ਰਸੂਖਵਾਨ ਸਿਆਸਤਦਾਨਾਂ ਵੱਲੋਂ ਕੁਝ ਅਫਸਰਾਂ ਨਾਲ ਮਿਲੀਭੁਗਤ ਕਰਕੇ ਭੋਲੇ-ਭਾਲੇ ਲੋਕਾਂ ਨੂੰ ਬਲੈਕਮੇਲ ਕਰਕੇ ਉਨ੍ਹਾਂ ਪਾਸੋਂ ਫਿਰੌਤੀਆਂ ਮੰਗਣ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਲੋਕਾਂ ਨੂੰ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦਾ ਅਨਿੱਖੜਵਾਂ ਅੰਗ ਬਣਨ ਦਾ ਸੱਦਾ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਭ੍ਰਿਸ਼ਟ ਅਨਸਰਾਂ ਵਿਰੁੱਧ ਉਨ੍ਹਾਂ ਵੱਲੋਂ ਦਰਜ ਕਰਵਾਈਆਂ ਗਈਆਂ ਸ਼ਿਕਾਇਤਾਂ 'ਤੇ ਸਖ਼ਤ ਕਾਰਵਾਈ ਕਰੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਭ੍ਰਿਸ਼ਟ ਮੰਤਵਾਂ ਲਈ ਉਨ੍ਹਾਂ ਦੇ ਕੰਮ ਵਿੱਚ ਬੇਲੋੜੀ ਦੇਰੀ ਜਾਂ ਰੁਕਾਵਟਾਂ ਪੈਦਾ ਕਰਦਾ ਹੈ ਤਾਂ ਆਮ ਆਦਮੀ ਨੂੰ ਅੱਗੇ ਆ ਕੇ ਉਨ੍ਹਾਂ ਵਿਰੁੱਧ ਸ਼ਿਕਾਇਤ ਕਰਨੀ ਚਾਹੀਦੀ ਹੈ। ਸੂਬਾ ਸਰਕਾਰ ਉਨ੍ਹਾਂ ਵਿਰੁੱਧ ਫੈਸਲਾਕੁੰਨ ਕਾਰਵਾਈ ਕਰੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ÷ਸਾਡੇ ਲਈ ਭ੍ਰਿਸ਼ਟ, ਭ੍ਰਿਸ਼ਟ ਹੈ, ਭਾਵੇਂ ਸਾਡਾ ਹੋਵੇ ਜਾਂ ਕੋਈ ਹੋਰ ਅਤੇ ਮੈਂ ਵਾਅਦਾ ਕਰਦਾ ਹਾਂ ਕਿ ਜਿਸ ਕਿਸੇ ਦੇ ਵੀ ਹੱਥ ਭ੍ਰਿਸ਼ਟਾਚਾਰ ਵਿੱਚ ਰੰਗੇ ਹੋਏ ਹਨ, ਮੇਰੀ ਸਰਕਾਰ ਉਨ੍ਹਾਂ ਨੂੰ ਬਖਸ਼ੇਗੀ ਨਹੀਂ।

# ਬਿਜਲੀ ਕਾਮਿਆਂ ਵੱਲੋਂ ਮੁੱਖ ਦਫਤਰ ਅੱਗੇ ਮੁਜ਼ਾਹਰਾ



**ਪਟਿਆਲਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਕਨੀਕਲ ਸਰਵਿਸਿਜ਼ ਯੂਨੀਅਨ ਵੱਲੋਂ ਬਿਜਲੀ ਕਾਮਿਆਂ ਦੀਆਂ ਭਖਦੀਆਂ ਸਮੱਸਿਆਵਾ ਦਾ ਹੱਲ ਕਰਵਾਉਣ ਲਈ ਹੈੱਡ ਆਫਿਸ ਪਟਿਆਲਾ ਦੇ ਸਾਹਮਣੇ ਹਰਪ੍ਰੀਤ ਸਿੰਘ ਸੂਬਾ ਕੋਕਨਵੀਨਰ ਦੀ ਪ੍ਰਧਾਨਗੀ ਹੇਠ ਪ੍ਰਦਰਸ਼ਨ ਕੀਤਾ ਗਿਆ। ਇਸ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਦਲਬੀਰ ਸਿੰਘ ਜੌਹਲ, ਹਰਪ੍ਰੀਤ ਸਿੰਘ, ਸੰਜੀਵ ਕੁਮਾਰ, ਸੰਜੀਵ ਸੈਣੀ, ਦੀਪਕ ਕੁਮਾਰ, ਸੁਰਿੰਦਰ ਧਰਾਂਗਵਾਲਾ, ਸ਼ਿੰਗਾਰ ਚੰਦ, ਸਿੰਦਰ ਸਿੰਘ ਤੇ ਲਖਵੀਰ ਸਿੰਘ ਆਦਿ ਬਿਜਲੀ ਮੁਲਾਜਮਾਂ ਨੇ ਕਿਹਾ ਕਿ 6ਵੇਂ ਤਨਖਾਹ ਕਮਿਸ਼ਨ ਅਨੁਸਾਰ ਸੋਧੀ ਹੋਈ ਤਨਖਾਹ, ਪੈਨਸ਼ਨ, ਫੈਮਿਲੀ ਪੈਨਸ਼ਨ, ਲੀਵ ਇਨਕੈਸ਼ਮੈਂਟ ਦਾ ਏਰੀਅਰ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਸੀਆਰਏ ਅਤੇ ਲਾਈਨਮੈਨ/ਐੱਸਐੱਸਏ ਨੂੰ ਕਨਟਰੈਕਟ ਪੀਰੀਅਡ ਦਾ ਲਾਭ ਪੈਨਸ਼ਨਰੀ ਲਾਭਾਂ, ਸੀਨੀਆਰਤਾ ਅਤੇ ਤਰੱਕੀ ਵਿੱਚ ਦਿੱਤਾ ਜਾਵੇ। ਸੀਆਰਏ 295/19 ਦੇ ਰਹਿੰਦੇ 25 ਸਾਥੀਆਂ ਨੂੰ ਬਹਾਲ ਕਰਕੇ ਰੈਗੂਲਰ ਕਰਨ, ਜੁਲਾਈ 2020 ਤੋਂ ਨਿਯੁਕਤ ਕਰਮਚਾਰੀਆਂ ਉਪਰ ਕੇਂਦਰ ਸਰਕਾਰ ਦੇ ਤਨਖਾਹ ਸਕੇਲ ਦੀ ਥਾਂ ਬਿਜਲੀ ਨਿਗਮ ਦੇ ਸਕੇਲ ਲਾਗੂ ਕਰਨ, ਜੁਲਾਈ 2021 ਤੋਂ ਪਹਿਲਾਂ ਭਰਤੀ ਹੋਏ ਕਰਮਚਾਰੀਆਂ ਜਿਨ੍ਹਾਂ ਦੀ ਨਿਯੁਕਤੀ / ਤਰੱਕੀ ਸੋਧੇ ਸਕੇਲ ਲਾਗੂ ਹੋਣ ਤੋਂ ਬਾਅਦ ਹੋਈ ਹੈ ਨੂੰ ਵਿੱਤ ਸਰਕੂਲਰ ਨੰਬਰ 24/21 ਅਨੁਸਾਰ ਸੋਧੀ ਤਨਖਾਹ ਸਮੇਤ 15# ਦਾ ਵਾਧਾ ਦੇ ਕੇ ਮੁੱਢਲੀ ਤਨਖਾਹ 35400 ਕਰਨ ਸਮੇਤ ਹੋਰ ਮਹਤਵਪੂਰਨ ਮੁੱਦਿਆਂ ਨੂੰ ਤੁਰੰਤ ਹੱਲ ਕੀਤਾ ਜਾਵੇ ਅਤੇ ਜਥੇਬੰਦੀ ਵੱਲੋਂ ਦਿੱਤੇ ਮੰਗ ਪੱਤਰ ਅਨੁਸਾਰ ਸਮੱਸਿਆ ਦਾ ਨਿਬੇੜਾ ਕੀਤਾ ਜਾਵੇ ਅਤੇ ਅਦਾਰੇ ਅੰਦਰ ਨਿੱਜੀਕਰਨ ਦੀ ਨੀਤੀ ਤੁਰੰਤ ਬੰਦ ਕੀਤੀ ਜਾਵੇ।

ਧਰਨੇ ਨੂੰ ਸੰਬੋਧਨ ਕਰਦੇ ਹੋਏ ਕੁਲਦੀਪ ਸਿੰਘ ਖੰਨਾ, ਅਵਤਾਰ ਸਿੰਘ ਕੈਂਥ, ਜਗਜੀਤ ਸਿੰਘ ਕੰਡਾ, ਜਗਤਾਰ ਸਿੰਘ ਉੱਪਲ ਪ੍ਰੀਤਮ ਸਿੰਘ ਪਿੰਡੀ, ਦਰਸ਼ਨ ਸਿੰਘ ਬੇਲੂਮਾਜਰਾ ਤੇ ਗੁਰਚਰਨ ਸਿੰਘ ਨਾਭਾ ਆਦਿ ਨੇ ਮੰਗ ਕੀਤੀ ਕਿ ਅਦਾਰੇ ਅੰਦਰ ਖਾਲੀ ਪਈਆਂ ਪੋਸਟਾਂ ਨੂੰ ਰੈਗੂਲਰ ਭਰਤੀ ਰਾਹੀਂ ਭਰਿਆ ਜਾਵੇ ਮੀਟਰ ਰੀਡਰ, ਸੀਐੱਚਬੀ ਨੂੰ ਤੁਰੰਤ ਪੱਕਾ ਕੀਤਾ ਜਾਵੇ।

# ਬਰਿੰਦਰ ਕੁਮਾਰ ਗੋਇਲ ਨੇ ਬੀ.ਐਮ.ਐਲ. ਦੇ ਪਾਣੀ ਦੀ ਵੰਡ ਸਬੰਧੀ ਹਰਿਆਣਾ ਦੇ ਗੁਮਰਾਹਕੁੰਨ ਦਾਅਵਿਆਂ ਦੀ ਫੂਕ ਕੱਢੀ

## ਅਸੀਂ ਆਪਸੀ ਮਿਲਵਰਤਣ ਅਤੇ ਸਰੋਤਾਂ ਦੀ ਤਰਕਸੰਗਤ ਵੰਡ ਦੇ ਮੁਦਈ ਪਰ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਜਾਂ ਆਪਣੇ ਜਾਇਜ਼ ਹੱਕਾਂ ਨੂੰ ਖ਼ਤਰੇ ਵਿੱਚ ਪਾਉਣ ਦੇ ਕਿਸੇ ਵੀ ਯਤਨ ਨੂੰ ਬਰਦਾਸ਼ਤ ਨਹੀਂ ਕਰਾਂਗੇ

**ਚੰਡੀਗੜ੍ਹ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਜਲ ਸਰੋਤ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਭਾਖੜਾ ਮੇਨ ਲਾਈਨ (ਬੀ.ਐਮ.ਐਲ) ਦੇ ਪਾਣੀ ਦੀ ਵੰਡ ਸਬੰਧੀ ਹਰਿਆਣਾ ਦੇ ਗੁਮਰਾਹਕੁੰਨ ਪ੍ਰਚਾਰ ਦੀ ਕਰੜੀ ਨਿਖੇਧੀ ਕਰਦਿਆਂ ਇਸ ਨੂੰ ਲੋਕਾਂ ਨੂੰ ਭੁਲੇਖੇ ਵਿੱਚ ਪਾਉਣ ਅਤੇ ਜ਼ਮੀਨੀ ਹਕੀਕਤਾਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀ ਸੋਚੀ-ਸਮਝੀ ਕੋਸ਼ਿਸ਼ ਕਰਾਰ ਦਿੱਤਾ। ਸ੍ਰੀ ਗੋਇਲ ਨੇ ਕਿਹਾ ਕਿ ਹਰਿਆਣਾ ਵੱਲੋਂ ਇਹ ਦਾਅਵਾ ਕਰਨਾ ਕਿ ਉਹ ਬੀ.ਐਮ.ਐਲ. ਤੋਂ ਆਪਣਾ ਪੂਰਾ 10,300 ਕਿਊਸਿਕ ਹਿੱਸਾ ਲੈ ਰਿਹਾ ਹੈ, ਨਾ ਸਿਰਫ਼ ਤੱਥਾਂ ਤੋਂ ਕੋਹਾਂ ਦੂਰ ਹੈ, ਸਗੋਂ ਇਹ ਇਕ ਹੈਰਾਨ ਕਰਨ ਵਾਲੀ ਝੂਠੀ ਪ੍ਰਚਾਰ ਰਣਨੀਤੀ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਅਸਲ ਸਥਿਤੀ ਇਨ੍ਹਾਂ ਝੂਠੇ ਦਾਅਵਿਆਂ ਤੋਂ ਬਿਲਕੁਲ ਵੱਖਰੀ ਹੈ। ਕੈਬਨਿਟ ਮੰਤਰੀ ਨੇ ਸਥਿਤੀ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਬੀ.ਐਮ.ਐਲ. ਅਜੇ ਤੱਕ ਆਪਣੀ ਪੂਰੀ ਕਾਰਜਸ਼ੀਲ ਸਮਰੱਥਾ 11,700 ਕਿਊਸਿਕ ਤੱਕ ਵੀ ਨਹੀਂ ਪਹੁੰਚੀ। ਉਨ੍ਹਾਂ ਕਿਹਾ ਕਿ ਤੈਅ ਪ੍ਰੋਟੋਕਾਲ ਅਨੁਸਾਰ ਪਾਣੀ ਦੇ ਪੱਧਰ ਨੂੰ ਹੌਲੀ-ਹੌਲੀ ਵਧਾਇਆ ਜਾ ਰਿਹਾ ਹੈ।

ਸ੍ਰੀ ਗੋਇਲ ਨੇ ਪਾਣੀ ਵੰਡ ਦੀ ਅਸਲ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਕਿ ਬੀ.ਐਮ.ਐਲ. ਨਹਿਰ ਦੇ ਪੰਜਾਬ ਵਿੱਚ ਸ਼ੁਰੂਆਤੀ ਬਿੰਦੂ 'ਤੇ ਮੌਜੂਦਾ ਸਮੇਂ ਸਾਨੂੰ 9690 ਕਿਊਸਿਕ ਪਾਣੀ ਪ੍ਰਾਪਤ ਹੋ ਰਿਹਾ ਹੈ। ਪੰਜਾਬ ਇਸ ਵਿੱਚੋਂ 2025 ਕਿਊਸਿਕ ਪਾਣੀ ਆਪਣੀਆਂ ਜਾਇਜ਼ ਜ਼ਰੂਰਤਾਂ ਲਈ ਵਰਤ ਰਿਹਾ ਹੈ। ਦਿੱਲੀ ਅਤੇ ਰਾਜਸਥਾਨ ਦੇ ਹੱਕੀ ਹਿੱਸੇ ਦਾ ਹਿਸਾਬ ਕੱਟਣ ਤੋਂ ਬਾਅਦ ਹਰਿਆਣਾ ਨੂੰ 6720 ਕਿਊਸਿਕ ਪਾਣੀ ਮਿਲ ਰਿਹਾ ਹੈ, ਜੋ ਹਰਿਆਣਾ ਦੇ ਵੰਡ ਸਬੰਧੀ ਕੀਤੇ ਦਾਅਵਿਆਂ ਨਾਲੋਂ ਬਹੁਤ ਘੱਟ ਹੈ।

ਪੰਜਾਬ ਦੇ ਹਿੱਤਾਂ ਦੀ ਰਾਖੀ ਕਰਦਿਆਂ ਪਾਣੀ ਦੀ ਤਰਕਸੰਗਤ ਵੰਡ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਕੈਬਨਿਟ ਮੰਤਰੀ ਨੇ ਸਾਫ਼ ਕੀਤਾ ਕਿ ਪੰਜਾਬ ਆਪਣੇ ਸੰਵਿਧਾਨਕ ਹੱਕ ਤਹਿਤ 3,000 ਕਿਊਸਿਕ ਪਾਣੀ ਪੂਰੀ ਤਰ੍ਹਾਂ ਵਰਤੇਗਾ ਅਤੇ ਬਾਕੀ ਪਾਣੀ ਹਰਿਆਣਾ ਨੂੰ ਬੀ.ਐਮ.ਐਲ. ਨਹਿਰ ਪ੍ਰਣਾਲੀ ਦੀ ਸਮਰੱਥਾ ਅਨੁਸਾਰ ਹੀ ਦਿੱਤਾ ਜਾਵੇਗਾ।

ਉਨ੍ਹਾਂ ਹਰਿਆਣਾ ਦੀ ਗੁਮਰਾਹਕੁੰਨ ਪ੍ਰਚਾਰ ਮੁਹਿੰਮ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ, ÷ਇਸ ਤਰ੍ਹਾਂ ਦੇ ਘਿਨਾਉਣੇ ਪ੍ਰਚਾਰ ਸਟੰਟ ਅਤੇ ਪ੍ਰਚਾਰ ਮੁਹਿੰਮਾਂ ਦਾ ਸਹਾਰਾ ਲੈਣ ਦੀ ਬਜਾਏ, ਹਰਿਆਣਾ ਨੂੰ ਚਾਹੀਦਾ ਹੈ ਕਿ ਉਹ ਈਮਾਨਦਾਰੀ ਨਾਲ ਗੱਲ ਕਰੇ ਅਤੇ ਆਪਣੀ ਜਨਤਾ ਸਾਹਮਣੇ ਸਹੀ ਜਾਣਕਾਰੀ ਰੱਖੇ। ਉਨ੍ਹਾਂ ਕਿਹਾ ਕਿ ਲੋਕ ਪਾਰਦਰਸ਼ਤਾ ਦੇ ਹੱਕਦਾਰ ਅਤੇ ਉਨ੍ਹਾਂ ਨੂੰ ਸੱਚਾਈ ਚਾਹੀਦੀ ਹੈ, ਨਾ ਕਿ ਮਨਘੜਤ ਕਹਾਣੀਆਂ।

ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਆਪਸੀ ਮਿਲਵਰਤਣ ਅਤੇ ਸਰੋਤਾਂ ਦੀ ਤਰਕਸੰਗਤ ਵੰਡ ਦਾ ਮੁਦਈ ਹੈ ਪਰ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਜਾਂ ਆਪਣੇ ਜਾਇਜ਼ ਹੱਕਾਂ ਨੂੰ ਖ਼ਤਰੇ ਵਿੱਚ ਪਾਉਣ ਦੇ ਕਿਸੇ ਵੀ ਯਤਨ ਨੂੰ ਬਰਦਾਸ਼ਤ ਨਹੀਂ ਕਰਾਂਗੇ।

# 'ਯੁੱਧ ਨਸ਼ਿਆਂ ਵਿਰੁਧ' ਦਾ 83ਵਾਂ ਦਿਨ: 161 ਨਸ਼ਾ ਤਸਕਰ 6.2 ਕਿਲੋ ਹੈਰੋਇਨ, 76 ਹਜ਼ਾਰ ਰੁਪਏ ਦੀ ਡਰੱਗ ਸਮੇਤ ਗ੍ਰਿਫ਼ਤਾਰ

**ਚੰਡੀਗੜ੍ਹ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਨਸ਼ਿਆਂ ਵਿਰੋਧੀ ਮੁਹਿੰਮ,"ਯੁੱਧ ਨਸ਼ਿਆਂ ਵਿਰੁਧ" ਦੇ 83ਵੇਂ ਦਿਨ ਪੰਜਾਬ ਪੁਲਿਸ ਨੇ ਸ਼ੁੱਕਰਵਾਰ ਨੂੰ 161 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 6.2 ਕਿਲੋ ਹੈਰੋਇਨ ਅਤੇ 76270 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ। ਇਸ ਨਾਲ, ਮਹਿਜ਼ 83 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ ਹੁਣ 12,958 ਹੋ ਗਈ ਹੈ।

ਇਹ ਕਾਰਵਾਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਕੀਤੀ ਗਈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ।

ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਗਠਨ ਵੀ ਕੀਤਾ ਹੈ।

ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 90 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਦੀ ਨਫ਼ਰੀ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ 473 ਥਾਵਾਂ 'ਤੇ ਛਾਪੇਮਾਰੀ ਕੀਤੀ ਅਤੇ ਰਾਜ ਭਰ ਵਿੱਚ 118 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 526 ਸ਼ੱਕੀ ਵਿਅਕਤੀਆਂ ਦੀ ਵੀ ਚੈਕਿੰਗ ਕੀਤੀ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਰਾਜ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਤਿੰਨ-ਨੁਕਾਤੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਐਂਡ ਪ੍ਰੀਵੈਨਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ, ਜਿਸਦੇ ਤਹਿਤ ਪੰਜਾਬ ਪੁਲਿਸ ਨੇ 'ਨਸ਼ਾ ਛੁਡਾਉਣ' ਦੇ ਹਿੱਸੇ ਵਜੋਂ ਅੱਜ 80 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਪੰਜਾਬ (ਪਹਿਲਵਾਨ) ਦਾ ਡੈਪੂਟੇਸ਼ਨ ਮੰਗਾਂ ਸਬੰਧੀ ਚੇਅਰਮੈਨ ਨੂੰ ਮਿਲਿਆ



**ਪਟਿਆਲਾ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਪੰਜਾਬ (ਪਹਿਲਵਾਨ) ਦਾ ਇੱਕ ਡੈਪੂਟੇਸ਼ਨ ਬੀ.ਐਸ. ਸੇਖੋਂ ਜਨਰਲ ਸਕੱਤਰ ਪੰਜਾਬ ਦੀ ਅਗਵਾਈ ਵਿੱਚ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ ਅਤੇ ਡਾਇਰੈਕਟਰ ਵਿੱਤ ਨੂੰ ਮਿਲਿਆ। ਡੈਪੂਟੇਸ਼ਨ ਨੇ ਚੇਅਰਮੈਨ ਦੇ ਧਿਆਨ ਵਿੱਚ ਲਿਆਂਦਾ ਕਿ ਛੇਵੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਤਹਿਤ ਮਿਤੀ 1-1-2016 ਤੋਂ 30-6-2021 ਤੱਕ ਦਾ ਬਕਾਇਆ ਫੀਲਡ ਦੇ ਦਫਤਰਾਂ ਵੱਲੋਂ ਤਿਆਰ ਨਹੀਂ ਕੀਤਾ ਜਾ ਰਿਹਾ। ਸਗੋਂ ਆਨਾ ਕਾਨੀ ਕੀਤੀ ਜਾ ਰਹੀ ਹੈ ਅਤੇ ਪੰਜਾਬ ਸਰਕਾਰ / ਪਾਵਰ ਕਾਰਪੋਰੇਸ਼ਨ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾ ਰਹੀ ਅਤੇ ਪੈਨਸ਼ਨਰਜ਼ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਚੇਅਰਮੈਨ ਸਾਹਿਬ ਨੇ ਡੈਪੂਟੈਸ਼ਨ ਦੀ ਗੱਲ ਬੜੇ ਧਿਆਨ ਨਾਲ ਸੁਣ ਕੇ ਡੈਪੂਟੇਸ਼ਨ ਨੂੰ ਵਿਸ਼ਵਾਸ਼ ਦਿਵਾਇਆ ਕਿ ਪਾਵਰ ਕਾਰਪੋਰੇਸ਼ਨ ਵਲੋਂ ਏਰੀਅਰ ਸਬੰਧੀ ਜੋ ਸਡਿਊਲ ਜਾਰੀ ਕੀਤਾ ਗਿਆ ਹੈ ਉਸ ਅਨੁਸਾਰ 100 ਪ੍ਰਤੀਸ਼ਤ ਲਾਗੂ ਕੀਤਾ ਜਾਵੇਗਾ।

ਚੇਅਰਮੈਨ ਸਾਹਿਬ ਨੇ ਉਸੇ ਵੇਲੇ ਡਾਇਰੈਕਟਰ ਵਿੱਤ ਨੂੰ ਨਿਰਦੇਸ਼ ਜਾਰੀ ਕੀਤੇ ਕਿ ਫੀਲਡ ਦੇ ਦਫਤਰਾਂ ਨੂੰ ਸਖਤੀ ਨਾਲ ਏਰੀਅਰ ਤਿਆਰ ਕਰਕੇ ਅਦਾਇਗੀ ਕਰਨ ਸਬੰਧੀ ਕਿਹਾ ਜਾਵੇ। ਜੇਕਰ ਫੀਲਡ ਵਿੱਚ ਕੋਈ ਵੀ ਦਫਤਰ ਇਨ੍ਹਾਂ ਹਦਾਇਤਾਂ ਦੀ ਪਾਲਨਾ ਨਹੀਂ ਕਰਦਾ ਤਾਂ ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ। ਡਾਇਰੈਕਟਰ ਵਿੱਤ ਸ੍ਰੀ ਬੀ.ਬੀ.ਬੇਰੀ ਸਾਹਿਬ ਨੇ ਟੈਲੀਫੋਨ ਤੇ ਮੁੱਖ ਲੇਖਾ ਅਫਸਰ ਨੂੰ ਹਦਾਇਤਾਂ ਕੀਤੀਆਂ ਕਿ ਪੰਜਾਬ ਦੇ ਸਾਰੇ ਡੀ.ਡੀ.ਓਜ਼ ਨੂੰ ਪੈਨਸ਼ਨਰਜ਼ ਦਾ ਏਰੀਅਰ 85 ਸਾਲ ਤੋਂ ਉਪਰ, 75 ਸਾਲ ਤੋਂ 85 ਸਾਲ ਤੱਕ ਅਤੇ 75 ਸਾਲ ਤੋਂ ਹੇਠਾ ਸਾਰਿਆਂ ਦਾ ਤਿਆਰ ਕਰਕੇ ਏਰੀਅਰ ਲੈਜਰ ਵਿੱਚ ਪਾਉਣ ਲਈ ਕਿਹਾ ਜਾਵੇ। ਏਰੀਅਰ ਲੈਜਰ ਹੈਡ ਆਫਿਸ ਪੱਧਰ ਤੇ 30-05-2025 ਤੱਕ ਖੁੱਲੀ ਰਹੇਗੀ। ਡਾਇਰੈਕਟਰ ਵਿੱਤ ਨੇ ਡੈਪੂਟੇਸ਼ਨ ਨੂੰ ਕਿਹਾ ਕਿ ਜੇਕਰ ਫਿਰ ਵੀ ਕੋਈ ਦਿੱਕਤ ਆਉਂਦੀ ਹੈ ਤਾਂ ਮੈਨੂੰ ਜਦੋਂ ਮਰਜੀ ਮਿਲ ਲਿਆ ਜਾਵੇ। ਡਾਇਰੈਕਟਰ ਵਿੱਤ ਨੇ ਮਿਤੀ 01-01-2016 ਤੋਂ ਬਾਅਦ ਰਿਟਾਇਰ ਹੋਏ ਕਰਮਚਾਰੀਆਂ ਦੇ ਏਰੀਅਰ ਸਬੰਧੀ ਕੇਸ ਤੇ ਵਿਚਾਰ ਕਰਨ ਲਈ ਭਰੋਸਾ ਦਿੱਤਾ। ਡੈਪੂਟੇਸ਼ਨ ਵਿੱਚ ਬੀ.ਐਸ.ਸੇਖੋਂ ਜਨਰਲ ਸਕੱਤਰ, ਬਲਵਿੰਦਰ ਸਿੰਘ ਪਸਿਆਨਾ, ਸ਼ਿਵਦੇਵ ਸਿੰਘ, ਸੁਰਜੀਤ ਸਿੰਘ, ਭੁਪਿੰਦਰ ਸਿੰਘ, ਸਰਬਜੀਤ ਸਿੰਘ ਲੰਗ, ਗਗਨ ਆਦਿ ਹਾਜਰ ਸਨ।

# ਪੰਜਾਬ ਸਰਕਾਰ ਪਨਬੱਸ ਵਿੱਚ ਕੰਟਰੈਕਟ 'ਤੇ ਕੰਮ ਕਰਦੇ ਕਰਮਚਾਰੀਆਂ ਨੂੰ ਪੱਕੇ ਅਤੇ ਆਊਟਸੋਰਸ ਨੂੰ ਕੰਟਰੈਕਟ 'ਤੇ ਕਰਨ ਲਈ ਯਤਨਸ਼ੀਲ: ਲਾਲਜੀਤ ਸਿੰਘ ਭੁੱਲਰ

**ਚੰਡੀਗੜ੍ਹ, 27 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਨਬੱਸ ਵਿੱਚ ਕੰਟਰੈਕਟ 'ਤੇ ਕੰਮ ਕਰਦੇ ਕਰਮਚਾਰੀਆਂ ਨੂੰ ਪੱਕੇ ਅਤੇ ਆਊਟਸੋਰਸ 'ਤੇ ਕੰਮ ਕਰਦੇ ਕਰਮਚਾਰੀਆਂ ਨੂੰ ਕੰਟਰੈਕਟ 'ਤੇ ਕਰਨ ਲਈ ਯਤਨਸ਼ੀਲ ਹੈ।

ਪੰਜਾਬ ਦੇ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਅੱਜ ਇੱਥੇ ਪੰਜਾਬ ਸਿਲ ਸਕੱਤਰੇਤ ਵਿਖੇ ਵਿੱਤ ਤੇ ਪ੍ਰਸੋਨਲ ਵਿਭਾਗ ਦੇ ਅਧਿਕਾਰੀਆਂ ਨੂੰ ਕੰਟਰੈਕਟ ਅਤੇ ਆਊਟਸੋਰਸ ਦੋਵੇਂ ਵਰਗਾਂ ਦੇ ਕਰਮਚਾਰੀਆਂ ਦਾ ਕੇਸ ਹਮਦਰਦੀ ਨਾਲ ਵਿਚਾਰ ਕੇ ਉਨ੍ਹਾਂ ਦੇ ਹੱਕ 'ਚ ਤਿਆਰ ਕਰਨ ਲਈ ਕਿਹਾ।

ਸ. ਭੁੱਲਰ ਨੇ ਵਿਚਾਰ-ਵਟਾਂਦਰਾ ਕਰਨ ਮੌਕੇ ਕੰਟਰੈਕਟ ਤੇ ਆਊਟਸੋਰਸ ਕਰਮਚਾਰੀਆਂ ਨੂੰ ਛੇਤੀ ਪੱਕੇ ਅਤੇ ਕੰਟਰੈਕਟ 'ਤੇ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇੱਕ ਸਾਫ-ਸੁਥਰੀ ਪ੍ਰਕਿਰਿਆ ਅਪਣਾ ਕੇ ਇਨ੍ਹਾਂ ਮੁਲਾਜ਼ਮਾਂ ਨੂੰ ਬਣਦਾ ਹੱਕ ਦਿੱਤਾ ਜਾਵੇ।

ਸ. ਭੁੱਲਰ ਨੇ ਕਿਹਾ ਕਿ ਸੂਬਾ ਸਰਕਾਰ ਮੁਲਾਜ਼ਮ ਯੂਨੀਅਨਾਂ ਵੱਲੋਂ ਸਮੇਂ-ਸਮੇਂ ਉਠਾਈਆਂ ਵੱਖ-ਵੱਖ ਮੰਗਾਂ ਨੂੰ ਗੰਭੀਰਤਾ ਨਾਲ ਹੱਲ ਕਰਨ ਲਈ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਕੰਟਰੈਕਟ ਅਤੇ ਆਊਣਟਸੋਰਸ ਮੁਲਾਜ਼ਮ ਟਰਾਂਸਪੋਰਟ ਵਿਭਾਗ ਲਈ ਮਹੱਤਵਪੂਰਨ ਹਨ ਅਤੇ ਸਰਕਾਰ ਹਮੇਸ਼ਾ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਰਹੇਗੀ।

ਸ. ਭੁੱਲਰ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮ ਭਲਾਈ ਲਈ ਲਗਾਤਾਰ ਅਸਰਦਾਰ ਫੈਸਲੇ ਲੈ ਰਹੀ ਹੈ ਅਤੇ ਅਗਲੇ ਦਿਨਾਂ ਵਿੱਚ ਵੀ ਇਸੇ ਜ਼ਿੰਮੇਵਾਰੀ ਨਾਲ ਕੰਮ ਕੀਤਾ ਜਾਵੇਗਾ।

ਇਸ ਮੀਟਿੰਗ ਵਿੱਚ ਸਕੱਤਰ ਟਰਾਂਸਪੋਰਟ ਵਰੁਣ ਰੂਜ਼ਮ, ਸਟੇਟ ਟਰਾਂਸਪੋਰਟ ਕਮਿਸ਼ਨਰ ਜਸਪ੍ਰੀਤ ਸਿੰਘ, ਡਾਇਰੈਕਟਰ ਸਟੇਟ ਟਰਾਂਸਪੋਰਟ ਰਾਜੀਵ ਗੁਪਤਾ, ਵਿਸ਼ੇਸ਼ ਸਕੱਤਰ ਪ੍ਰਸੋਨਲ ਉਪਕਾਰ ਸਿੰਘ ਅਤੇ ਡਿਪਟੀ ਸਕੱਤਰ ਵਿੱਤ ਜਤਿੰਦਰ ਕੁਮਾਰ ਤੋਂ ਇਲਾਵਾ ਟਰਾਂਸਪੋਰਟ ਵਿਭਾਗ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

## ਪੰਜਾਬ ਸਰਕਾਰ ਪਨਬੱਸ ਦੇ ਠੇਕਾ ਮੁਲਾਜ਼ਮਾਂ ਨੂੰ ਪੱਕੇ ਅਤੇ ਆਊਟਸੋਰਸ ਨੂੰ ਕੰਟਰੈਕਟ 'ਤੇ ਕਰਨ ਲਈ ਯਤਨਸ਼ੀਲ: ਭੁੱਲਰ

**ਏਜੰਸੀਆਂ**

ਚੰਡੀਗੜ੍ਹ 27 ਮਈ। ਪੰਜਾਬ ਸਰਕਾਰ ਪਨਬੱਸ 'ਚ ਕੰਟਰੈਕਟ 'ਤੇ ਕੰਮ ਕਰਦੇ ਕਰਮਚਾਰੀਆਂ ਨੂੰ ਪੱਕੇ ਅਤੇ ਆਊਟਸੋਰਸ 'ਤੇ ਕੰਮ ਕਰਦੇ ਕਰਮਚਾਰੀਆਂ ਨੂੰ ਕੰਟਰੈਕਟ 'ਤੇ ਕਰਨ ਲਈ ਯਤਨਸ਼ੀਲ ਹੈ।



ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸ਼ੁੱਕਰਵਾਰ ਨੂੰ ਇੱਥੇ ਪੰਜਾਬ ਸਿਵਲ ਸਕੱਤਰੇਤ ਵਿਖੇ ਵਿੱਤ ਤੇ ਪ੍ਰਸੋਨਲ ਵਿਭਾਗ ਦੇ ਅਧਿਕਾਰੀਆਂ ਨੂੰ ਕੰਟਰੈਕਟ ਅਤੇ ਆਊਟਸੋਰਸ ਦੋਵੇਂ ਵਰਗਾਂ ਦੇ ਕਰਮਚਾਰੀਆਂ ਦਾ ਕੇਸ ਹਮਦਰਦੀ ਨਾਲ ਵਿਚਾਰ ਕੇ ਉਨ੍ਹਾਂ ਦੇ ਹੱਕ 'ਚ ਤਿਆਰ ਕਰਨ ਲਈ ਕਿਹਾ। ਭੁੱਲਰ ਨੇ ਵਿਚਾਰ-ਵਟਾਂਦਰਾ ਕਰਨ ਮੌਕੇ ਕੰਟਰੈਕਟ ਤੇ ਆਊਟਸੋਰਸ ਕਰਮਚਾਰੀਆਂ ਨੂੰ ਛੇਤੀ ਪੱਕੇ ਤੇ ਕੰਟਰੈਕਟ 'ਤੇ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਇਕ ਸਾਫ-ਸੁਥਰੀ ਪ੍ਰਕਿਰਿਆ ਅਪਣਾ ਕੇ ਇਨ੍ਹਾਂ ਮੁਲਾਜ਼ਮਾਂ ਨੂੰ ਬਣਦਾ ਹੱਕ ਦਿੱਤਾ ਜਾਵੇ। ਭੁੱਲਰ ਨੇ ਕਿਹਾ ਕਿ ਸੂਬਾ ਸਰਕਾਰ ਮੁਲਾਜ਼ਮ ਯੂਨੀਅਨਾਂ ਵੱਲੋਂ ਸਮੇਂ-ਸਮੇਂ ਉਠਾਈਆਂ ਵੱਖ-ਵੱਖ ਮੰਗਾਂ ਨੂੰ ਗੰਭੀਰਤਾ ਨਾਲ ਹੱਲ ਕਰਨ ਲਈ ਯਤਨਸ਼ੀਲ ਹੈ। ਕੰਟਰੈਕਟ ਤੇ ਆਊਟਸੋਰਸ ਮੁਲਾਜ਼ਮ ਟਰਾਂਸਪੋਰਟ ਵਿਭਾਗ ਲਈ ਮਹੱਤਵਪੂਰਨ ਹਨ ਅਤੇ ਸਰਕਾਰ ਹਮੇਸ਼ਾ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਰਹੇਗੀ। ਸਰਕਾਰ ਮੁਲਾਜ਼ਮ ਭਲਾਈ ਲਈ ਲਗਾਤਾਰ ਅਸਰਦਾਰ ਫ਼ੈਸਲੇ ਲੈ ਰਹੀ ਹੈ ਤੇ ਅਗਲੇ ਦਿਨਾਂ 'ਚ ਵੀ ਇਸੇ ਜ਼ਿੰਮੇਵਾਰੀ ਨਾਲ ਕੰਮ ਕੀਤਾ ਜਾਵੇਗਾ। ਇਸ ਮੀਟਿੰਗ 'ਚ ਸਕੱਤਰ ਟਰਾਂਸਪੋਰਟ ਵਰੁਣ ਰੂਜ਼ਮ, ਸਟੇਟ ਟਰਾਂਸਪੋਰਟ ਕਮਿਸ਼ਨਰ ਜਸਪ੍ਰੀਤ ਸਿੰਘ, ਡਾਇਰੈਕਟਰ ਸਟੇਟ ਟਰਾਂਸਪੋਰਟ ਰਾਜੀਵ ਗੁਪਤਾ, ਵਿਸ਼ੇਸ਼ ਸਕੱਤਰ ਪ੍ਰਸੋਨਲ ਉਪਕਾਰ ਸਿੰਘ ਤੇ ਡਿਪਟੀ ਸਕੱਤਰ ਵਿੱਤ ਜਤਿੰਦਰ ਕੁਮਾਰ ਤੋਂ ਇਲਾਵਾ ਟਰਾਂਸਪੋਰਟ ਵਿਭਾਗ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

# ਦੀਨਾਨਗਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੂੰ ਲੈ ਕੇ ਪ੍ਰਸ਼ਾਸਨ ਅਤੇ ਲੋਕ ਹੋਏ ਆਹਮੋ ਸਾਹਮਣੇ

**ਸਰਦੂਲ ਸਿੰਘ**

ਦੀਨਾਨਗਰ 27 ਮਈ। ਦੀਨਾਨਗਰ ਜੋ ਕਿ ਮਹਾਰਾਜਾ ਰਣਜੀਤ ਸਿੰਘ ਸਿੰਘ ਦੇ ਸ਼ਾਸਨ ਕਾਲ ਦੌਰਾਨ ਉਨ੍ਹਾਂ ਦੀ ਗਰਮੀਆਂ ਦੀ ਰਾਜਧਾਨੀ ਹੋਇਆ ਕਰਦਾ ਸੀ।ਇਸ ਸ਼ਹਿਰ ਵਿਚ ਵਿਰਾਸਤੀ ਮੰਚ ਬਟਾਲਾ ਵਲੋਂ ਤਿਆਰ ਕਰਵਾਏ ਗਏ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੂੰ ਸਥਾਪਿਤ ਕਰਨ ਲਈ ਭਾਰੀ ਜਦੋਂ ਜਹਿਦ ਕਰਨੀ ਪੈ ਰਹੀ ਸੀ ਪਰ ਅੱਜ ਇਲਾਕੇ ਦੀ ਸੰਗਤ ਨੇ ਪ੍ਰਸ਼ਾਸਨ ਪੁਲਸ ਅਧਿਕਾਰੀਆਂ ਦੇ ਵਿਰੋਧ ਤੋਂ ਬਾਆਦ ਵੀ ਬੁੱਤ ਨੂੰ ਸਥਾਪਿਤ ਕਰ ਦਿੱਤਾ ਗਿਆ। ਬੀਤੇ ਦਿਨੀਂ ਇਸ ਬੁੱਤ ਨੂੰ ਘਰੋਟਾ ਮੋੜ ਤੋਂ ਅੱਗੇ ਬਾਈ ਪਾਸ ਤੇ ਚੌਂਕ ਵਿੱਚ ਸਥਾਪਿਤ ਕਰਨ ਦਾ ਕੰਮ ਇਲਾਕੇ ਦੀ ਸੰਗਤ ਵਲੋਂ ਸੀਨੀਅਰ ਅਕਾਲੀ ਆਗੂ ਜੱਥੇਦਾਰ ਨਰਿੰਦਰ ਸਿੰਘ ਬਾੜਾ ਦੀ ਅਗਵਾਈ ਵਿਚ ਆਰੰਭਿਆ ਗਿਆ ਸੀ ਜਿਸ ਨੂੰ ਪਠਾਨਕੋਟ ਦੇ ਪ੍ਰਸ਼ਾਸਨ ਦੇ ਅਧਿਕਾਰੀਆਂ ਤੋਂ ਮਨਜ਼ੂਰੀ ਨਾਂ ਲੈਣ ਕਾਰਨ ਰੋਕ ਦਿੱਤਾ ਗਿਆ ਤੇ ਉਸ ਤੋਂ ਬਾਦ ਵਿਰਾਸਤੀ ਮੰਚ ਬਟਾਲਾ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਵਲੋਂ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂ ਚੱਕ ਅਤੇ ਪਠਾਨਕੋਟ ਦੇ ਡਿਪਟੀ ਕਮਿਸ਼ਨਰ ਤੇ ਹੋਰ ਉੱਚ ਅਧਿਕਾਰੀਆਂ ਤੱਕ ਇਸ ਬੁੱਤ ਨੂੰ ਸਥਾਪਿਤ ਕੀਤੇ ਜਾਣ ਦੀ ਮਨਜ਼ੂਰੀ ਦਿੱਤੇ ਜਾਣ ਸਬੰਧੀ ਗੱਲਬਾਤ ਆਰੰਭੀ ਗਈ। ਅੱਜ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਿਰਾਸਤੀ ਮੰਚ ਬਟਾਲਾ ਵਲੋਂ ਸਾਂਝੇ ਤੌਰ ਤੇ ਚੌਂਕ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਸਥਾਪਿਤ ਕੀਤੇ ਜਾਣ ਦਾ ਕੰਮ ਆਰੰਭਿਆ ਕਰ ਦਿੱਤਾ ਗਿਆ ਪਰ ਕੁਝ ਹੀ ਸਮੇਂ ਬਾਆਦ ਪੁਲਸ ਦੇ ਅਧਿਕਾਰੀਆਂ ਨੇ ਮੌਕੇ ਤੇ ਪਹੁੰਚ ਕੇ ਫੇਰ ਤੋਂ ਕੰਮ ਨੂੰ ਰੋਕੇ ਜਾਣ ਦਾ ਫੁਰਮਾਨ ਸੁਣਾ ਦਿੱਤਾ। ਪੁਲਸ ਅਧਿਕਾਰੀਆਂ ਨਾਲ ਚੱਲ ਰਹੀ ਗੱਲਬਾਤ ਦੇ ਦੌਰਾਨ



ਸਾਬਕਾ ਕੈਬਨਿਟ ਮੰਤਰੀ ਪੰਜਾਬ ਸੁੱਚਾ ਸਿੰਘ ਲੰਗਾਹ ਵੀ ਆਪਣੇ ਸਾਥੀਆਂ ਨਾਲ ਮੌਕੇ ਤੇ ਪਹੁੰਚ ਗਏ ਤੇ ਉਨ੍ਹਾਂ ਦੀ ਪੁਲਸ ਅਧਿਕਾਰੀਆਂ ਗੱਲਬਾਤ ਹੋਈ ਪਰ ਇਸ ਦਾ ਕੋਈ ਵੀ ਸਿੱਟਾ ਨਾਂ ਨਿਕਲਣ ਤੇ ਮੌਕੇ ਤੇ ਪਹੁੰਚੇ ਲੋਕਾਂ ਵਲੋਂ ਟਰੈਕਟਰ ਟਰਾਲੀ ਤੇ ਲਿਆਂਦੇ ਗਏ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੂੰ ਜ਼ਬਰਦਸਤੀ ਚੌਂਕ ਵਿਚ ਕੰਕਰੀਟ ਪਾ ਕੇ ਸਥਾਪਿਤ ਕਰ ਦਿੱਤਾ ਗਿਆ। ਜੱਥੇਦਾਰ ਸੁੱਚਾ ਸਿੰਘ ਲੰਗਾਹ ਨੇ ਇਸ ਮੌਕੇ ਆਪਣੇ ਸੰਬੋਧਨ ਵਿਚ ਕਿਹਾ ਕਿ ਦੀਨਾਨਗਰ ਮਹਾਰਾਜਾ ਰਣਜੀਤ ਸਿੰਘ ਦੀ ਗਰਮੀਆਂ ਦੀ ਰਾਜਧਾਨੀ ਰਿਹਾ ਹੈ ਤੇ ਇਸ ਖੇਤਰ ਵਿਚ ਉਨ੍ਹਾਂ ਦੇ ਬੁੱਤ ਨੂੰ ਸਥਾਪਿਤ ਕਰਨ ਲਈ ਇਲਾਕੇ ਦੇ ਲੋਕਾਂ ਨੂੰ ਕਾਫੀ ਜਦੋਂ ਜਹਿਦ ਕਰਨੀ ਪਈ ਜੋ ਕਿ ਬਹੁਤ ਦੁੱਖ ਦੀ ਗੱਲ ਹੈ। ਪਹਿਲਾਂ ਗੁਰਦਾਸਪੁਰ ਤੋਂ ਦੀਨਾਨਗਰ ਆਉਂਦੇ ਬਾਈ ਪਾਸ ਚੌਂਕ ਵਿੱਚ ਇਸ ਬੁੱਤ ਨੂੰ ਸਥਾਪਿਤ ਕੀਤੇ ਜਾਣ ਦੀ ਮਨਜ਼ੂਰੀ ਮਿਲੀ ਸੀ ਪਰ ਉਥੇ ਸਥਾਪਿਤ ਨਹੀਂ ਹੋ ਸਕਿਆ ਉਸ ਦੇ ਬਾਆਦ ਹੁਣ ਪ੍ਰਸ਼ਾਸਨ ਤੋਂ ਮਨਜ਼ੂਰੀ ਲੈਕੇ ਪ੍ਰਮਾਨੰਦ ਵਾਲੇ ਪਾਸੇ ਬਾਈ ਪਾਸ ਚੌਂਕ ਵਿੱਚ ਇਸ ਬੁੱਤ ਨੂੰ ਸਥਾਪਿਤ ਕੀਤਾ ਜਾ ਰਿਹਾ ਸੀ ਤਾਂ ਅੱਜ ਵੀ ਪੁਲਸ ਨੇ ਰੋਕ ਦਿੱਤਾ। ਉਨ੍ਹਾਂ ਕਿਹਾ ਕਿ ਬੁੱਤ ਲਗਾਉਣ ਤੋਂ ਰੋਕਣ ਵਾਲੇ ਨੇਤਾ ਸਾਹਮਣੇ ਆਕੇ ਗੱਲ ਕਰਨ ਉਨ੍ਹਾਂ ਐਲਾਨ ਕੀਤਾ ਕਿ ਇਸ ਬੁੱਤ ਵਾਲੀ ਥਾਂ ਤੇ ਛੇਤੀ ਹੀ ਇੱਕ ਵੱਡੀ ਕਾਨਫਰੰਸ ਕਰਵਾਈ ਜਾਵੇਗੀ। ਅੱਜ ਇਲਾਕੇ ਦੀ ਸੰਗਤ ਨੇ ਬੁੱਤ ਨੂੰ ਸਥਾਪਿਤ ਕਰਕੇ ਉਸ ਤੇ ਕੰਕਰੀਟ ਪਾਉਣ ਦਾ ਕੰਮ ਵੀ ਕਰ ਦਿੱਤਾ। ਇਸ ਮੌਕੇ ਵਿਰਾਸਤੀ ਮੰਚ ਬਟਾਲਾ ਦੇ ਪ੍ਰਧਾਨ ਬਲਦੇਵ ਸਿੰਘ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਨਰਿੰਦਰ ਸਿੰਘ ਬਾੜਾ ਨੇ ਦਸਿਆ ਕਿ ਇਸ ਬੁੱਤ ਨੂੰ ਸਥਾਪਿਤ ਕਰਨ ਲਈ ਉਨ੍ਹਾਂ ਨੇ ਪਠਾਨਕੋਟ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂ ਚੱਕ ਤੋਂ ਮਨਜ਼ੂਰੀ ਲਈ ਇਸਦੇ ਬਾਆਲ ਪ੍ਰਸ਼ਾਸਨ ਦੇ ਸਾਰੇ ਅਧਿਕਾਰੀਆਂ ਤੋਂ ਵਰਬਲੀ ਮਨਜ਼ੂਰੀ ਲੈਣ ਦੇ ਬਾਆਦ ਹੀ ਅੱਜ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪਠਾਨਕੋਟ ਦੇ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਸੋਮਵਾਰ ਨੂੰ ਮੀਟਿੰਗ ਕਰਨ ਲਈ ਬੁਲਾਇਆ ਹੈ ਜਿੱਥੇ ਅਸੀਂ ਅਧਿਕਾਰੀਆਂ ਨਾਲ ਇਸ ਸਬੰਧੀ ਗੱਲਬਾਤ ਕੀਤੀ ਜਾਵੇਗੀ।

## ਔਰਤਾਂ ਲਈ ਵੱਡੀ ਖ਼ੁਸ਼ਖ਼ਬਰੀ ! ਸਰਕਾਰ ਨੇ ਮੁਆਫ਼ ਕਰ'ਤਾ ਕਰੋੜਾਂ ਦਾ ਕਰਜ਼ਾ

ਚੰਡੀਗੜ੍ਹ 27 ਮਈ। ਨਾਇਬ ਸੈਣੀ ਦੀ ਸਰਕਾਰ ਨੇ ਹਰਿਆਣਾ ਦੀਆਂ ਔਰਤਾਂ ਨੂੰ ਇਕ ਖਾਸ ਤੋਹਫ਼ਾ ਦਿੱਤਾ ਹੈ। ਸੂਬਾ ਸਰਕਾਰ ਨੇ 7,305 ਔਰਤਾਂ ਨੂੰ ਰਾਹਤ ਪ੍ਰਦਾਨ ਕੀਤੀ ਹੈ ਜਿਨ੍ਹਾਂ ਨੇ ਸਵੈ-ਰੁਜ਼ਗਾਰ ਲਈ ਹਰਿਆਣਾ ਮਹਿਲਾ ਵਿਕਾਸ ਨਿਗਮ ਤੋਂ ਕਰਜ਼ਾ ਲਿਆ ਸੀ ਅਤੇ ਜੋ ਕੁਝ ਕਾਰਨਾਂ ਕਰਕੇ ਕਰਜ਼ਾ ਵਾਪਸ ਨਹੀਂ ਕਰ ਸਕੀਆਂ। ਉਨ੍ਹਾਂ 'ਤੇ 6 ਕਰੋੜ 63 ਲੱਖ ਰੁਪਏ ਦੀ ਬਕਾਇਆ ਰਕਮ ਮੁਆਫ਼ ਕਰ ਦਿੱਤੀ ਗਈ ਹੈ। ਇਸ 'ਚ 3 ਕਰੋੜ 82 ਲੱਖ ਰੁਪਏ ਦੀ ਮੂਲ ਰਕਮ ਅਤੇ 2 ਕਰੋੜ 81 ਲੱਖ ਰੁਪਏ ਦੀ ਵਿਆਜ ਰਕਮ ਸ਼ਾਮਲ ਹੈ। ਇਹ ਰਕਮ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਅਦਾ ਕੀਤੀ ਜਾਵੇਗੀ ਤਾਂ ਜੋ ਨਿਗਮ ਨੂੰ ਵਿੱਤੀ ਬੋਝ ਤੋਂ ਬਚਾਇਆ ਜਾ ਸਕੇ। ਮਹਿਲਾ ਅਤੇ ਵਿਕਾਸ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ ਵੱਲੋਂ ਜਾਰੀ ਹੁਕਮਾਂ ਅਨੁਸਾਰ 30 ਜੂਨ 2024 ਤੱਕ ਬਕਾਇਆ ਰਕਮ ਨਾ ਮੋੜ ਸਕਣ ਵਾਲੀਆਂ ਔਰਤਾਂ ਦੀ ਰਕਮ ਅਤੇ



ਵਿਆਜ ਮੁਆਫ਼ ਕੀਤਾ ਗਿਆ ਹੈ। ਮਹਿਲਾ ਵਿਕਾਸ ਨਿਗਮ ਵਲੋਂ ਪੇਂਡੂ ਅਤੇ ਸ਼ਹਿਰੀ ਖੇਤਰਾਂ ਚ ਔਰਤਾਂ ਨੂੰ ਆਤਮਨਿਰਭਰ ਬਣਾਉਣ ਲਈ ਵਿਅਕਤੀਗਤ ਕਰਜ਼ਾ ਯੋਜਨਾ ਦੇ ਅਧੀਨ ਇਕ ਲੱਖ 50 ਹਜ਼ਾਰ ਰੁਪਏ ਤੱਕ ਦਾ ਕਰਜ਼ ਦਿੱਤਾ ਜਾਂਦਾ ਹੈ। ਉਹ ਔਰਤਾਂ, ਜਿਨ੍ਹਾਂ ਦੀ ਸਾਲਾਨਾ ਆਮਦਨ 1.8 ਲੱਖ ਰੁਪਏ ਤੋਂ ਵੱਧ ਨਹੀਂ ਹੈ ਅਤੇ ਉਨ੍ਹਾਂ ਦੇ ਪਰਿਵਾਰ ਦਾ ਕੋਈ ਵੀ ਮੈਂਬਰ ਇਨਕਮ ਟੈਕਸ ਦਾਤਾ ਨਹੀਂ ਹੈ, ਉਹ ਸਿਲਾਈ, ਕਢਾਈ, ਕਰਿਆਨੇ, ਪੈਸਾ ਕਮਾਉਣ, ਤਿਆਰ ਕੱਪੜੇ, ਕੱਪੜੇ ਦੀ ਦੁਕਾਨ, ਸਟੇਸ਼ਨਰੀ, ਬੁਟੀਕ ਅਤੇ ਜਨਰਲ ਸਟੋਰ ਸਮੇਤ ਹੋਰ ਕੰਮਾਂ ਲਈ ਇਸ ਯੋਜਨਾ ਦਾ ਲਾਭ ਲੈ ਸਕਦੀਆਂ ਹਨ। ਕਰਜ਼ੇ 'ਤੇ, ਮਹਿਲਾ ਵਿਕਾਸ ਨਿਗਮ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ 25,000 ਅਤੇ ਵੱਧ ਰੁਪਏ ਹੋਰ ਸ਼੍ਰੇਣੀਆਂ ਦੀਆਂ ਔਰਤਾਂ ਨੂੰ 10,000 ਰੁਪਏ ਦੀ ਗ੍ਰਾਂਟ ਦਿੱਤੀ ਜਾਂਦੀ ਹੈ, ਜਦੋਂ ਕਿ ਬਾਕੀ ਰਕਮ ਸਹਿਕਾਰੀ ਬੈਂਕਾਂ ਤੋਂ ਦਿਵਾਈ ਜਾਂਦੀ ਹੈ।

## ਡੀ. ਸੀ. ਪੀ. ਭੰਡਾਲ ਵੱਲੋਂ ਭਾਰੀ ਪੁਲਸ ਦਲ ਸਮੇਤ ਕੇਂਦਰੀ ਜੇਲ੍ਹ ਲੁਧਿਆਣਾ ਦੀ ਅਚਨਚੇਤ ਚੈਕਿੰਗ

**ਕਿਸ਼ਨ ਪਾਲ**


ਲੁਧਿਆਣਾ 27 ਮਈ। ਪੰਜਾਬ ਸਰਕਾਰ ਅਤੇ ਉਚ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ ਤੇ ਡੀ. ਸੀ. ਪੀ. ਲਾਅ ਐਂਡ ਆਰਡਰ ਅਤੇ ਟ?ਰੈਫਿਕ ਪ੍ਰਮਿੰਦਰ ਸਿੰਘ ਭੰਡਾਲ ਵੱਲੋਂ 400 ਦੇ ਕਰੀਬ ਪੁਲਸ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਦਲ ਨਾਲ ਕੇਂਦਰੀ ਜੇਲ੍ਹ ਤਾਜਪੁਰ ਰੋਡ ਲੁਧਿਆਣਾ ਵਿਖੇ 5 ਘੰਟੇ ਤੋਂ ਵੀ ਵੱਧ ਸਮਾਂ ਬਹੁਤ ਬਰੀਕੀ ਨਾਲ ਚੈਕਿੰਗ ਕੀਤੀ ਗਈ। ਇਸ ਸਮੇਂ ਉਨ੍ਹਾਂ ਨਾਲ ਕੇਂਦਰੀ ਜੇਲ੍ਹ ਸੁਪਰਡੈਂਟ ਸ਼ਿਵਰਾਜ ਸਿੰਘ ਵੀ ਹਾਜ਼ਰ ਸਨ। ਭੰਡਾਲ ਨੇ ਦੱਸਿਆ ਕਿ ਜੇਲ੍ਹ ਅੰਦਰ ਕਾਨੂੰਨ ਵਿਵਸਥਾ ਬਣਾਈ ਰੱਖਣ, ਨਸ਼ਿਆਂ ਤੇ ਰੋਕ ਲਗਾਉਣ ਅਤੇ ਹੋਰ ਕਈ ਪੱਖਾਂ ਨੂੰ ਸਾਹਮਣੇ ਰੱਖ ਕੇ ਚੈਕਿੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਪੂਰੀ ਤਰ੍ਹਾਂ ਗੁਪਤ ਅਤੇ ਅਚਨਚੇਤ ਸੀ ਤਾਂ ਕਿ ਮਾੜੇ ਅਨਸਰਾਂ ਨੂੰ ਬਚਣ ਦਾ ਕੋਈ ਮੌਕਾ ਨਾ ਮਿਲ ਸਕੇ। ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਪੁਰਸ਼ ਅਤੇ ਔਰਤ ਬੈਰਕਾਂ ਦੀ ਲੇਡੀਜ਼ ਫੋਰਸ ਵਲੋਂ ਕੀਤੀ ਗਈ ਹੈ। ਭੰਡਾਲ ਨੇ ਦੱਸਿਆ ਕਿ ਚੈਕਿੰਗ



ਦੌਰਾਨ ਭਾਵੇਂ ਕੋਈ ਗੈਰ ਕਾਨੂੰਨੀ ਵਸਤੂ ਜਾਂ ਨਸ਼ੀਲਾ ਪਦਾਰਥ ਬਰਾਮਦ ਨਹੀਂ ਹੋਇਆ ਹੈ ਪਰ ਇਸ ਤਰ੍ਹਾਂ ਦੀ ਅਚਨਚੇਤ ਚੈਕਿੰਗ ਦਾ ਅਪਰਾਧੀ ਬਿਰਤੀ ਦੇ ਵਿਅਕਤੀਆਂ ਦੇ ਅੰਦਰ ਡਰ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਉਹ ਅਪਰਾਧ ਕਰਨ ਤੋਂ ਗੁਰੇਜ਼ ਕਰਦੇ ਹਨ। ਉਨ੍ਹਾਂ ਭੈੜੇ ਅਨਸਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਅਚਨਚੇਤ ਚੈਕਿੰਗਾਂ ਥੋੜੇ ਥੋੜੇ ਵਕਫੇ ਬਾਅਦ ਲਗਾਤਾਰ ਕੀਤੀਆਂ ਜਾਣਗੀਆਂ ਤਾਂ ਜੋ ਜੇਲ੍ਹ ਨੂੰ ਅਸਲ ਸੁਧਾਰ ਘਰ ਬਣਾਇਆ ਜਾ ਸਕੇ। ਉਨ੍ਹਾਂ ਕੈਦੀਆਂ ਨੂੰ ਅਪੀਲ ਕੀਤੀ ਕਿ ਉਹ ਗੈਰ ਕਾਨੂੰਨੀ ਕੰਮਾਂ ਨੂੰ ਨਾ ਕਰਨ ਸਗੋਂ ਜੇਲ੍ਹ ਅੰਦਰ ਆਪਣੇ ਆਪ ਨੂੰ ਸੁਧਾਰਨ ਦਾ ਯਤਨ ਕਰਨ ਤਾਂ ਕਿ ਉਹ ਸਜ਼ਾ ਪੂਰੀ ਕਰਨ ਉਪਰੰਤ ਸਨਮਾਨ ਜਨਕ ਜ਼ਿੰਦਗੀ ਬਤੀਤ ਕਰ ਸਕਣ। ਇਸ ਮੌਕੇ ਉਨ੍ਹਾਂ ਨੇ ਜੇਲ੍ਹ ਦੀਆਂ ਬਾਹਰੀ ਦੀਵਾਰਾਂ, ਕੈਮਰਿਆਂ ਅਤੇ ਸੁਰੱਖਿਆ ਦਾ ਵੀ ਨਿਰੀਖਣ ਕੀਤਾ ਅਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਜੇਲ੍ਹ ਸੁਪਰਡੈਂਟ ਸ਼ਿਵਰਾਜ ਸਿੰਘ ਨੂੰ ਕੈਦੀਆਂ ਦੀ ਰੁਟੀਨ ਮੈਡੀਕਲ ਚੈੱਕਅਪ ਅਤੇ ਵਧੀਆ ਖਾਣਪੀਣ ਸਬੰਧੀ ਕੁੱਝ ਹਦਾਇਤਾਂ ਦਿੱਤੀਆਂ।

## ਪੁਰਾਣੀ ਪੈਨਸ਼ਨ ਨੂੰ ਲੈ ਕੇ ਪੰਜਾਬ ਸਰਕਾਰ ਦਾ ਵੱਡਾ ਫ਼ੈਸਲਾ, ਨੋਟੀਫਿਕੇਸ਼ਨ ਜਾਰੀ

ਚੰਡੀਗੜ੍ਹ 27 ਮਈ। ਪੰਜਾਬ ਸਰਕਾਰ ਨੇ ਵਿਸ਼ੇਸ਼ ਸਰਕਾਰੀ ਕਰਮਚਾਰੀਆਂ ਲਈ ਇਕ ਵੱਡਾ ਫ਼ੈਸਲਾ ਲੈਂਦੇ ਹੋਏ ਪੰਜਾਬ ਸਿਵਲ ਸੇਵਾਵਾਂ ਨਿਯਮਾਂ ਵਿਚ ਸੋਧ ਕੀਤੀ ਹੈ। ਇਸ ਸੋਧ ਅਧੀਨ ਕੁਝ ਵਿਸ਼ੇਸ਼ ਸ਼?ਰੇਣੀਆਂ ਦੇ ਕਰਮਚਾਰੀ ਜੋ 1 ਜਨਵਰੀ 2004 ਤੋਂ ਬਾਅਦ ਨਿਯਕੁਤ ਹੋਏ ਹਨ, ਹੁਣ ਪੁਰਾਣੀ ਪੈਨਸ਼ਨ ਸਕੀਮ (ਓ. ਪੀ. ਐੱਸ) ਚੁਣ ਸਕਣਗੇ। ਇਸ ਵਿਚ ਇਹ ਵੀ ਆਖਿਆ ਗਿਆ ਹੈ ਕਿ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਆਪਣੀ ਚੋਣ ਨਾ ਕਰਨ ਦੀ ਸਥਿਤੀ ਵਿਚ ਕਰਮਚਾਰੀ ਨੂੰ ਆਟੋਮੈਟਿਕ ਨਵੀਂ ਪੈਨਸ਼ਨ ਸਕੀਮ ਵਿਚ ਸ਼ਾਮਲ ਕਰ ਲਿਆ ਜਾਵੇਗਾ।




ਇਹ ਫ਼ੈਸਲਾ ਉਨ੍ਹਾਂ ਕਰਮਚਾਰੀਆਂ ਲਈ ਵੱਡੀ ਰਾਹਤ ਲੈ ਕੇ ਆ ਰਿਹਾ ਹੈ ਜੋ ਥੋੜ੍ਹੀ ਦੇਰੀ ਨਾਲ ਨਿਯੁਕਤ ਹੋਣ ਕਰਕੇ ਓ. ਪੀ. ਐੱਸ. ਤੋਂ ਵਾਂਝੇ ਰਹਿ ਗਏ ਸਨ। ਇਹ ਸੋਧ ਨੋਟੀਫਿਕੇਸ਼ਨ ਨੰਬਰ ਜੀ. ਐੱਸ. ਆਰ. ਅਤੇ 187/ਏ. ਐੱਮ. ਡੀ. (11)2025 ਰਾਹੀਂ 22 ਮਈ 2025 ਨੂੰ ਜਾਰੀ ਕੀਤਾ ਗਿਆ ਅਤੇ 23 ਮਈ 2025 ਨੂੰ ਪੰਜਾਬ ਸਰਕਾਰ ਦੇ ਗੈਜ਼ਟ (ਐਕਸਟਰਾ) ਵਿਚ ਪ੍ਰਕਾਸ਼ਿਤ ਕੀਤਾ ਹੈ। ਜੇਕਰ ਕਰਮਚਾਰੀ 1 ਜਨਵਰੀ 2004 ਤੋਂ ਬਾਅਦ ਨਿਯੁਕਤ ਹੋਏ ਹੋਣ ਪਰ ਭਰਤੀ ਦਾ ਇਸ਼ਤਿਹਾਰ 1 ਜਨਵਰੀ 2004 ਤੋਂ ਪਹਿਲਾਂ ਜਾਰੀ ਹੋਇਆ ਹੋਵੇ ਤਾਂ ਉਨ੍ਹਾਂ ਨੂੰ ਪੁਰਾਣੀ ਸਕੀਮ ਮਿਲੇਗੀ। ਦੂਸਰਾ ਹਮਦਰਦੀ ਆਧਾਰ 'ਤੇ ਨਿਯੁਕਤ ਕਰਮਚਾਰੀ, ਜਿਨ੍ਹਾਂ ਦੀ ਬੇਨਤੀ 1 ਜਨਵਰੀ 2004 ਤੋਂ ਪਹਿਲਾਂ ਮਿਲੀ ਸੀ ਅਤੇ ਜੋ ਯੋਗਤਾ ਪੂਰੀ ਕਰਦੇ ਸਨ, ਉਹ ਵੀ ਇਸ ਲਈ ਯੋਗ ਹਨ।

## ਸਰਹੱਦੀ ਖੇਤਰ ਦੇ ਪਿੰਡਾਂ 'ਚੋਂ ਚੋਰਾਂ ਨੇ ਇੱਕੋ ਰਾਤ 'ਚ ਕਈ ਟਿਊਵੈਬਲਾਂ ਤੋਂ ਮੋਟਰਾਂ ਕੀਤੀਆਂ ਚੋਰੀ

ਦੀਨਾਨਗਰ 27 ਮਈ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਪੁਲਸ ਸਟੇਸ਼ਨ ਦੌਰਾਂਗਲਾ ਦੇ ਇਲਾਕੇ ਅੰਦਰ ਨਿਤ ਦਿਨ ਹੋ ਰਹੀਆਂ ਚੋਰੀ ਦੀਆਂ ਘਟਨਾ ਕਾਰਨ ਲੋਕਾਂ ਵਿੱਚ ਚੋਰਾਂ ਦੀ ਦਹਿਸ਼ਤ ਵਾਲਾ ਮਾਹੌਲ ਪਾਇਆ ਜਾ ਰਿਹਾ ਹੈ। ਜਿਸ ਤਹਿਤ ਸਰਹੱਦੀ ਖੇਤਰ ਦੇ ਪਿੰਡ ਇਸਲਾਮਪੁਰ ਅਤੇ ਸੰਘੋਰ ਦੇ ਇਲਾਕੇ ਵਿੱਚ ਚੋਰਾਂ ਦੇ ਵੱਲੋਂ ਇੱਕ ਹੀ ਰਾਤ 'ਚ ਕਈ ਟਿਊਵੈਬਲਾਂ ਤੋਂ ਮੋਟਰਾਂ ਚੋਰੀ ਕਰਨ ਦੀ ਖ਼ਬਰ ਸਾਹਮਣੇ ਆਈ ਹੈ ਜਿਸ ਤੋਂ ਬਾਅਦ ਕਿਸਾਨ ਵਿਚ ਕਾਫੀ ਜ਼ਿਆਦਾ ਪ੍ਰੇਸ਼ਾਨੀ ਵਾਲੀ ਭਾਵਨਾ ਪਾਈ ਜਾ ਰਹੀ ਹੈ । ਇਸ ਮਾਮਲੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਬਲਕਾਰ ਸਿੰਘ,ਰੂਪ ਸਿੰਘ, ਦੀਵਾਨ ਸਿੰਘ ਵੱਸਣ ਸਿੰਘ ਨੇ ਦੱਸਿਆ ਕਿ ਜਦੋਂ ਉਹ ਆਪਣੇ ਖੇਤਾਂ'ਚ ਗੇੜਾ ਮਾਰਨ ਗਏ ਤਾਂ ਉਸ ਵੇਲੇ ਦੇਖਿਆ ਤਾਂ ਖੇਤਾਂ ਵਿਚ ਟਿਊਵੈਬਲਾਂ ਤੋਂ ਮੋਟਰਾਂ ਚੋਰੀ ਹੋ ਚੁੱਕੀਆਂ ਸਨ। ਇਸ ਬਾਰੇ ਥਾਣਾ ਦੌਰਾਗਲਾ ਵਿਖੇ ਸੂਚਨਾ ਦੇ ਦਿੱਤੀ ਗਈ ਹੈ। ਇਨ੍ਹਾਂ ਦੇ ਘਰ ਇਲਾਕਾ ਵਾਸੀਆਂ ਨੇ ਪੁਲਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਕੋਲੋਂ ਮੰਗ ਕੀਤੀ ਹੈ ਕਿ ਇਲਾਕੇ ਅੰਦਰ ਪੁਲਸ ਦੀ ਗਸਤ ਵਧਾਈ ਜਾਵੇ ਤਾਂ ਕਿ ਨਿੱਤ ਦਿਨ ਹੋ ਰਹੀਆਂ ਚੋਰੀ ਦੀਆਂ ਘਟਨਾ ਨੂੰ ਨੱਥ ਪਾਈ ਜਾ ਸਕੇ ।

## ਚੱਲਦੇ ਪੇਪਰ 'ਚ ਗੁੱਲ ਹੋ ਗਈ ਬੱਤੀ ! ਵਿਦਿਆਰਥੀਆਂ ਨੇ 'ਮੋਬਾਈਲ' ਦੀ ਲਾਈਟ 'ਚ ਦਿੱਤੀ ਪ੍ਰੀਖਿਆ

ਨੈਸ਼ਨਲ ਡੈਸਕ 27 ਮਈ। ਬਿਹਾਰ ਦੇ ਬੇਤੀਆ 'ਚ ਸਥਿਤ ਇਕ ਨਾਮਵਰ ਕਾਲਜ 'ਚ ਗ੍ਰੈਜੂਏਸ਼ਨ ਮਿਡ-ਟਰਮ ਪ੍ਰੀਖਿਆ ਦੌਰਾਨ ਇਕ ਅਜਿਹਾ ਦ੍ਰਿਸ਼ ਦੇਖਣ ਨੂੰ ਮਿਲਿਆ ਜਿਸ ਨੇ ਸਿੱਖਿਆ ਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਪ੍ਰੀਖਿਆ ਹਾਲ 'ਚ ਬਿਜਲੀ ਨਾ ਹੋਣ ਕਾਰਨ ਵਿਦਿਆਰਥੀ ਮੋਬਾਈਲ ਟਾਰਚਾਂ ਦੀ ਵਰਤੋਂ ਕਰਕੇ ਆਪਣੀਆਂ ਕਾਪੀਆਂ 'ਤੇ ਉੱਤਰ ਲਿਖਦੇ ਨਜ਼ਰ ਆਏ। ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋਇਆ, ਜਿਸ ਤੋਂ ਬਾਅਦ ਹੰਗਾਮਾ ਹੋ ਗਿਆ। ਜਿਵੇਂ ਹੀ ਇਹ ਖ਼ਬਰ ਫੈਲੀ, ਇਲਾਕੇ ਦੀ ਵਿਧਾਇਕਾ ਰਸ਼ਮੀ ਵਰਮਾ ਆਪਣੇ ਸਮਰਥਕਾਂ ਨਾਲ ਕਾਲਜ ਪਹੁੰਚ ਗਈ। ਹੈਰਾਨ ਕਰਨ ਵਾਲੀ ਗੱਲ ਇਹ ਸੀ ਕਿ ਉਨ੍ਹਾਂ ਦੇ ਸਾਹਮਣੇ ਵੀ ਵਿਦਿਆਰਥੀ ਮੋਬਾਈਲ ਫੋਨ ਦੀ ਰੌਸ਼ਨੀ 'ਚ ਪ੍ਰੀਖਿਆ ਦੇ ਰਹੇ ਸਨ। ਇਹ ਸਥਿਤੀ ਦੇਖ ਕੇ ਵਿਧਾਇਕ ਗੁੱਸੇ 'ਚ ਆ ਗਏ। ਉਨ੍ਹਾਂ ਕਿਹਾ,"ਜਿਸ ਕਾਲਜ ਦੀ ਨੀਂਹ ਮੇਰੇ ਪੂਰਵਜਾਂ ਨੇ ਰੱਖੀ ਸੀ, ਅੱਜ ਉਹੀ ਹਨ੍ਹੇਰੇ 'ਚ ਡੁੱਬਿਆ ਹੋਇਆ ਹੈ। ਇਹ ਸਿਰਫ਼ ਬਿਜਲੀ ਦੀ ਨਹੀਂ, ਸਗੋਂ ਸਿਸਟਮ ਦੀ ਵੀ ਅਸਫ਼ਲਤਾ ਹੈ। ਵਿਧਾਇਕ ਨੇ ਕਾਲਜ ਪ੍ਰਸ਼ਾਸਨ 'ਤੇ ਗੰਭੀਰ ਦੋਸ਼ ਲਗਾਏ ਅਤੇ ਕਿਹਾ ਕਿ ਕਾਲਜ 'ਚ ਜਰਨੇਟਰ ਦੀ ਵਿਵਸਥਾ ਹੋਣ ਦੇ ਬਾਵਜੂਦ ਉਹ ਨੂੰ ਚਾਲੂ ਨਹੀਂ ਕੀਤਾ ਗਿਆ। ਉਨ੍ਹਾਂ ਸਵਾਲ ਚੁੱਕਿਆ ਕਿ ਆਖ਼ਰ ਜਦੋਂ ਬਿਜਲੀ ਨਹੀਂ ਸੀ ਤਾਂ ਜਨਰੇਟਰ ਕਿਉਂ ਨਹੀਂ ਚਲਵਾਇਆ ਗਿਆ ਪਰ ਮੌਕੇ 'ਤੇ ਕੋਈ ਵੀ ਸੰਤੋਸ਼ਜਨਕ ਜਵਾਬ ਦੇਣ ਵਾਲਾ ਨਹੀਂ ਸੀ। ਪ੍ਰੀਖਿਆ ਨਿਯਮਾਂ ਅਨੁਸਾਰ ਮੋਬਾਇਲ ਫੋਨ ਲਿਜਾਉਣਾ ਅਤੇ ਇਸਤੇਮਾਲ ਕਰਨਾ ਸਖ਼ਤ ਮਨ੍ਹਾ ਹੈ ਪਰ ਬਿਜਲੀ ਨਾ ਹੋਣ ਕਾਰਨ ਵਿਦਿਆਰਥੀ ਮੋਬਾਇਲ ਟਾਰਚ ਦੀ ਰੌਸ਼ਨੀ 'ਚ ਪ੍ਰੀਖਿਆ ਦੇਣ ਲਈ ਮਜ਼ਬੂਰ ਸਨ।

## ਰੇਲਗੱਡੀ ਰਾਹੀਂ ਯਾਤਰਾ ਕਰਨ ਵਾਲੇ ਸਾਵਧਾਨ !

ਨੈਸ਼ਨਲ ਡੈਸਕ 27 ਮਈ। ਕਸ਼ਮੀਰ ਵਾਦੀ 'ਚ ਬਿਨਾਂ ਟਿਕਟ ਯਾਤਰਾ ਕਰਨ ਵਾਲਿਆਂ ਦੀ ਹੁਣ ਖੈਰ ਨਹੀਂ ਹੈ। ਲੋਕਾਂ ਨੂੰ ਬਿਨਾਂ ਟਿਕਟ ਯਾਤਰਾ ਕਰਨ ਤੋਂ ਰੋਕਣ ਅਤੇ ਰੇਲਵੇ ਦੇ ਮਾਲੀਏ ਨੂੰ ਵਧਾਉਣ ਲਈ, ਜੰਮੂ ਡਿਵੀਜ਼ਨ ਦੇ ਉੱਤਰੀ ਰੇਲਵੇ ਨੇ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਕਾਰਨ ਬਾਰਾਮੂਲਾ ਤੋਂ ਸੰਗਲਦਾਨ ਰੇਲਵੇ ਸਟੇਸ਼ਨ ਤੱਕ ਸਰਪ੍ਰਾਈਜ਼ ਟਿਕਟਾਂ ਦੀ ਜਾਂਚ ਕੀਤੀ ਗਈ। ਜੰਮੂ ਡਿਵੀਜ਼ਨ ਦੇ ਸੀਨੀਅਰ ਡਿਵੀਜ਼ਨਲ ਕਮਰਸ਼ੀਅਲ ਮੈਨੇਜਰ ਉਚਿਤ ਸਿੰਘਲ ਨੇ ਕਿਹਾ ਕਿ ਸ਼੍ਰੀਨਗਰ ਦੇ ਮੁੱਖ ਖੇਤਰ ਪ੍ਰਬੰਧਕ ਆਦਿਲ ਹੁਸੈਨ ਤੇ ਉਨ੍ਹਾਂ ਦੀ ਟੀਮ ਨੇ ਜਾਂਚ ਦੀ ਅਗਵਾਈ ਕੀਤੀ। ਇਸ ਟੀਮ 'ਚ ਤਾਰਿਕ ਅਹਿਮਦ, ਫਿਰੋਜ਼ ਅਹਿਮਦ ਖਾਨ ਅਤੇ ਨੁਸਰਤ ਕਯੂਮ ਵੀ ਸ਼ਾਮਲ ਸਨ। ਇਸ ਮੁਹਿੰਮ ਦੌਰਾਨ 64652 (ਬਾਰਾਮੂਲਾ-ਸੰਗਲਦਾਨ ਮੇਮੂ) ਟ?ਰੇਨ 'ਚ ਟਿਕਟਾਂ ਦੀ ਜਾਂਚ ਕੀਤੀ ਗਈ। । ਜਾਂਚ ਦੌਰਾਨ ਬਿਨਾਂ ਟਿਕਟ ਯਾਤਰਾ ਕਰਨ ਵਾਲੇ 23 ਲੋਕਾਂ ਵਿਰੁੱਧ ਕਾਰਵਾਈ ਕੀਤੀ ਗਈ ਤੇ ਉਨ੍ਹਾਂ ਤੋਂ ਕੁੱਲ 6,520 ਰੁਪਏ ਦਾ ਜੁਰਮਾਨਾ ਵਸੂਲਿਆ ਗਿਆ। ਉਚਿਤ ਸਿੰਘਲ ਨੇ ਟੀਮ ਦੇ ਕੰਮ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਹ ਮੁਹਿੰਮ ਬਿਨਾਂ ਟਿਕਟ ਯਾਤਰਾ ਨੂੰ ਰੋਕਣ ਲਈ ਪੂਰੇ ਖੇਤਰ 'ਚ ਚਲਾਈਆਂ ਜਾ ਰਹੀਆਂ ਕਈ ਮੁਹਿੰਮਾਂ ਵਿੱਚੋਂ ਇੱਕ ਹੈ। ਉਨ੍ਹਾਂ ਕਿਹਾ ਕਿ ਬਿਨਾਂ ਟਿਕਟ ਯਾਤਰਾ ਕਰਨਾ ਨਾ ਸਿਰਫ਼ ਆਰਥਿਕ ਅਪਰਾਧ ਹੈ, ਸਗੋਂ ਇਹ ਦੇਸ਼ ਦੀ ਸੁਰੱਖਿਆ ਅਤੇ ਰੇਲਵੇ ਯਾਤਰੀਆਂ ਦੀ ਸੁਰੱਖਿਆ ਲਈ ਵੀ ਖ਼ਤਰਾ ਹੈ।

## ਸਿਵਲ ਹਸਪਤਾਲ 'ਚ ਲੰਬੀਆਂ ਲਾਈਨਾਂ, ਨਹੀਂ ਮਿਲ ਰਹੀਆਂ ਓਪੀਡੀ ਸਲਿੱਪਾਂ ; ਮਰੀਜ਼ ਪਰੇਸ਼ਾਨ

**ਏਜੰਸੀਆਂ**

ਚਰਖੀ ਦਾਦਰੀ 27 ਮਈ। ਜ਼ਿਲ੍ਹੇ ਦੇ ਇੱਕੋ-ਇੱਕ ਆਧੁਨਿਕ ਸਿਵਲ ਹਸਪਤਾਲ 'ਚ ਹੌਟ ਲਾਈਨ, ਸੋਲਰ ਸਿਸਟਮ ਅਤੇ ਜਨਰੇਟਰ ਦੀ ਮੌਜੂਦਗੀ ਦੇ ਬਾਵਜੂਦ, ਗਰਮੀਆਂ ਦੇ ਮੌਸਮ 'ਚ ਵਾਰ-ਵਾਰ ਬਿਜਲੀ ਕੱਟਾਂ ਕਾਰਨ ਸਿਹਤ ਸੇਵਾਵਾਂ 'ਚ ਵਿਘਨ ਪੈ ਰਿਹਾ ਹੈ। ਗਰਮੀ 'ਚ ਘੰਟਿਆਂ ਬੱਧੀ ਕਤਾਰਾਂ 'ਚ ਖੜ੍ਹੇ ਰਹਿਣ ਤੋਂ ਬਾਅਦ ਵੀ ਮਰੀਜ਼ਾਂ ਨੂੰ ਓਪੀਡੀ ਸਲਿੱਪਾਂ ਨਹੀਂ ਮਿਲ ਰਹੀਆਂ। ਕਈ ਵਾਰ ਮਰੀਜ਼ਾਂ ਨੂੰ ਸਰਵਰ ਡਾਊਨ ਹੋਣ ਅਤੇ ਕਈ ਵਾਰ ਬਿਜਲੀ ਨਾ ਹੋਣ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ। ਹਾਲਾਤ ਅਜਿਹੇ ਹਨ ਕਿ ਮਰੀਜ਼ ਗਰਮੀ ਵਿੱਚ ਉਡੀਕ ਕਰਦੇ ਹੋਏ ਬੇਹੋਸ਼ ਹੋ ਰਹੇ ਹਨ ਅਤੇ ਡਿੱਗ ਰਹੇ ਹਨ। ਜ਼ਿਕਰਯੋਗ ਹੈ ਕਿ ਚਰਖੀ ਦਾਦਰੀ ਸਿਵਲ ਹਸਪਤਾਲ ਨੂੰ ਹੌਟ ਲਾਈਨ ਅਤੇ ਸੋਲਰ ਸਿਸਟਮ ਨਾਲ ਜੋੜਨ ਤੋਂ ਇਲਾਵਾ ਇੱਕ ਲੈਂਟਰ ਵੀ ਲਗਾਇਆ ਗਿਆ ਹੈ। ਇਸ ਦੇ ਬਾਵਜੂਦ ਹਸਪਤਾਲ ਆਉਣ ਵਾਲੇ ਮਰੀਜ਼ਾਂ ਨੂੰ ਹਰ ਰੋਜ਼ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸ਼ਨੀਵਾਰ ਨੂੰ ਹਸਪਤਾਲ ਪਹੁੰਚੇ ਮਰੀਜ਼ਾਂ ਨੂੰ ਬਿਜਲੀ ਦੀ ਘਾਟ ਕਾਰਨ ਅਤੇ ਬਾਅਦ ਵਿੱਚ ਨੁਸਖ਼ੇ ਵਾਲੀਆਂ ਦਵਾਈਆਂ ਲੈਣ ਲਈ ਸਰਵਰ ਦੇ ਕੰਮ ਨਾ ਕਰਨ ਕਾਰਨ ਘੰਟਿਆਂਬੱਧੀ ਕਤਾਰਾਂ ਵਿੱਚ ਇੰਤਜ਼ਾਰ ਕਰਨਾ ਪਿਆ। ਜਿਸ ਕਾਰਨ




ਉਸਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਹਸਪਤਾਲ ਪਹੁੰਚੇ ਸੁਮੇਰ ਸਿੰਘ, ਧਮਿੰਦਰ ਤੇ ਭਰਤ ਆਦਿ ਨੇ ਦੱਸਿਆ ਕਿ ਉਹ ਸਵੇਰੇ ਸਿਵਲ ਹਸਪਤਾਲ ਇਲਾਜ ਲਈ ਆਏ ਸਨ। ਪਹਿਲਾਂ ਲਗਭਗ ਤਿੰਨ ਘੰਟੇ ਬਿਜਲੀ ਕੱਟ ਕਾਰਨ ਸਲਿੱਪਾਂ ਜਾਰੀ ਨਹੀਂ ਕੀਤੀਆਂ ਜਾ ਸਕੀਆਂ, ਜਦੋਂ ਕਿ ਬਾਅਦ ਵਿੱਚ ਸਰਵਰ ਕੰਮ ਨਾ ਕਰਨ ਕਾਰਨ ਲੋਕਾਂ ਨੂੰ ਉਡੀਕ ਕਰਨੀ ਪਈ। ਲੋਕ ਗਰਮੀ ਤੋਂ ਪਰੇਸ਼ਾਨ ਹਨ। ਇੱਥੇ ਪੀਣ ਵਾਲੇ ਪਾਣੀ ਦਾ ਵੀ ਪ੍ਰਬੰਧ ਨਹੀਂ ਹੈ ਜਿਸ ਕਾਰਨ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਬਜ਼ੁਰਗਾਂ ਅਤੇ ਬੱਚਿਆਂ ਨੂੰ ਸਭ ਤੋਂ ਵੱਧ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ। ਬਜ਼ੁਰਗਾਂ ਨੂੰ ਗਰਮੀ 'ਚ ਚੱਕਰ ਵੀ ਆਉਣ ਲੱਗ ਪਏ ਪਰ ਇੱਥੇ ਉਨ੍ਹਾਂ ਦੀ ਗੱਲ ਸੁਣਨ ਵਾਲਾ ਕੋਈ ਨਹੀਂ ਹੈ। ਹਸਪਤਾਲ ਪਹੁੰਚੇ ਲੋਕਾਂ ਨੇ ਦੱਸਿਆ ਕਿ ਅਧਿਕਾਰੀ ਗਰਮੀਆਂ ਦੇ ਮੌਸਮ 'ਚ ਏਸੀ ਕਮਰਿਆਂ 'ਚ ਆਰਾਮ ਕਰ ਰਹੇ ਹਨ ਜਦੋਂ ਕਿ ਜਨਤਾ ਗਰਮੀਆਂ ਦੇ ਮੌਸਮ 'ਚ ਭੱਜ-ਦੌੜ ਕਰਨ ਲਈ ਮਜਬੂਰ ਹੈ। ਉਨ੍ਹਾਂ ਪ੍ਰਸ਼ਾਸਨ ਤੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਹਸਪਤਾਲ ਦੇ ਪ੍ਰਬੰਧਾਂ ਵੱਲ ਧਿਆਨ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਠੀਕ ਕੀਤਾ ਜਾਵੇ।

# ਸਿੱਖਿਆ ਮੰਤਰੀ ਨੇ ਪੰਜਾਬ ਦੇ ਸਕੂਲਾਂ ਨੂੰ ਲੈ ਕੇ ਕੀਤਾ ਵੱਡਾ ਐਲਾਨ

**ਏਜੰਸੀਆਂ**

ਚੰਡੀਗੜ੍ਹ/ਕੀਰਤਪੁਰ ਸਾਹਿਬ 27 ਮਈ। ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਹੂਲਤਾਂ ਪ੍ਰਦਾਨ ਕਰਨ ਲਈ ਸ਼ੁਰੂ ਕੀਤੀ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ੍ਰੀ ਅਨੰਦਪੁਰ ਸਾਹਿਬ ਹਲਕੇ ਦੇ ਸਰਕਾਰੀ ਸਕੂਲਾਂ ਵਿਚ 1.49 ਕਰੋੜ ਰੁਪਏ ਤੋਂ ਵੱਧ ਦੇ ਬੁਨਿਆਦੀ ਢਾਂਚਾ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਵਿਆਪਕ ਵਿਕਾਸ ਪ੍ਰੋਜੈਕਟ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਮਿਸਾਲੀ ਪਰਿਵਰਤਨ ਲਿਆਉਣਗੇ ਜੋ ਸੂਬੇ ਸਰਕਾਰ ਦੀ ਵਿਦਿਅਕ ਉੱਤਮਤਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੇ ਹਨ। ਇਸ ਮੌਕੇ ਸੰਬੋਧਨ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਇਸ ਵੇਲੇ ਕਰੋੜਾਂ ਰੁਪਏ ਦੇ ਵਿਕਾਸ ਪ੍ਰੋਜੈਕਟ ਪ੍ਰਗਤੀ ਅਧੀਨ ਹਨ ਅਤੇ ਇਹ ਜਲਦ ਹੀ ਮੁਕੰਮਲ ਕਰ ਲਏ ਜਾਣਗੇ। ਉਨ੍ਹਾਂ ਕਿਹਾ ਕਿ ਪੇਂਡੂ ਖੇਤਰ ਦੇ ਸਕੂਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਲਈ ਇਨ੍ਹਾਂ ਸਕੂਲਾਂ ਨੂੰ ਕਰੋੜਾਂ ਰੁਪਏ ਦੀਆਂ ਹੋਰ ਗ੍ਰਾਂਟਾਂ ਵੀ ਅਲਾਟ ਕੀਤੀਆਂ ਜਾਣਗੀਆਂ। ਉਨ੍ਹਾਂ ਨੇ ਪੀ.ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੱਸੇਵਾਲ ਵਿਚ 17 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ, ਜਦੋਂ ਕਿ ਸਰਕਾਰੀ ਪ੍ਰਾਇਮਰੀ ਸਕੂਲ, ਜੀਓਵਾਲ ਨੂੰ ਹੋਲਿਸਟਿਕ ਪਲਾਨ ਤਹਿਤ 40 ਲੱਖ ਰੁਪਏ ਪ੍ਰਾਪਤ ਹੋਏ, ਸਰਕਾਰੀ ਪ੍ਰਾਇਮਰੀ ਸਕੂਲ, ਮੱਸੇਵਾਲ ਦੀ 7.51 ਲੱਖ ਰੁਪਏ ਦੀ ਲਾਗਤ ਨਾਲ ਮੁਰੰਮਤ ਕੀਤੀ ਗਈ, ਸਰਕਾਰੀ ਪ੍ਰਾਇਮਰੀ ਸਕੂਲ, ਚੀਕਣਾ ਨੂੰ ਮੁਰੰਮਤ ਲਈ 7.64 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਬਰੂਵਾਲ ਨੂੰ ਮੁਰੰਮਤ ਲਈ 7.51 ਲੱਖ ਰੁਪਏ ਅਲਾਟ ਕੀਤੇ ਗਏ, ਸਰਕਾਰੀ ਪ੍ਰਾਇਮਰੀ ਸਕੂਲ, ਦਬੂੜ (ਲੋਅਰ) ਨੂੰ ਚਾਰਦੀਵਾਰੀ ਦੀ ਉਸਾਰੀ ਲਈ 18 ਲੱਖ ਰੁਪਏ ਅਤੇ ਮੁਰੰਮਤ ਲਈ 2.55 ਲੱਖ ਰੁਪਏ ਪ੍ਰਾਪਤ ਹੋਏ, ਸਰਕਾਰੀ ਪ੍ਰਾਇਮਰੀ ਸਕੂਲ, ਮਝੇੜ ਨੂੰ ਚਾਰਦੀਵਾਰੀ ਲਈ 60,000 ਰੁਪਏ ਅਤੇ ਮੁਰੰਮਤ ਲਈ 2.55 ਲੱਖ ਰੁਪਏ ਅਲਾਟ ਕੀਤੇ ਗਏ, ਸਰਕਾਰੀ ਪ੍ਰਾਇਮਰੀ ਸਕੂਲ, ਦਬੂੜ ਅੱਪਰ ਨੂੰ ਚਾਰਦੀਵਾਰੀ ਲਈ 2 ਲੱਖ ਰੁਪਏ ਅਤੇ ਮੁਰੰਮਤ ਲਈ 2.55 ਲੱਖ ਰੁਪਏ ਪ੍ਰਾਪਤ ਹੋਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ, ਮੋੜਾ ਨੂੰ ਚਾਰਦੀਵਾਰੀ ਦੀ ਉਸਾਰੀ ਲਈ 13.4 ਲੱਖ ਰੁਪਏ ਅਲਾਟ ਕੀਤੇ ਗਏ। ਇਸੇ ਤਰ੍ਹਾਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੱਸੇਵਾਲ ਦੇ ਵਿਆਪਕ ਨਵੀਨੀਕਰਨ 'ਤੇ 17 ਲੱਖ ਰੁਪਏ ਖਰਚ ਕੀਤੇ ਗਏ, ਜਦੋਂ ਕਿ ਸਰਕਾਰੀ ਮਿਡਲ ਸਕੂਲ, ਡਬੂੜ (ਲੋਅਰ) ਦੀ ਚਾਰਦੀਵਾਰੀ ਦੀ ਉਸਾਰੀ 'ਤੇ 9 ਲੱਖ ਰੁਪਏ ਖਰਚ ਕੀਤੇ ਗਏ। ਬੈਂਸ ਨੇ ਕਿਹਾ ਕਿ ਸਰਕਾਰੀ ਸਕੂਲ ਹੁਣ ਵਿਆਪਕ ਸਹੂਲਤਾਂ ਨਾਲ ਲੈਸ ਹਨ, ਜਿਨ੍ਹਾਂ ਵਿਚ ਸੁਰੱਖਿਆ ਗਾਰਡ, ਕੈਂਪਸ ਪ੍ਰਬੰਧਨ ਪ੍ਰਣਾਲੀਆਂ, ਆਵਾਜਾਈ ਸੇਵਾਵਾਂ, ਵਾਈ-ਫਾਈ ਕਨੈਕਟੀਵਿਟੀ, ਅਤਿ-ਆਧੁਨਿਕ ਸਾਇੰਸ ਲੈਬਾਂ, ਵਧੀਆ ਲਾਇਬ੍ਰੇਰੀਆਂ, ਆਧੁਨਿਕ ਫਰਨੀਚਰ, ਸਮਰਪਿਤ ਸਟਾਫ ਰੂਮ, ਵਿਸ਼ਾਲ



ਕਲਾਸਰੂਮ, ਪ੍ਰਬੰਧਕੀ ਦਫ਼ਤਰ, ਪਹੁੰਚਯੋਗਤਾ ਲਈ ਰੈਂਪ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਜੋ ਪਹਿਲਾਂ ਨਿੱਜੀ ਜਾਂ ਮਾਡਲ ਸਕੂਲਾਂ ਤੱਕ ਸੀਮਿਤ ਸਨ, ਹੁਣ ਉਹ ਸਹੂਲਤਾਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਉਪਲੱਬਧ ਹਨ ਜੋ ਸਰਕਾਰੀ ਅਤੇ ਪ੍ਰਾਈਵੇਟ ਸਿੱਖਿਆ ਵਿਚਕਾਰ ਪਾੜੇ ਨੂੰ ਪੂਰਦੀਆਂ ਹਨ। ਬੈਂਸ ਨੇ ਸਕੂਲ ਦੀ ਇਮਾਰਤ ਵਿਚ ਚੱਲ ਰਹੇ ਪ੍ਰੋਜੈਕਟਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਮੱਸੇਵਾਲ ਸਕੂਲ ਵਿਚ 312 ਲੜਕਿਆਂ ਦੇ ਮੁਕਾਬਲੇ 321 ਲੜਕੀਆਂ ਦੀ ਗਿਣਤੀ ਦਾ ਹਵਾਲਾ ਦਿੰਦਿਆਂ ਸਰਕਾਰੀ ਸਕੂਲਾਂ ਵਿਚ ਲੜਕੀਆਂ ਦੇ ਦਾਖਲੇ ਵਿਚ ਵਾਧੇ ਦੇ ਸਕਾਰਾਤਮਕ ਰੁਝਾਨ ਨੂੰ ਵੀ ਉਜਾਗਰ ਕੀਤਾ ਜੋ ਲਿੰਗ ਸਮਾਨਤਾ ਵਿਚ ਸੁਧਾਰ ਨੂੰ ਦਰਸਾਉਂਦਾ ਹੈ। ਬੈਂਸ ਨੇ ਕਿਹਾ ਕਿ ਲਖੇੜ ਵਿਚ 'ਸਕੂਲ ਆਫ਼ ਹੈਪੀਨੈੱਸ' ਸਥਾਪਿਤ ਕੀਤਾ ਜਾ ਰਿਹਾ ਹੈ ਜੋ ਕਿ ਚੰਗਰ ਖੇਤਰ ਦੇ ਬੱਚਿਆਂ ਨੂੰ ਦੂਰ ਦੁਰਾਂਡੇ ਜਾਏ ਬਿਨਾਂ ਮਿਆਰੀ ਸਿੱਖਿਆ ਪ੍ਰਦਾਨ ਕਰਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕੀਰਤਪੁਰ ਸਾਹਿਬ ਵਿਚ 12 ਕਰੋੜ ਰੁਪਏ ਦੀ ਲਾਗਤ ਨਾਲ 'ਸਕੂਲ ਆਫ਼ ਐਮੀਨੈਂਸ' ਬਣਾਇਆ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਤਾਰਾਪੁਰ ਤੋ ਮੱਸੇਵਾਲ ਤੱਕ ਸੁਚਾਰੂ ਆਵਾਜਾਈ ਲਈ 18 ਫੁੱਟ ਚੌੜੀ ਸੜਕ ਦਾ ਤੋਹਫਾ ਚੰਗਰ ਵਾਸੀਆਂ ਨੂੰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਤਾਰਾਪੁਰ ਤੋਂ ਸਮਲਾਹ ਤੱਕ ਸੜਕ ਦਾ ਨਿਰਮਾਣ ਤੇਜ਼ੀ ਨਾਲ ਪਹਿਲ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਹਲਕੇ ਵਿਚ ਕਈ ਸੜਕਾਂ ਦੀ ਮੁਰੰਮਤ ਅਤੇ ਚੌੜਾਈ ਜਲਦ ਹੀ ਸ਼ੁਰੂ ਹੋ ਜਾਵੇਗੀ।

## ਸਵੇਰੇ-ਸਵੇਰੇ ਪੰਜਾਬ 'ਚ ਹੋ ਗਿਆ ਵੱਡਾ ਐਨਕਾਊਂਟਰ ! ਪੁਲਸ ਤੇ ਗੈਂਗਸਟਰ ਵਿਚਾਲੇ ਚੱਲੀਆਂ ਤਾਬੜਤੋੜ ਗੋਲੀਆਂ

ਜਲੰਧਰ/ਆਦਮਪੁਰ 27 ਮਈ। ਪੰਜਾਬ ਦੇ ਜਲੰਧਰ ਜ਼ਿਲ੍ਹੇ ਤੋਂ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਸਵੇਰੇ-ਸਵੇਰੇ ਜਲੰਧਰ ਦਿਹਾਤ ਪੁਲਸ ਤੇ ਗੈਂਗਸਟਰ ਵਿਚਾਲੇ ਐਨਕਾਊਂਟਰ ਹੋ ਗਿਆ ਤੇ ਦੋਵਾਂ ਵਿਚਾਲੇ ਗੋਲ?ੀਆਂ ਚੱਲ ਗਈਆਂ। ਜਾਣਕਾਰੀ ਅਨੁਸਾਰ ਪੁਲਸ ਨੇ ਇਕ ਗੁਪਤ ਸੂਚਨਾ ਦੇ ਆਧਾਰ 'ਤੇ ਆਦਮਪੁਰ ਦੇ ਕਾਲਰਾ ਮੋੜ 'ਤੇ ਨਾਕਾ ਲਗਾਇਆ ਹੋਇਆ ਸੀ। ਇਸ ਦੌਰਾਨ ਨਾਕਾ ਲੱਗਾ ਦੇਖ ਕੇ ਬੋਲੈਰੋ ਪਿਕਅੱਪ 'ਚ ਸਵਾਰ ਨੌਜਵਾਨ ਨੇ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਤੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੀ ਪੁਲਸ ਟੀਮ 'ਤੇ ਗੋਲ?ੀਆਂ ਚਲਾ ਦਿੱਤੀਆਂ। ਜਵਾਬੀ ਕਾਰਵਾਈ ਕਰਦੇ ਹੋਏ ਡੀ.ਐੱਸ.ਪੀ. ਡਿਟੈਕਟਿਵ ਇੰਦਰਜੀਤ ਸਿੰਘ ਦੀ ਅਗਵਾਈ ਵਾਲੀ ਪੁਲਸ ਟੀਮ ਨੇ ਵੀ ਫਾਇਰਿੰਗ ਕਰ ਦਿੱਤੀ, ਜਿਸ ਦੌਰਾਨ ਇਕ ਗੋਲ?ੀ ਨੌਜਵਾਨ ਦੇ ਪੈਰ 'ਤੇ ਜਾ ਲੱਗੀ ਤੇ ਉਹ ਜ਼ਖ਼ਮੀ ਹੋ ਗਿਆ, ਜਿਸ ਮਗਰੋਂ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ। ਮੁਕਾਬਲੇ ਦੀ ਸੂਚਨਾ ਮਿਲਦੇ ਹੀ ਐੱਸ.ਐੱਸ.ਪੀ. ਹਰਵਿੰਦਰ ਸਿੰਘ ਵਿਰਕ ਵੀ ਮੌਕੇ 'ਤੇ ਪਹੁੰਚ ਗਏ ਹਨ ਤੇ ਮਾਮਲੇ ਦੀ ਛਾਣਬੀਣ ਕਰ ਰਹੇ ਹਨ। ਮੁਲਜ਼ਮ ਦੀ ਪਛਾਣ ਪਰਮਜੀਤ ਸਿੰਘ ਪੰਮਾ ਵਾਸੀ ਬਿੰਜੋ ਜ਼ਿਲ੍ਹਾ ਹੁਸ਼ਿਆਰਪੁਰ ਵਜੋਂ ਹੋਈ ਹੈ, ਜਿਸ ਦੇ ਖ਼?ਲਾਫ਼ ਪਹਿਲਾਂ ਹੀ 15 ਤੋਂ ਵੱਧ ਮਾਮਲੇ ਦਰਜ ਹਨ ਤੇ ਦੱਸਿਆ ਜਾ ਰਿਹਾ ਹੈ ਕਿ ਉਹ ਗੈਂਗਸਟਰ ਦਿਲਪ੍ਰੀਤ ਬਾਬਾ ਗੈਂਗ ਨਾਲ ਜੁੜਿਆ ਹੋਇਆ ਹੈ। ਪੁਲਸ ਨੇ ਉਸ ਕੋਲੋਂ ਮੌਕੇ ਤੋਂ 2 ਪਿਸਤੌਲ ਤੇ ਨਸ਼ੀਲਾ ਪਦਾਰਥ ਵੀ ਬਰਾਮਦ ਕੀਤਾ ਹੈ।